ਯੋਗ ਹੈ।

ਪਹਿਲੀ ਪਰਤ ਹੈ ਚਿੱਤਰ ਗੁਪਤ। ਚਿੱਤਰ, ਗੁਪਤ ਕੋਈ ਦੂਤ ਨਹੀਂ, ਬਲਕਿ ਸਾਡੇ ਹੀ ਅੰਤਸ਼ਕਰਨ ਦਾ ਉਹ ਚਿੱਤਰ ਹੈ, ਜਿਸ ਨੂੰ ਕੋਈ ਹੋਰ ਨਹੀਂ ਵੇਖ ਸਕਦਾ, ਉਹ ਗੁਪਤ ਹੀ ਹੈ ਤੇ ਆਪਣੇ ਆਪ ਹਰ ਘੜੀ ਬਣਦਾ ਰਹਿੰਦਾ ਹੈ। ਇਹ ਓਹੀ ਚਿੱਤਰ ਹੈ ਜੋ ਨਵੇਂ ਪੁਰਾਣੇ ਜਨਮਾਂ ਦੇ ਸੰਸਕਾਰ ਇਕੱਠੇ ਹੋ ਕੇ, ਮਨ ਦਾ ਰੂਪ ਬਣਦਾ ਹੈ। ਮਨ ਤਾਂ ਹੁਣ ਕਈ ਜਨਮਾਂ ਦੀ ਮੈਲ ਹੀ ਇਕੱਠੀ ਹੋ ਕੇ ਬਣਿਆ ਹੈ। ਮਨ ਅਨੁਸਾਰ ਮਨੁੱਖ ਨੇ ਕਰਮ ਕਰਨੇ ਹਨ। ਜੇ ਮਨ ਚੰਗਾ ਹੋਵੇਗਾ ਤਾਂ, ਸਰੀਰ ਚੰਗੇ ਕਰਮ ਕਰੇਗਾ। ਜੇ ਕਰਮ ਚੰਗੇ ਹੋਣਗੇ ਤਾਂ ਆਦਤ ਤੇ ਸੁਭਾਅ ਚੰਗਾ ਬਣੇਗਾ। ਜੇ ਆਦਤਾਂ ਤੇ ਸੁਭਾਅ ਚੰਗੇ ਹੋਏ ਤਾਂ ਸੰਸਕਾਰ ਚੰਗੇ ਬਣਨਗੇ। ਉਹ ਸੰਸਕਾਰ ਹੀ ਅਗੋਂ ਸਾਡੇ ਮਨ ਦੀ ਤਸਵੀਰ ਹੋਣਗੇ। ਉਹ ਤਸਵੀਰ ਹੀ ਸਾਡੀ ਗੁਪਤ ਚਿੱਤਰ ਹੋਵੇਗੀ। ਉਸ ਗੁਪਤ ਚਿੱਤਰ ਦੇ ਅਧਾਰ ਤੇ ਹੀ ਸਾਡਾ ਅਗਲਾ ਜਨਮ ਹੋਵੇਗਾ। ਚੰਗਾ ਜਾਂ ਮੰਦਾ ਜਨਮ ਸਾਡੇ ਮਨ ਦੀ ਤਸਵੀਰ ਤੇ ਨਿਰਭਰ ਕਰਦਾ ਹੈ। ਹੋਰ ਕੋਈ ਧਰਮਰਾਜ ਵੀ ਅਕਾਸ਼ ਵਿਚ ਨਹੀਂ ਰਹਿੰਦਾ। ਧਰਮਰਾਜ ਦਾ ਮਤਲਬ ਹੈ ਕਿ ਕਿਸੇ ਐਸੇ ਵਿਧੀ ਵਿਧਾਨ ਵਿਚ ਜੋ ਸਾਡਾ ਜੀਵਨ ਹੈ, ਉਹ ਚਲਦਾ ਹੈ ਅਤੇ ਕਿਸੇ ਮੰਜ਼ਿਲ ਤੇ ਸੰਪੂਰਨ ਹੁੰਦਾ ਹੈ। ਬ-ਮਰਿਆਦਾ ਉਸ ਮੰਜ਼ਿਲ ਤਕ ਪਹੁੰਚਣ ਦਾ ਨਾਮ ਹੀ ਧਰਮ ਹੈ, ਯਾਨੀ ਕਿ ਉਸ ਮੰਜ਼ਿਲ -ਏ- ਮਕਸੂਦ ਤਕ ਪਹੁੰਚਣ ਲਈ ਕੋਈ ਧਰਮ ਮਰਿਆਦਾ ਕੰਮ ਕਰਦੀ ਹੈ। ਉਸ ਮੰਜ਼ਿਲ ਦਾ ਨਾਮ ਸਚਖੰਡ (ਪ੍ਰਭੂ ਦੇ ਚਰਨਾਂ ਦੀ ਮੌਜ) ਹੈ।

ਇਸ ਲੇਖ ਦੀ ਇਕ ਪਰਤ ਇਹ ਹੈ ਕਿ ਜੇ ਤਾਂ ਚੰਗੇ ਮੰਦੇ ਕਰਮਾਂ ਤਕ ਗੱਲ ਸੀਮਿਤ ਹੈ ਤਾਂ ਧਰਮ ਰਾਜ ਹੀ ਫੈਸਲਾ ਕਰ ਦੇਂਦਾ ਹੈ ਕਿ ਇਸ ਨੂੰ ਦੁਬਾਰਾ ਜਨਮ ਲੈਣਾ ਪਵੇਗਾ। ਹਾਲੇ ਸੰਸਾਰ ਦੇ ਕਰਮਾਂ, ਦੁਕਰਮਾਂ ਤੇ ਸੁਕਰਮਾਂ ਦੇ ਸੰਸਕਾਰ ਮਿਟੇ ਨਹੀਂ ਹਨ। ਯਾਨੀ ਕਿ ਮਨ ਮਰਿਆ ਨਹੀਂ ਹੈ। ਇਕ ਵਾਰ ਹੋਰ ਜਨਮ ਮਿਲ ਜਾਂਦਾ ਹੈ। ਇਹ ਯਾਤਰਾ ਐਸੀ ਹੈ ਜਿਹੜੀ ਵਧ ਵੀ ਸਕਦੀ ਹੈ ਅਤੇ ਘਟ ਵੀ ਸਕਦੀ ਹੈ। ਕਿਉਂਕਿ ਜਨਮ ਸੰਸਕਾਰਾਂ ਤੇ ਮੁਨਸਰ ਹੈ ਕਿ ਜਨਮ ਪਛੜਿਆ ਹੋਇਆ ਮਿਲਦਾ ਹੈ ਕਿ ਅਗਾਂਹ ਵਧੂ ਜਨਮ ਮਿਲਦਾ ਹੈ। ਪਛੜਿਆ ਹੋਇਆ ਜਨਮ ਸਾਨੂੰ ਪਸ਼ੂਆਂ ਵਿਚ ਲੈ ਜਾ ਸਕਦਾ ਹੈ ਅਤੇ ਅਗਾਂਹ ਵਧੂ ਜਨਮ ਸਾਨੂੰ ਪਰਮਾਤਮਾ ਨਾਲ ਮਿਲਾ ਸਕਦਾ ਹੈ।

ਇਹ ਜੋ ਹਰੇਕ ਦੇ ਮਨ ਵਿਚ ਗੁਪਤ ਚਿੱਤਰ ਬਣਦਾ ਹੈ, ਨਾਮ ਅਭਿਆਸ ਦੁਆਰਾ, ਮਹਾਂਪੁਰਖ ਜਿਉਂਦੇ ਜੀਅ ਦੇਖ ਲੈਂਦੇ ਹਨ ਕਿ ਸਾਡੇ ਅੰਦਰਲੀ ਤਸਵੀਰ ਕੀ ਹੈ? ਕਪਿਲ ਮੁਨੀ ਨੇ ਆਪਣੇ ਅੰਦਰ ਦੇਖ ਕੇ ਹੀ ਆਪਣੇ ਚੇਲਿਆਂ ਨੂੰ ਕਿਹਾ ਸੀ ਕਿ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੇਰੇ ਅੰਦਰ ਹੁਣ ਸੰਸਾਰ ਦਾ ਕੋਈ ਬੰਧਨ

ਨਹੀਂ ਰਹਿ ਗਿਆ। ਮੈਂ ਆਪਣਾ ਸਾਰਾ ਲੇਖਾ ਧੋ ਲਿਆ ਹੈ। ਹੁਣ ਜਿਸ ਦਿਨ ਮੈਂ ਮਰਾਂਗਾ ਤਾਂ ਮੇਰੇ ਸਾਰੇ ਆਸ਼ਰਮ ਦੇ ਘੜਿਆਲ ਆਪਣੇ ਆਪ ਵੱਜ ਪੈਣਗੇ। ਫਿਰ ਉਹ ਘੜਿਆਲ ਹੀ ਮੇਰੇ ਮੁਕਤ ਹੋਣ ਦੀ ਨਿਸ਼ਾਨੀ ਹੋਣਗੇ। ਪਰ ਉਹ ਘੜਿਆਲ ਨਹੀਂ ਵੱਜੇ। ਕਿਉਂਕਿ ਕਪਿਲ ਮੁਨੀ ਨੂੰ ਇਕ ਹਿਰਨ ਦੇ ਬੱਚੇ ਦੇ ਮੋਹ ਨੇ ਬੰਧਨ ਪਾ ਲਿਆ ਸੀ। ਉਸ ਨੇ ਬਾਕੀ ਸਾਰੇ ਬੰਧਨ ਤੋੜ ਦਿੱਤੇ ਸਨ। ਬੱਸ! ਕੇਵਲ ਇਕ ਬੰਧਨ, ਮੋਹ ਦਾ ਰਹਿ ਗਿਆ, ਜਿਸ ਬਾਰੇ ਬੁੱਢੇ ਵਕਤ ਕਪਿਲ ਨੂੰ ਪਤਾ ਨਹੀਂ ਲਗ ਸਕਿਆ। ਇਹ ਬੰਧਨ ਕੇਵਲ ਸਾਡੇ ਨਵੇਂ ਪੁਰਾਣੇ ਜਨਮਾਂ ਦੇ ਕਰਮਾਂ ਤੋਂ ਤਿਆਰ ਹੋਏ ਸੰਸਕਾਰ ਹਨ, ਜੋ ਸਾਨੂੰ ਪ੍ਰਭੂ ਨਾਲ ਮਿਲਣ ਵਿਚ ਹਮੇਸ਼ਾ ਰੁਕਾਵਟ ਬਣੇ ਰਹਿੰਦੇ ਹਨ। ਇਹਨਾਂ ਕ੍ਰਿਤ ਕਰਮਾਂ ਦੇ ਬੰਧਨ ਤੋਂ ਛੁਟਕਾਰੇ ਲਈ ਹੀ ਇਹ ਅਰਦਾਸਾਂ ਕੀਤੀਆਂ ਜਾਂਦੀਆਂ ਹਨ ਕਿ:

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥ *(ਪੰਨਾ ੧੩੩)*
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥ *(ਪੰਨਾ ੧੩੫)*

ਗੋਰਖ ਨਾਥ ਦੇ ਜੀਵਨ ਬਾਰੇ ਇਕ ਕਥਾ ਹੈ ਕਿ ਉਹ ਆਪਣੇ ਸਿੱਖਾਂ (ਚੇਲਿਆਂ) ਨੂੰ ਸਭਾ ਵਿਚ ਬਿਠਾ ਕੇ ਕੋਈ ਉਪਦੇਸ਼ ਕਰ ਰਿਹਾ ਸੀ। ਸਾਰੇ ਚੇਲਿਆਂ ਦੀ ਸਭਾ ਵਿੱਚ ਗੋਰਖ ਦੇ ਪ੍ਰਸਿੱਧ ਚੇਲੇ ਯੋਗੀ ਮਛੰਦਰ ਨਾਥ, ਯੋਗੀ ਮੈਂਡਕ ਨਾਥ ਤੇ ਯੋਗੀ ਗੋਖੜ ਨਾਥ ਵੀ ਬੈਠੇ ਸਨ। ਗੋਰਖ ਉਪਦੇਸ਼ ਕਰ ਰਹੇ ਸਨ ਕਿ ਇਹ ਤਿੰਨੇ ਚੇਲੇ ਸਭਾ ਵਿਚ ਬੈਠੇ ਸ਼ਰਾਰਤਾਂ ਕਰ ਰਹੇ ਸਨ। ਮਛੰਦਰ ਨਾਥ, ਮੈਂਡਕ ਨਾਥ ਦੀਆਂ ਸ਼ਰਾਰਤਾਂ ਦੇਖ ਦੇਖ ਕੇ ਗੋਰਖ ਨਾਥ ਬੜੇ ਪ੍ਰੇਸ਼ਾਨ ਹੋ ਰਹੇ ਸਨ। ਕਿਉਂਕਿ ਗੋਰਖ ਨਾਥ, ਆਪਣੇ ਸਭ ਤੋਂ ਵਧ ਕਾਮਯਾਬ ਚੇਲਿਆਂ ਵਿਚੋਂ ਵੱਧ ਕਾਮਯਾਬ ਮਛੰਦਰ ਨਾਥ ਤੇ ਮੈਂਡਕ ਨਾਥ ਤੇ ਗੋਖੜ ਨਾਥ ਨੂੰ ਮੰਨਦੇ ਸਨ। ਪਰ ਅੱਜ ਭਰੀ ਹੋਈ ਸਭਾ ਵਿਚ ਏਨ੍ਹਾਂ ਤਿੰਨਾਂ ਨੂੰ ਸ਼ਰਾਰਤਾਂ ਕਰਦਿਆਂ ਦੇਖ ਕੇ ਗੋਰਖ ਦਾ ਮਨ ਬੜਾ ਦੁਖੀ ਹੋਇਆ। ਕਿਉਂਕਿ ਗੋਰਖ ਸਮਝਦੇ ਸਨ ਕਿ ਮਛੰਦਰ ਨਾਥ, ਮੈਂਡਕ ਨਾਥ ਤੇ ਗੋਖੜ ਨਾਥ ਹੁਣ ਕਾਮਯਾਬ ਯੋਗੀ ਹਨ। ਪਰ ਇਹ ਤਾਂ ਅਜੇ ਓਹੀ ਸ਼ਰਾਰਤਾਂ ਕਰ ਰਹੇ ਹਨ, ਜਿਹੜੀਆਂ ਇਕ ਯੋਗੀ ਨਹੀਂ ਆਮ ਸਧਾਰਨ ਬੱਚੇ ਕਰਦੇ ਹਨ। ਗੋਰਖ ਨਾਥ ਨੇ ਦੇਖਿਆ ਕਿ ਗੋਖੜ ਨਾਥ ਸਿਰ ਸੁੱਟ ਕੇ ਬੈਠਾ ਹੈ ਅਤੇ ਮਛੰਦਰ ਨਾਥ ਤੇ ਮੈਂਡਕ ਨਾਥ ਦੋਵੇਂ ਉਸ ਨੂੰ ਛੇੜਦੇ ਹਨ, ਪਰ ਗੋਖੜ ਨਾਥ ਚੁੱਪ ਚਾਪ ਬੈਠਾ ਹੈ। ਜਦੋਂ ਇਹ ਤਿੰਨੇ ਸ਼ਰਾਰਤਾਂ ਕਰਨ ਤੋਂ ਬਾਜ ਨਾ ਆਏ ਤਾਂ ਗੋਰਖ ਨੇ ਤਿੰਨਾਂ ਨੂੰ ਹੀ ਭਰੀ ਹੋਈ ਸਭਾ ਵਿਚ ਖੜੇ ਕਰ ਲਿਆ। ਗੋਰਖ ਨਾਥ ਨੇ ਤਿੰਨਾਂ ਤੋਂ ਪੁਛਿਆ ਕਿ ਮੈਂ ਤਾਂ ਸਮਝਿਆ ਸੀ ਕਿ ਤੁਸੀਂ ਤਿੰਨਾਂ ਨੇ ਆਪਣੇ ਮਨ ਦੇ ਸੰਸਕਾਰ ਯੋਗ ਦੁਆਰਾ ਧੋ ਲਏ ਹੋਣਗੇ, ਪਰ ਤੁਸੀਂ ਤਾਂ ਅਜੇ ਐਸੀਆਂ ਸ਼ਰਾਰਤਾਂ ਕਰਦੇ ਹੋ, ਜਿਨ੍ਹਾਂ ਨੂੰ ਦੇਖ ਕੇ ਲਗਦਾ ਹੈ ਕਿ ਤੁਹਾਡੇ ਮਨ ਵਿਚ ਅਜੇ ਕੋਈ ਮੈਲ ਹੈ? ਤਾਂ ਮਛੰਦਰ ਨਾਥ ਰੋ ਪਿਆ

ਤੇ ਕਹਿਣ ਲਗਾ ਕਿ ਹਾਂ ਗੁਰਦੇਵ! ਮੇਰੇ ਮਨ ਵਿਚ ਅਜੇ ਮੈਲ ਹੈ। ਗੋਰਖ ਨੇ ਪੁਛਿਆ ਕਿ ਕੀ ਮੈਲ ਹੈ? ਮੱਛਦਰ ਨਾਥ ਕਹਿਣ ਲਗਾ ਕਿ ਯੋਗ ਸਾਧਨਾ ਦੁਆਰਾ ਜਦੋਂ ਮੈਂ ਆਪਣੇ ਅੰਤਸ਼ਕਰਨ ਵਿਚ ਦੇਖਦਾ ਹਾਂ, ਤਾਂ ਮੈਨੂੰ ਮੇਰਾ ਮਨ ਮੱਛੀ ਦੀ ਮੈਲ ਨਾਲ ਭਰਿਆ ਲਗਦਾ ਹੈ। ਮੈਨੂੰ ਅਨੁਭਵ ਹੁੰਦਾ ਹੈ ਕਿ ਮੈਂ ਪਿਛਲੇ ਜਨਮ ਵਿਚ ਮੱਛੀ ਦੇ ਗਰਭ ਵਿਚੋਂ ਪੈਦਾ ਹੋਇਆ ਤੇ ਮੱਛੀ ਦੀਆਂ ਆਦਤਾਂ ਅਜੇ ਵੀ ਮੇਰੇ ਮਨ ਅੰਦਰ ਕੰਮ ਕਰਦੀਆਂ ਹਨ। ਹੁਣ ਮੈਂ ਜਦੋਂ ਯੋਗ ਸਾਧਨਾ ਕਰਦਾ ਹਾਂ ਤਾਂ ਮੈਨੂੰ ਪਤਾ ਲਗਦਾ ਹੈ ਕਿ ਮਨ ਮੇਰਾ ਮੱਛੀ ਵਾਂਗ ਹਿਲਦਾ ਰਹਿੰਦਾ ਹੈ। ਕਦੇ ਮੱਛੀ ਨੂੰ ਪਾਣੀ ਵਿਚ ਦੇਖੋ! ਉਹ ਪਾਣੀ ਵਿਚ ਖੜ੍ਹੀ ਵੀ ਬੜੀ ਚੰਚਲ ਢੰਗ ਨਾਲ ਹਿਲਦੀ ਰਹਿੰਦੀ ਹੈ। ਦਰਅਸਲ ਮੱਛੀ ਬੜੀ ਚੰਚਲ ਹੁੰਦੀ ਹੈ। ਮਛੰਦਰ ਨਾਥ ਕਹਿਣ ਲਗਾ ਕਿ ਮੈਨੂੰ ਪਤਾ ਹੀ ਨਹੀਂ ਲਗਦਾ ਕਿ ਮੇਰਾ ਮਨ ਕਿਸ ਵਕਤ ਚੰਚਲ ਹੋ ਜਾਂਦਾ ਹੈ। ਹਾਲਾਂ ਕਿ ਮੈਂ ਯੋਗ ਸਾਧਨਾ ਵਿਚ ਪੂਰਾ ਹਾਂ, ਪਰ ਮਨ ਦਾ ਪਤਾ ਹੀ ਨਹੀਂ ਲਗਦਾ ਕਿ ਇਹ ਕਦੋਂ ਮੈਨੂੰ ਸ਼ਰਾਰਤਾਂ ਕਰਨ ਵੱਲ ਪ੍ਰੇਰ ਲੈਂਦਾ ਹੈ।

ਫਿਰ ਗੋਰਖ ਨਾਥ ਨੇ ਮੈਂਡਕ ਨਾਥ ਨੂੰ ਪੁਛਿਆ ਕਿ ਤੂੰ ਕਿਉਂ ਸ਼ਰਾਰਤਾਂ ਕਰਦਾ ਹੈ ਤਾਂ ਮੈਂਡਕ ਨਾਥ ਨੇ ਵੀ ਮਛੰਦਰ ਨਾਥ ਵਾਲੀ ਹੀ ਸਾਰੀ ਕਹਾਣੀ ਦੁਹਰਾਈ ਤੇ ਕਿਹਾ, ਮੇਰਾ ਮਨ ਤਾਂ ਮੈਂਡਕ (ਡੱਡੂ) ਦੇ ਸੰਸਕਾਰਾਂ ਦੀ ਮੈਲ ਹੈ। ਇਸ ਕਰਕੇ ਮੈਨੂੰ ਵੀ ਪਤਾ ਹੀ ਨਹੀਂ ਲਗਦਾ ਕਿ ਮੈਂ ਕਦੋਂ ਟੱਪਣ ਨੱਚਣ ਲਗ ਜਾਂਦਾ ਹਾਂ। ਪੰਜਾਬ ਦੀ ਇਕ ਕਹਾਵਤ ਹੈ ਕਿ:

"ਡੱਡੂਆਂ ਦੀ ਕਦੇ ਪੰਸੇਰੀ ਨਹੀਂ ਹੁੰਦੀ।।"

ਭਾਵ ਕਿ ਡੱਡੂ (ਮੈਂਡਕ) ਕਦੇ ਟਿਕਦੇ ਨਹੀਂ ਹਨ। ਮੈਂਡਕ ਨਾਥ ਕਹਿਣ ਲਗਾ-ਗੁਰਦੇਵ! ਮੇਰੇ ਵੱਸ ਦੀ ਗੱਲ ਨਹੀਂ। ਮੇਰਾ ਮਨ ਨਹੀਂ ਟਿਕਦਾ। ਮੈਨੂੰ ਪਤਾ ਹੈ ਕਿ ਮੇਰਾ ਮਨ ਅਜੇ ਕਾਫੀ ਚੰਚਲ ਹੈ। ਕਿਉਂਕਿ ਮੇਰਾ ਮਨ ਡੱਡੂ ਦੇ ਸਰੀਰ ਵਿਚ ਰਹਿ ਕੇ ਆਇਆ ਹੈ, ਇਸ ਕਰਕੇ ਇਹ ਬੜਾ ਚੰਚਲ ਹੈ।

ਗੋਰਖ ਨਾਥ ਨੇ ਫਿਰ ਗੋਖੜ ਨਾਥ ਨੂੰ ਵੀ ਪੁਛਿਆ ਕਿ ਗੋਖੜ ਨਾਥ! ਤੈਨੂੰ ਕੀ ਗੱਲ ਹੈ? ਇਹ ਦੋਵੇਂ ਤੇਰੇ ਨਾਲ ਸ਼ਰਾਰਤਾਂ ਕਰਨ ਵਿਚ ਰੁਝੇ ਹਨ ਤੇ ਤੂੰ ਅਗੇ ਸਿਰ ਸੁੱਟ ਕੇ ਬੈਠਾ ਹੋਇਆ ਹੈ। ਗੋਖੜ ਨਾਥ ਕਹਿਣ ਲਗਾ ਕਿ ਗੁਰਦੇਵ! ਮੇਰੀ ਸਮਸਿਆ ਏਨ੍ਹਾਂ ਤੋਂ ਅਲੱਗ ਹੈ। ਮੈਂ ਜਦੋਂ ਯੋਗ ਸਾਧਨਾ ਦੁਆਰਾ ਆਪਣੇ ਆਪ ਵਿਚ ਉਤਰਦਾ ਹਾਂ ਤਾਂ ਮੇਰੇ ਅੰਦਰ ਗਊ ਦੇ ਸੰਸਕਾਰ ਕੰਮ ਕਰਦੇ ਅਨੁਭਵ ਹੁੰਦੇ ਹਨ। ਮੇਰਾ ਮਨ ਗਊ ਦੇ ਗਰਭ ਵਿਚ ਯਾਤਰਾ ਕਰ ਚੁੱਕਾ ਹੈ। ਹੁਣ ਗਊ ਨੂੰ ਬੜਾ ਹਲੀਮ ਮੰਨਿਆ ਗਿਆ ਹੈ। ਗੋਖੜ ਕਹਿੰਦਾ ਹੈ ਕਿ ਮੇਰੇ ਕੋਲੋਂ ਏਨ੍ਹਾਂ ਦੀਆਂ ਸ਼ਰਾਰਤਾਂ ਦਾ ਜੁਆਬ ਸ਼ਰਾਰਤਾਂ ਵਿਚ ਨਹੀਂ ਦਿੱਤਾ ਜਾਂਦਾ। ਪਰ ਇਕ ਗੱਲ ਯਕੀਨੀ ਹੈ ਕਿ ਮੇਰਾ ਮਨ ਗਊ ਦੇ ਸੰਸਕਾਰਾਂ ਨਾਲ ਅਲੂਦ ਹੈ। ਮੈਂ ਅਜੇ ਮਨ ਨੂੰ ਮਾਰਨਾ ਹੈ।

ਯਾਨੀ ਕਿ ਸੰਸਕਾਰਾਂ ਨੂੰ ਧੋਣਾ ਹੈ। ਕਹਿੰਦੇ ਹਨ ਕਿ ਏਸੇ ਕਰਕੇ ਹੀ ਏਨ੍ਹਾਂ ਦੇ ਨਾਮ ਮਛੰਦਰ ਨਾਥ, ਮੈਂਡਕ ਨਾਥ ਤੇ ਗੋਖੜ ਨਾਥ ਸਨ। ਕਿਉਂਕਿ ਮਛੰਦਰ ਨਾਥ ਮੰਨਦਾ ਸੀ ਕਿ ਮੇਰੇ ਅੰਦਰ ਮੱਛੀ ਦੇ ਸੰਸਕਾਰ ਹਨ। ਮੈਂਡਕ ਨਾਥ ਨੂੰ ਅਨੁਭਵ ਸੀ ਕਿ ਮੇਰੇ ਅੰਦਰ ਡੱਡੂ ਦੇ ਸੰਸਕਾਰ ਕੰਮ ਕਰਦੇ ਹਨ। ਗੋਖੜ ਨਾਥ ਮੰਨਦਾ ਸੀ ਕਿ ਉਸ ਦੇ ਅੰਦਰ ਗਊ ਦੇ ਸੰਸਕਾਰ ਕੰਮ ਕਰਦੇ ਹਨ।

ਇਸ ਕਰਕੇ ਭਾਰਤੀ ਚਿੰਤਨ ਦੇ ਪੁਰਾਤਨ ਰਿਸ਼ੀ ਮੁਨੀ ਸਾਰੇ ਹੀ ਮੰਨਦੇ ਸਨ ਕਿ ਜਨਮ ਮਰਨ ਤੋਂ ਉੱਚਾ ਉੱਠਣ ਲਈ ਮਨੁੱਖ ਨੂੰ ਆਪਣੇ ਪੁਰਾਣੇ ਸੰਸਕਾਰ ਸਾਰੇ ਹੀ ਧੋਣੇ ਪੈਂਦੇ ਹਨ ਅਤੇ ਅਗੋਂ ਨਵਾਂ ਸੰਸਕਾਰ ਕੋਈ ਬਣਨ ਨਹੀਂ ਦੇਣਾ। ਜੇ ਪੁਰਾਣੇ ਧੁਪ ਗਏ ਤੇ ਅਗੋਂ ਨਵੇਂ ਬਣ ਗਏ ਤਾਂ ਉਹ ਵੀ ਜਨਮ ਮਰਨ ਦਾ ਕਾਰਨ ਬਣਨਗੇ। ਕਪਿਲ ਮੁਨੀ ਦੀ ਮਿਸਾਲ ਏਸੇ ਕਰਕੇ ਮੈਂ ਵਿਸਥਾਰ ਨਾਲ ਦਿੱਤੀ ਹੈ।

ਭਗਤ ਤ੍ਰਿਲੋਚਨ ਜੀ ਨੇ ਗੁਰਬਾਣੀ ਵਿਚ ਬੜੇ ਸੁੰਦਰ ਵਿਸਥਾਰ ਵਿਚ ਸਮਝਾਇਆ ਹੈ ਕਿ ਮਨੁੱਖ ਦੀ ਮੌਤ ਸਮੇਂ ਜਿਸ ਤਰ੍ਹਾਂ ਦੀ ਵਾਸ਼ਨਾ ਦਾ ਸੰਸਕਾਰ ਹੋਇਆ, ਉਹੋ ਜਿਹਾ ਹੀ ਅਗਲਾ ਜਨਮ ਹੋ ਜਾਂਦਾ ਹੈ। ਅੰਤ ਸਮੇਂ ਬੰਦੇ ਦੀ ਵਾਸ਼ਨਾ ਜੇ ਏਹੀ ਰਹਿ ਜਾਏ ਕਿ ਮੇਰੇ ਕੋਲ ਏਨੀ ਧਨ, ਸੰਪਤੀ, ਦੌਲਤ ਸੀ, ਪਰ ਮੈਂ ਸਭ ਕੁਝ ਛੱਡ ਕੇ ਜਾ ਰਿਹਾ ਹਾਂ। ਹੁਣ ਇਹ ਆਦਮੀ ਮਰਨ ਲਗਿਆਂ ਰੱਬ ਨੂੰ ਯਾਦ ਨਹੀਂ ਕਰਦਾ, ਬਲਕਿ ਧਨ ਸੰਪਤੀ ਨੂੰ ਹੀ ਯਾਦ ਕਰ ਰਿਹਾ ਹੈ। ਇਸ ਨੂੰ ਚਿੰਤਾ ਹੈ, ਕਿ ਮੇਰੀ ਏਨੀ ਧਨ ਸੰਪਤੀ ਸੀ। ਇਸ ਤਰ੍ਹਾਂ ਦੀ ਚਿੰਤਾ ਵਿਚ ਜਿਹੜਾ ਮਨੁੱਖ ਮਰਦਾ ਹੈ, ਭਗਤ ਤ੍ਰਿਲੋਚਨ ਜੀ ਕਹਿੰਦੇ ਹਨ ਕਿ ਉਹ ਸੱਪ ਦੀ ਜੂਨ ਵਿਚ ਪੈ ਜਾਂਦਾ ਹੈ।

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥

ਭਗਤ ਜੀ ਅਗੇ ਕਹਿੰਦੇ ਹਨ ਕਿ ਜਿਹੜਾ ਆਦਮੀ ਮਰਨ ਲਗਿਆਂ ਏਸ ਵਾਸ਼ਨਾ ਵਿਚ ਹੈ ਕਿ ਮੇਰੇ ਕੋਲ ਬੜੀ ਸੁੰਦਰ ਇਸਤ੍ਰੀ ਸੀ ਜਾਂ ਬੜਾ ਸੁੰਦਰ ਮਰਦ ਸੀ। ਮਰਨ ਲਗਿਆਂ ਵੀ ਉਸ ਨੂੰ ਕਾਮ ਹੀ ਸਤਾ ਰਿਹਾ ਹੈ ਤੇ ਉਹ ਇਸਤ੍ਰੀਆਂ ਜਾਂ ਪੁਰਸ਼ਾਂ ਦੀ ਸੁੰਦਰਤਾ ਦੇ ਗੁਣ ਹੀ ਗਾ ਰਿਹਾ ਹੈ। ਐਸੀ ਦਸ਼ਾ ਵਿਚ ਮਰਨ ਵਾਲਾ ਪ੍ਰਾਣੀ ਮਰ ਕੇ ਵੀ ਮੁਕਤ ਨਹੀਂ ਹੋਵੇਗਾ। ਬਲਕਿ ਕਿਸੇ ਵੇਸਵਾ ਦੇ ਘਰ ਜਨਮ ਲੈ ਲਏਗਾ। ਕਿਉਂਕਿ ਕਾਮ ਵਾਸ਼ਨਾ ਪੂਰਤੀ ਦੀ ਬੜੀ ਪ੍ਰਬਲ ਇੱਛਾ ਸੀ। ਪ੍ਰਭੂ ਦੀ ਮਰਿਆਦਾ ਐਸੀ ਹੈ ਕਿ ਇਹ ਅਧੂਰੀਆਂ ਵਾਸ਼ਨਾਵਾਂ ਹੀ ਮਨੁੱਖ ਦੇ ਜਨਮ ਮਰਨ ਦਾ ਕਾਰਨ ਬਣਦੀਆਂ ਹਨ। ਅੰਤ ਸਮੇਂ ਵੀ ਜਿਹੜਾ ਪ੍ਰਾਣੀ ਕਾਮ ਵਾਸ਼ਨਾਵਾਂ ਅਧੀਨ ਇਸਤ੍ਰੀ ਜਾਂ ਪੁਰਸ਼ ਦੀ ਸੁੰਦਰਤਾ ਦੇ ਹੀ ਸੋਹਿਲੇ ਗਾ ਰਿਹਾ ਹੈ ਅਤੇ ਉਸ ਨੂੰ ਚਿੰਤਾ ਇਹ ਸਭ ਕੁਝ ਛੱਡ ਦੇਣ ਦੀ ਹੈ ਤਾਂ ਉਹ ਵੇਸਵਾ ਦੇ ਘਰ ਜਨਮ ਲਵੇਗਾ।

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥

ਜੇ ਪ੍ਰਾਣੀ ਦੇ ਮੌਤ ਸਮੇਂ ਉਸ ਨੂੰ ਆਪਣੇ ਪੁੱਤਰ ਧੀਆਂ ਦਾ ਮੋਹ ਪ੍ਰਬਲ ਰੂਪ ਵਿਚ ਸਤਾ ਰਿਹਾ ਹੈ। ਯਾਨੀ ਕਿ ਅੰਤ ਸਮੇਂ ਉਸ ਨੂੰ ਆਪਣੇ ਧੀਆਂ ਪੁੱਤਰਾਂ ਦਾ ਮੋਹ ਤੇ ਚਿੰਤਾ ਹੀ ਸਤਾਈ ਜਾ ਰਹੀ ਹੈ ਸ੍ਰੀ ਤ੍ਰਿਲੋਚਨ ਜੀ ਕਹਿੰਦੇ ਹਨ ਕਿ ਐਸੀ ਦਸ਼ਾ ਵਿਚ ਮਰਨ ਵਾਲਾ ਪ੍ਰਾਣੀ ਸੂਰ ਦੀ ਜੋਨਿ ਵਿਚ ਜਨਮ ਲੈਂਦਾ। ਕਿਉਂਕਿ ਸੂਰੀ ਅਠਾਰਾਂ ਬੱਚੇ ਇਕੋ ਵੇਲੇ ਜਨਮ ਸਕਦੀ ਹੈ। ਫਿਰ ਮੋਹ ਦਾ ਮਾਰਿਆ ਹੋਇਆ ਪ੍ਰਾਣੀ, ਸੂਰਾਂ ਵਿਚ ਜਨਮ ਲੈ ਲੈਂਦਾ ਹੈ, ਏਥੇ ਮੋਹ ਜਿੰਨਾ ਮਰਜੀ ਕਰੀ ਜਾਵੇ।

ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥੩॥

ਜੇ ਪ੍ਰਾਣੀ ਨੂੰ ਅੰਤ ਸਮੇਂ ਆਪਣੇ ਬਣਾਏ ਹੋਏ ਮਹਿਲ ਮੰਦਰ ਹੀ ਯਾਦ ਆਈ ਜਾਣ ਤਾਂ ਐਸੀ ਚਿੰਤਾ ਵਿਚ ਮੌਤ ਹੋ ਜਾਏ। ਸ੍ਰੀ ਤ੍ਰਿਲੋਚਨ ਜੀ ਕਹਿੰਦੇ ਹਨ ਕਿ ਐਸੀ ਚਿੰਤਾ ਵਿਚ ਮਰਨ ਵਾਲਾ ਪ੍ਰਾਣੀ ਪ੍ਰੇਤ ਬਣ ਕੇ ਆਪਣੇ ਹੀ ਮੰਦਰਾਂ ਵਿਚ ਭਟਕਦਾ ਰਹਿੰਦਾ ਹੈ। ਉਸ ਦੀ ਗਤੀ ਹੀ ਨਹੀਂ ਹੁੰਦੀ। ਕਿਉਂਕਿ ਉਸ ਦੀ ਵਾਸ਼ਨਾ ਪੱਥਰਾਂ ਦੇ ਬਣੇ ਮੰਦਰਾਂ ਵਿਚ ਅਟਕ ਗਈ ਹੈ। ਐਸਾ ਮਨੁੱਖ ਪ੍ਰੇਤ ਬਣ ਜਾਂਦਾ ਹੈ ਅਤੇ ਮਹਿਲ ਮੰਦਰਾਂ ਵਿਚ ਭਟਕਦਾ ਹੈ।

ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ੪॥

ਸ੍ਰੀ ਤ੍ਰਿਲੋਚਨ ਜੀ ਆਖਿਰੀ ਫੈਸਲਾ ਇਹ ਦੇਂਦੇ ਹਨ ਕਿ ਅੰਤ ਸਮੇਂ ਤਕ ਪ੍ਰਾਣੀ ਨੂੰ ਆਪਣੇ ਪੁਰਾਣੇ ਸੰਸਕਾਰ ਸਾਰੇ ਧੋ ਲੈਣੇ ਚਾਹੀਦੇ ਹਨ ਤੇ ਅਗੋਂ ਨਵੇਂ ਪੈਦਾ ਨਹੀਂ ਕਰਨੇ ਚਾਹੀਦੇ। ਅੰਤ ਸਮੇਂ ਸਾਰੀਆਂ ਵਾਸ਼ਨਾਵਾਂ ਤੋਂ ਮਨ ਹਟਾ ਕੇ, ਪ੍ਰਭੂ ਚਿੰਤਨ ਵਿਚ ਲਾਉਣਾ ਚਾਹੀਦਾ ਹੈ। ਜਿਹੜਾ ਪ੍ਰਾਣੀ ਅੰਤ ਸਮੇਂ ਨਰਾਇਣ ਦਾ ਸਿਮਰਨ ਕਰਦਿਆਂ ਹੋਇਆਂ ਤਨ ਤਿਆਗਦਾ ਹੈ, ਉਹ ਮੁਕਤ ਹੋ ਜਾਂਦਾ ਹੈ। ਕਿਉਂਕਿ ਪ੍ਰਭੂ ਉਸ ਦੇ ਅੰਦਰ ਵਸਦਾ ਹੈ।

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥ ੫॥ ੨॥

(ਪੰਨਾ ੫੨੬)

□□□□

ਸੁਰਤ ਅਤੇ ਮੌਤ ਦੀ ਕਲਾ

ਦਰਅਸਲ ਮਨੁੱਖ ਦੀ ਸੁਰਤ, ਆਸਾਂ, ਮਨਸ਼ਾਵਾਂ, ਤ੍ਰਿਸ਼ਨਾਵਾਂ ਅਤੇ ਵਾਸ਼ਨਾਵਾਂ ਦੇ ਸੰਸਕਾਰਾਂ ਦੇ ਨਾਲ ਬੱਝੀ ਹੋਈ ਹੈ। ਏਸ ਕਰਕੇ ਮਨੁੱਖ ਨੂੰ ਆਪਣੀ ਮੌਤ ਸਿਰ ਤੇ ਆ ਗਈ ਸਮਝ ਕੇ ਵੀ ਪ੍ਰਭੂ ਯਾਦ ਨਹੀਂ ਆਉਂਦਾ, ਬਲਕਿ ਵਾਸ਼ਨਾਵਾਂ ਤੇ ਅਧੂਰੀਆਂ ਮਨਸ਼ਾਵਾਂ ਯਾਦ ਆਉਂਦੀਆਂ ਹਨ। ਬਿਨਾਂ ਨਾਮ ਜਪਣ ਤੋਂ ਏਹਨਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ। ਦਰਅਸਲ ਮਨੁੱਖ ਦੀ ਸੁਰਤ ਨੇ ਵਿਅਰਥ ਵਸਤੂਆਂ ਨਾਲ ਵੀ ਆਪਣੇ ਆਪ ਨੂੰ ਜਕੜ ਕੇ ਜੋੜਿਆ ਹੋਇਆ ਹੈ। ਤੁਸੀਂ ਸੁਣ ਕੇ ਬੜੇ ਹੈਰਾਨ ਹੋਵੋਗੇ ਕਿ ਪ੍ਰਭੂ ਦਾ ਨਾਮ ਜਪਣ ਬੈਠੀਏ ਤਾਂ ਵਿਅਰਥ ਦੀਆਂ ਗੱਲਾਂ ਬੜੀਆਂ ਯਾਦ ਆਉਂਦੀਆਂ ਹਨ। ਜਦੋਂ ਕਿ ਜਪਣ ਨਾਲ ਕੇਵਲ ਰੱਬ ਯਾਦ ਆਉਣਾ ਚਾਹੀਦਾ ਹੈ। ਕਰਤਾਰ ਦਾ ਨਾਮ ਯਾਦ ਕਰਦੇ ਹਾਂ, ਪਰ ਯਾਦ ਸੰਸਾਰ ਆਉਂਦਾ ਹੈ, ਪ੍ਰਵਾਰ ਯਾਦ ਆਉਂਦਾ ਹੈ। ਮਨ ਦਾ ਸਬੰਧ ਜਿਸ ਨਾਲ ਜ਼ਿਆਦਾ ਹੋਵੇ, ਇਕਾਂਤ ਵਿਚ ਬੈਠਿਆਂ ਬਾਰ-ਬਾਰ ਉਹੀ ਯਾਦ ਆਉਂਦਾ ਹੈ। ਇਕਾਂਤ ਵਿਚ ਬੈਠ ਕੇ, ਬ-ਗੌਰ-ਕਦੇ ਯਤਨ ਕਰਨਾ, ਜਿਸ ਜਿਸ ਦੀ ਯਾਦ ਆਵੇ, ਉਸ ਉਸ ਨਾਲ ਹੀ ਸਾਡੇ ਮਨ ਦਾ ਸਬੰਧ ਹੁੰਦਾ ਹੈ। ਅਕਸਰ ਇਕਾਂਤ ਵਿਚ ਮਿੱਤਰ, ਪੁੱਤਰ, ਰਿਸ਼ਤੇਦਾਰ ਸਬੰਧੀ, ਕੁਟੰਬੀ ਆਦਿ ਸਭ ਯਾਦ ਆਉਂਦੇ ਹਨ। ਇਨ੍ਹਾਂ ਸਭ ਨਾਲ ਸਾਡੇ ਮਨ ਦਾ ਸਬੰਧ ਹੁੰਦਾ ਹੈ। ਤੁਸੀਂ ਹੈਰਾਨ ਹੋਵੋਗੇ ਕਿ ਇਕਾਂਤ ਵਿਚ ਦੁਸ਼ਮਣ ਵੀ ਯਾਦ ਆਉਂਦੇ ਹਨ ਕਿਉਂਕਿ ਦੁਸ਼ਮਣਾਂ ਨਾਲ ਵੀ ਸਾਡੇ ਮਨ ਦਾ ਸਬੰਧ ਹੁੰਦਾ ਹੈ। ਪ੍ਰਭੂ ਕਦੇ ਵੀ ਯਾਦ ਨਹੀਂ ਆਉਂਦਾ, ਕਿਉਂਕਿ ਮਨ ਵਿਚ ਪ੍ਰਭੂ ਨਾਲ ਕੋਈ ਸਬੰਧ ਹੀ ਨਹੀਂ ਹੁੰਦਾ। ਇਸ ਵਾਸਤੇ ਪ੍ਰਭੂ ਨਾਲ ਕੋਈ ਤਾਲਮੇਲ ਹੀ ਨਹੀਂ ਬੈਠਦਾ।

ਮਾਇਆ ਮੋਹਿ ਸਗਲ ਜਗੁ ਛਾਇਆ ॥

..

ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥ ੧ ॥

(ਪੰਨਾ ੧੩੪੨)

ਏਹੀ ਕਾਰਨ ਹੈ ਕਿ ਆਦਮੀ ਜਪੁ ਕਰਨ ਬੈਠਦਾ ਹੈ ਤਾਂ ਸੰਸਾਰ ਤੇ ਪ੍ਰਵਾਰ ਯਾਦ ਆਉਂਦਾ ਹੈ। ਪੁੱਤਰ, ਮਿੱਤਰ, ਦੁਸ਼ਮਣ, ਰਿਸ਼ਤੇਦਾਰ, ਨਾਤੇਦਾਰ ਸਭ ਯਾਦ ਆਉਂਦੇ ਹਨ। ਪਰ ਰੱਬ ਯਾਦ ਕਰਨ ਤੇ ਵੀ ਯਾਦ ਨਹੀਂ ਆਉਂਦਾ। ਕਿੰਨੀ ਮੁਸ਼ਕਲ ਹੈ ਏਸ ਬੰਦੇ ਵਾਸਤੇ ਕਿ ਰੱਬ ਨੂੰ ਯਾਦ ਕਰਦਾ ਹੈ, ਪਰ ਰੱਬ ਜਬਰਦਸਤੀ ਭੁੱਲਦਾ ਹੈ। ਪਰ ਸੰਸਾਰ, ਪ੍ਰਵਾਰ, ਮਿੱਤਰ, ਪੁੱਤਰ ਕਿਸੇ ਨੂੰ ਯਾਦ ਵੀ ਨਹੀਂ ਕਰਦਾ ਤੇ ਇਹ

ਸਭ ਕੁਝ ਜਬਰਦਸਤੀ ਯਾਦ ਆਉਂਦੇ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਆਦਮੀ ਮੰਦਰ ਗੁਰਦੁਆਰੇ ਦੇ ਸਤਸੰਗ ਵਿਚ ਵੀ ਬੈਠਾ ਹੋਵੇ, ਗੁਰੂ ਜਾਂ ਰੱਬ ਨੂੰ ਘੱਟ ਯਾਦ ਕਰਦਾ ਹੈ, ਪਰ ਪ੍ਰਵਾਰ ਸੰਸਾਰ, ਮਿੱਤਰਾਂ, ਦੁਸ਼ਮਣਾਂ ਨੂੰ ਜ਼ਿਆਦਾ ਯਾਦ ਕਰਦਾ ਹੈ। ਦਰਅਸਲ ਮਨ ਦੇ ਸਬੰਧ ਸੰਸਾਰ ਤੇ ਪ੍ਰਵਾਰ ਦੀਆਂ ਵਾਸ਼ਨਾਵਾਂ ਨਾਲ ਬਣੇ ਹੋਏ ਹਨ।

ਇਹ ਸੁਰਤ ਸੰਸਾਰ ਵੱਲ ਨੂੰ ਕਿਉਂ ਦੌੜਦੀ ਹੈ, ਕਰਤਾਰ ਵੱਲ ਕਿਉਂ ਨਹੀਂ ਜਾਂਦੀ? ਦਰਅਸਲ ਪਾਣੀ ਭਾਰੀ ਹੁੰਦਾ ਹੈ ਅਤੇ ਨੀਵਿਆਂ ਪਾਸਿਆਂ ਵੱਲ ਆਪੇ ਹੀ ਵਹਿ ਜਾਂਦਾ ਹੈ। ਉੱਚਾ ਉਠਾਉਣ ਲਈ ਕਿਸੇ ਦਬਾਅ ਦੀ ਲੋੜ ਹੁੰਦੀ ਹੈ। ਸੰਸਾਰ ਸਥੂਲ ਹੈ, ਸਥੂਲ ਦੀ ਪਕੜ ਜਲਦੀ ਹੋ ਜਾਂਦੀ ਹੈ। ਕਰਤਾਰ ਬਹੁਤ ਸੂਖਸ਼ਮ ਹੈ, ਅਤੇ ਸੂਖਸ਼ਮ ਛੇਤੀ ਪਕੜ ਵਿਚ ਨਹੀਂ ਆਉਂਦਾ। ਸੰਸਾਰ ਦੀ ਸੰਗਤ ਵਿਚ ਰਹਿ ਕੇ ਸੁਰਤ ਏਨੀ ਮੋਟੀ ਸਥੂਲ ਹੋ ਜਾਂਦੀ ਹੈ, ਕਿ ਕਰਤਾਰ ਨਾਲ ਸਬੰਧ ਬਨਾਉਣ ਤੇ ਵੀ ਸੰਸਾਰ ਹੀ ਹਮੇਸ਼ਾ ਯਾਦ ਆਉਂਦਾ ਹੈ। ਪਾਣੀ ਦਾ ਘੜਾ ਭਾਵੇਂ ਸੌ ਫੁੱਟ ਉੱਚੀ ਪਹਾੜੀ ਤੋਂ ਰੋੜ੍ਹੋ, ਪਾਣੀ ਫਿਰ ਵੀ ਅਕਾਸ਼ ਵੱਲ ਨਹੀਂ ਜਾਵੇਗਾ। ਪਾਣੀ ਦਾ ਜਮਾਂਦਰੂ ਸੁਭਾਅ ਨੀਵੇਂ ਪਾਸੇ ਵਹਿਣਾ ਹੈ। ਜੇ ਸੁਰਤ ਨੂੰ ਪਾਣੀ ਨਾਲ ਤਸ਼ਬੀਹ ਦਿੱਤੀ ਜਾਵੇ ਜਾਂ ਪਾਣੀ ਦਾ ਇਕ ਰੂਪ ਨਹੀਂ। ਪਾਣੀ ਜੰਮ ਜਾਏ ਤਾਂ ਬਰਫ ਹੈ। ਬਰਫ ਚਲ ਨਹੀਂ ਸਕਦੀ, ਯਾਨੀ ਕਿ ਬਰਫ ਕੋਈ ਗਤੀ ਨਹੀਂ ਕਰ ਸਕਦੀ। ਜੇ ਬਰਫ ਨੇ ਕੋਈ ਗਤੀ ਕੀਤੀ ਤਾਂ, ਉਹ ਕੇਵਲ ਪਾਣੀ ਬਣ ਸਕਦੀ ਹੈ। ਹੁਣ ਜੇ ਸੁਰਤ ਪਾਣੀ ਵਾਂਗ ਹੈ ਤਾਂ, ਜੇ ਪਾਣੀ ਜੰਮ ਗਿਆ ਤਾਂ ਸਾਰੀ ਗਤੀ ਰੁਕ ਜਾਏਗੀ। ਬਰਫ ਨਾ ਉਪਰ ਜਾ ਸਕਦੀ ਹੈ ਅਤੇ ਨਾ ਹੀ ਅਗੇ ਪਿਛੇ ਜਾ ਸਕਦੀ ਹੈ। ਕਈ ਲੋਕਾਂ ਦੀ ਸੁਰਤ ਤਾਂ ਬਿਲਕੁਲ ਜੰਮੀ ਪਈ ਹੈ, ਜਿਵੇਂ ਬਰਫ ਜੰਮੀ ਹੁੰਦੀ ਹੈ। ਉਹ ਕੋਈ ਗਤੀ ਨਹੀਂ ਕਰ ਸਕਦੇ। ਬੱਸ! ਜਿਵੇਂ ਪਸ਼ੂ ਜੀਵਨ ਬਤੀਤ ਕਰਦੇ ਹਨ, ਉਹ ਵੀ ਇਵੇਂ ਹੀ ਜੀਵਨ ਬਤੀਤ ਕਰਦੇ ਹਨ। ਖਾ ਲਿਆ, ਪੀ ਲਿਆ, ਭੋਗ ਲਿਆ ਤੇ ਫਿਰ ਬੱਸ, ਸੌਂ ਗਏ। ਇਸ ਗਿਣਤੀ ਵਿਚ ਕਰੀਬਨ ਕਰੀਬਨ ਅਮਲੀ ਆਦਮੀ ਜਰੂਰ ਆ ਜਾਂਦੇ ਹਨ। ਅਫੀਮ, ਚਰਸ, ਸ਼ਰਾਬ ਆਦਿ ਪੀਣ ਵਾਲੇ ਸਾਰੇ ਪੱਥਰ ਵਾਂਗ ਜੰਮ ਜਾਂਦੇ ਹਨ। ਥੋੜਾ ਹੋਸ਼ ਆਉਂਦਾ ਹੈ, ਤਾਂ ਨਸ਼ਾ ਕਰਕੇ ਫਿਰ ਬੇਹੋਸ਼ ਹੋ ਜਾਂਦੇ ਹਨ। ਇਸ ਵਾਸਤੇ ਹੀ ਤਮਾਮ ਧਾਰਮਿਕ ਲੋਕਾਂ ਅਤੇ ਧਾਰਮਿਕ ਗ੍ਰੰਥਾਂ ਨੇ ਨਸ਼ਿਆਂ ਦੀ ਨਖੇਧੀ ਕੀਤੀ ਹੈ। ਸਿਰਫ ਏਸ ਵਾਸਤੇ ਕਿ ਮਨੁੱਖ ਬੇਹੋਸ਼ ਨਾ ਰਹੇ, ਬਲਕਿ ਆਪਣਾ ਹੋਸ਼ ਵਧਾਏ। ਏਨਾ ਹੋਸ਼ ਵਧਾਏ ਕਿ ਸੁੱਤਾ ਹੋਇਆ ਵੀ ਹੋਵੇ ਤਾਂ ਵੀ ਜਾਗਿਆ ਹੋਇਆ ਹੋਵੇ। ਪਰ ਬੰਦਾ ਏਨਾ ਬੇਹੋਸ਼ ਹੈ ਕਿ ਜਾਗਿਆ ਹੋਇਆ ਵੀ ਸੁੱਤਾ ਹੋਇਆ ਹੁੰਦਾ ਹੈ। ਜੇ ਬੰਦਾ ਜਾਗ ਕੇ ਵੀ ਨਸ਼ੇ ਵਿਚ ਬੇਹੋਸ਼ ਬੈਠਾ ਹੈ, ਤਾਂ ਇਹ ਪਾਪ ਹੈ। ਮਨੁੱਖ ਬਿਲਕੁਲ ਜੰਮ ਜਾਏ, ਜਾਨੀ ਕਿ ਚੁੱਕ ਜਾਏ, ਇਹ ਵੱਡਾ ਪਾਪ ਹੈ। ਐ ਮਨੁੱਖ! ਤੈਨੂੰ ਜ਼ਿੰਦਗੀ ਮਿਲੀ ਹੈ ਤੂੰ

ਅਗੇ ਵੱਧ ਸਕਦਾ ਹੈਂ। ਤੂੰ ਪਿਛੇ ਕਿਉਂ ਜਾਂਦਾ ਹੈ? ਬਰਫ ਗਰਮੀ ਨਾਲ ਪਿਘਲਦੀ ਹੈ, ਤਾਂ ਉਸ ਵਿਚ ਰਵਾਨੀ ਆਉਂਦੀ ਹੈ। ਜੇ ਨਾਮ ਅਭਿਆਸ ਕੀਤਾ ਜਾਵੇ ਤਾਂ ਮਨੁੱਖ ਦੇ ਅੰਦਰ ਕੋਮਲਤਾ ਜਨਮ ਲੈਂਦੀ ਹੈ। ਬਿਬੇਕ, ਗਿਆਨ ਤੇ ਫਲਸਫੇ ਦਾ ਜਨਮ ਹੁੰਦਾ ਹੈ। ਫਿਰ ਇਹ ਕੁਝ ਗਤੀ ਕਰਨ ਯੋਗ ਹੁੰਦਾ ਹੈ। ਜਿਵੇਂ ਬਰਫ ਤੋਂ ਢਲਿਆ ਹੋਇਆ ਪਾਣੀ ਕੇਵਲ ਜ਼ਮੀਨ ਤੇ ਚਲਦਾ ਹੈ, ਉੱਚਾ ਨਹੀਂ ਚੜ੍ਹਦਾ। ਭਾਵ ਕਿ ਆਮ ਬੁੱਧੀ ਰੱਖਣ ਵਾਲਾ ਆਦਮੀ, ਇਸ ਧਰਤੀ ਦਾ ਆਮ ਸਾਧਾਰਨ ਮਨੁੱਖ ਹੁੰਦਾ ਹੈ। ਜਦੋਂ ਜਪ ਤਪ ਦੀ ਗਰਮੀ ਨਾਲ ਸੁਰਤ ਉੱਚੀ ਉੱਠਦੀ ਹੈ ਤਾਂ ਆਮ ਮਨੁੱਖੀ ਸੁਭਾਅ ਨਾਲੋਂ ਮਨੁੱਖ ਵੱਖਰਾ ਹੋ ਜਾਂਦਾ ਹੈ। ਜਿਵੇਂ ਸੌ ਡਿਗਰੀ ਤਕ ਪਾਣੀ ਗਰਮ ਹੋ ਜਾਏ ਤਾਂ ਭਾਫ਼ ਬਣ ਜਾਂਦਾ ਹੈ। ਨਾਮ ਜਪੁ ਦੁਆਰਾ ਸੁਰਤ ਵੀ ਇਕ ਮੰਜ਼ਿਲ ਤੇ ਪਹੁੰਚ ਕੇ ਬ੍ਰਹਮਲੀਨ ਹੋ ਜਾਂਦੀ ਹੈ। ਜਿਵੇਂ ਪਾਣੀ ਸੌ ਡਿਗਰੀ ਤੋਂ ਥਲੇ ਭਾਵੇਂ 99°(ਨੜਿੰਨਵੇਂ) ਡਿਗਰੀ ਤੇ ਹੀ ਰਹਿ ਜਾਏ ਉਹ ਭਾਫ਼ ਨਹੀਂ ਬਣ ਸਕਦੀ।

ਜਗਤ ਰਚਨਾ ਦੇ ਪ੍ਰਬੰਧ ਨੂੰ ਠੀਕ ਰੱਖਣ ਵਾਸਤੇ ਜਿਹੜਾ ਨਿਯਮ ਕਰਤਾ ਪੁਰਖ ਨੇ ਹੋਂਦ ਵਿਚ ਲਿਆਂਦਾ ਹੈ, ਉਸ ਦਾ ਨਾਮ "ਮੌਤ ਦੀ ਕਲਾ" ਹੈ। ਸਮੁੱਚੀ ਜਗਤ ਰਚਨਾ ਕਾਦਿਰ ਦੀ ਕਲਾ ਨਾਲ ਨਿਯਮ ਬੱਧ ਚਲਾਈ ਚਲਦੀ ਹੈ। ਸਾਰੀ ਦੁਨੀਆਂ ਏਸ ਨਿਯਮ ਨੂੰ ਅਨੁਭਵ ਕਰਕੇ ਹੀ ਗੁਰੂ ਨਾਨਕ ਸਾਹਿਬ ਨੇ ਇਹ ਆਖਿਆ ਹੈ ਕਿ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ *(ਜਪੁਜੀ ਸਾਹਿਬ ਪੰਨਾ ੧)*

ਅਕਸਰ ਸੰਸਾਰ ਵਿਚ ਜਿਹੜੀ ਵਸਤੂ ਨਿਯਮ ਬੱਧ ਨਾ ਹੋਵੇ, ਓਹੀ ਚੰਗੀ ਨਹੀਂ ਲਗਦੀ ਜੋ ਕੁਝ ਕਿਸੇ ਨਿਯਮ ਬੱਧ ਬਣਿਆ ਹੈ, ਉਹ ਬਹੁਤ ਸੁੰਦਰ ਲਗਦਾ ਹੈ। ਕਾਰੀਗਰਾਂ ਨੇ ਨਿਯਮ ਬੱਧ ਇੱਟ ਤੇ ਇੱਟ ਧਰਕੇ ਵੱਡੇ ਵੱਡੇ ਮਹੱਲ ਤੇ ਮੰਦਰ ਉਸਾਰੇ ਹਨ, ਜੋ ਸੋਹਣੇ ਲਗਦੇ ਹਨ। ਪਰ ਬੇਨਿਯਮੀਆਂ ਪਈਆਂ ਹੋਈਆਂ ਇੱਟਾਂ ਦਾ ਢੇਰ ਚੰਗਾ ਨਹੀਂ ਲਗਦਾ। ਵਿਗਿਆਨ ਨੇ ਮਨੁੱਖੀ ਜ਼ਿੰਦਗੀ ਵਿਚ ਬਹੁਤ ਕੁਝ ਦਿੱਤਾ ਹੈ। ਪਰ ਇਹ ਦੇਣ ਕਿਸੇ ਵਿਧੀ ਵਿਧਾਨ ਵਿਚ ਦਿੱਤੀ ਹੈ ਤਾਂ ਮਨੁੱਖਤਾ ਨੂੰ ਵਿਗਿਆਨ ਦਾ ਸੁਖ ਮਿਲਿਆ ਹੈ। ਵੱਡੇ ਵੱਡੇ ਕਾਰਖਾਨਿਆਂ ਵਿਚ ਵੱਡੀ ਵੱਡੀ ਮਸ਼ੀਨਰੀ ਸਭ ਵਿਗਿਆਨ ਦੀ ਹੀ ਦੇਣ ਹੈ। ਹਰ ਮਸ਼ੀਨ ਦੇ ਪੁਰਜਿਆਂ ਨੂੰ ਕਿਸੇ ਵਿਧੀ ਵਿਚ ਨਿਯਮ ਬੱਧ ਕੀਤਾ ਹੈ, ਤਾਂ ਉਹ ਮਸ਼ੀਨ ਕੰਮ ਕਰਨ ਯੋਗ ਹੋਈ ਹੈ। ਹਰ ਮਸ਼ੀਨ ਨੂੰ ਇਕ ਇਲੈਕਟ੍ਰਾਨਿਕ ਮੋਟਰ ਦੁਆਰਾ ਸ਼ਕਤੀ ਦਿੱਤੀ ਜਾਂਦੀ ਹੈ। ਮਸ਼ੀਨ ਦੇ ਹਰ ਪੁਰਜੇ ਦਾ ਉਸ ਕੇਂਦਰੀ ਸ਼ਕਤੀ ਨਾਲ ਚਾਲ ਮਿਲਾ ਕੇ ਚਲਣਾ ਜਰੂਰੀ ਹੈ, ਵਰਨਾ ਮਸ਼ੀਨ ਤੋਂ ਕੰਮ ਨਹੀਂ ਲਿਆ ਜਾ ਸਕਦਾ। ਜੇ ਮਸ਼ੀਨ ਦੇ ਕੁਝ ਪੁਰਜੇ ਢਿੱਲੇ ਹੋਣ ਜਾਂ ਬਹੁਤੇ ਕੱਸੇ ਹੋਏ ਹੋਣ ਤਾਂ ਵੀ ਉਹ ਕੇਂਦਰੀ ਸ਼ਕਤੀ ਤੋਂ ਚਾਲ ਨੂੰ ਘੱਟ ਵਧ ਕਰਨ ਦੇ ਕਸੂਰਵਾਰ ਹੁੰਦੇ ਹਨ। ਜਿਸ ਨਾਲ ਅਕਸਰ ਮਸ਼ੀਨਰੀ

ਖਰਾਬ ਹੋ ਜਾਂਦੀ ਹੈ। ਆਖਿਰ ਇੰਜੀਨੀਅਰ ਅਤੇ ਮਕੈਨਿਕਾਂ ਨੂੰ ਐਸੇ ਪੁਰਜੇ ਜਾਂ ਤਾਂ ਦਰੁਸਤ ਕਰਨੇ ਪੈਂਦੇ ਹਨ ਜਾਂ ਫਿਰ ਕੱਢ ਦੇਣੇ ਪੈਂਦੇ ਹਨ।

ਜਗਤ ਰਚਨਾ ਨੂੰ ਉਸ ਵੱਡੇ ਪ੍ਰਭੂ ਨੇ ਆਪਣੀ ਕੇਂਦਰੀ ਸ਼ਕਤੀ ਦਿੱਤੀ ਹੈ। ਸਾਰੀ ਜਗਤ ਰਚਨਾ ਨੂੰ ਉਸ ਨੇ ਕਿਸੇ ਨਿਯਮ ਵਿਚ ਰਚਿਆ ਹੈ।

ਪੁਤਰੀ ਤੇਰੀ ਬਿਧਿ ਕਰਿ ਥਾਟੀ॥ ਜਾਨੁ ਸਤਿ ਕਰਿ ਹੋਇਗੀ ਮਾਟੀ॥

(ਪੰਨਾ ੩੭੪)

ਪ੍ਰਭੂ ਨੇ ਸਾਰੇ ਜਗਤ ਨੂੰ ਇਕ ਨਿਯਮ ਵਿਚ ਰਚਿਆ ਹੈ, ਅਤੇ ਆਪਣੀ ਕੇਂਦਰੀ ਸ਼ਕਤੀ ਨਾਲ ਜਗਤ ਨੂੰ ਚਲਾਉਂਦਾ ਹੈ। ਜਿਸ ਦਾ ਨਾਮ ਸੰਸਾਰ ਹੈ, ਉਸ ਵਿਚ ਸਭ ਕੁਝ ਚਲ ਰਿਹਾ ਹੈ। ਪਾਣੀ ਚਲਦਾ ਹੈ, ਹਵਾ ਚਲਦੀ ਹੈ, ਧਰਤੀ ਚਲਦੀ ਹੈ, ਚੰਦਰਮਾ ਚਲਦਾ ਹੈ। ਸੂਰਜ ਚਲਦਾ ਹੈ, ਗ੍ਰਿਹ ਨਿਛੱਤਰ ਤਾਰੇ ਸਿਤਾਰੇ ਸਭ ਕੁਝ ਚਲਦਾ ਹੈ। ਸਰੀਰ ਵਿਚ ਖੂਨ ਚਲਦਾ ਹੈ, ਸੁਆਸ ਚਲਦੇ ਹਨ ਅਤੇ ਸਾਰਾ ਸਰੀਰ ਬਚਪਨ ਤੋਂ ਲੈ ਕੇ ਮੌਤ ਵਲ ਚਲ ਰਿਹਾ ਹੈ। ਇਸ ਚਲਦੇ ਹੋਏ ਸੰਸਾਰ ਦਾ ਨਾਮ ਹੀ ਸੰਸਾਰ ਹੈ ਅਤੇ ਸਾਰੀ ਚਲਾ ਚਲਾਈ ਮੌਤ ਵੱਲ ਹੋ ਰਹੀ ਹੈ। ਜਿਸ ਨਿਯਮ ਨਾਲ ਉਹ ਕਰਤਾ ਪੁਰਖ ਸਾਰੇ ਸੰਸਾਰ ਦੀ ਚਲਾ ਚਲਾਈ ਨੂੰ ਚਲਾਉਂਦਾ ਹੈ, ਉਸ ਦਾ ਨਾਮ ਮੌਤ ਹੈ। ਵੈਸੇ ਇਹ ਸਾਰੀ ਯਾਤਰਾ ਇਕ ਨਿਯਮ ਵਿਚ ਮਸ਼ੀਨ ਦੀ ਤਰ੍ਹਾਂ ਚਲਦੀ ਹੈ। ਸਾਡਾ ਸਰੀਰ ਇਕ ਖਾਸ ਵਿਧੀ ਅਨੁਸਾਰ ਬਣਿਆ ਹੈ। ਸਰੀਰ ਦੇ ਸਾਰੇ ਨਕਸ਼ੇ ਨਿਗਾਰ ਇਕ ਵਿਧਾਨ ਵਿਚ ਬੰਨ੍ਹ ਕੇ ਸਿਰਜੇ ਗਏ ਹਨ। ਸਾਰੇ ਸਰੀਰ ਦੇ ਅੰਗ ਪੈਰ, ਥਾਂ ਪਰ ਥਾਂ ਮੋਤੀਆਂ ਵਾਂਗ ਸਾਜੇ ਸਵਾਰੇ ਗਏ ਹਨ।

ਅਨਿਕ ਭਾਤਿ ਕਰਿ ਮਣੀਏ ਸਾਜੇ *(ਸੋਰਠਿ ਮ: ੫, ਪੰਨਾ ੬੦੯)*

ਸਾਰੇ ਸਰੀਰ ਦੇ ਅੰਗ ਮਣਕਿਆਂ ਵਾਂਗ ਅਨੇਕਾਂ ਪ੍ਰਕਾਰ ਨਾਲ ਪ੍ਰਭੂ ਨੇ ਸਵਾਰੇ ਹਨ। ਇਕ ਹੱਥ ਤੇ ਪੰਜ ਉਂਗਲਾਂ। ਉਂਗਲਾਂ ਦੇ ਪੋਟੇ ਤੇ ਪੋਟਿਆਂ ਦੇ ਜੋੜ ਬਰਾਬਰ ਜਿਵੇਂ ਕਬਜੇ ਫਿਟ ਕੀਤੇ ਗਏ ਹਨ। ਜਿਸ ਅੰਗ ਦੀ ਜਿਥੇ ਜਰੂਰਤ ਹੈ, ਉਹ ਉਥੇ ਹੀ ਸੈੱਟ ਕੀਤਾ ਗਿਆ ਹੈ। ਇਥੋਂ ਤਕ ਕਿ ਉਸ ਕਾਦਿਰ ਨੇ ਸਰੀਰ ਦੇ ਨਾਜ਼ਕ ਅੰਗਾਂ ਦਾ ਬੜਾ ਧਿਆਨ ਰਖਿਆ ਹੈ। ਅੱਖਾਂ ਦੀ ਰਖਿਆ ਲਈ ਨਿੱਕੀਆਂ-ਨਿੱਕੀਆਂ ਝਿੰਮਣੀਆਂ ਪੈਦਾ ਕੀਤੀਆਂ ਹਨ। ਜੇ ਇਹ ਝਿੰਮਣੀਆਂ ਨਾ ਹੋਣ ਤਾਂ ਅੱਖਾਂ ਗਰਦੋ ਗੁਬਾਰ ਨਾਲ ਇਕ ਸਾਲ ਵਿਚ ਹੀ ਖਰਾਬ ਹੋ ਜਾਣ। ਦਰਅਸਲ ਉਸ ਕਰਤਾ ਪੁਰਖ ਨੇ ਸਰੀਰ ਦਾ ਪੁਰਜਾ ਜਿਹੜਾ ਜਿਥੇ ਚਾਹੀਦਾ ਹੈ, ਉਹ ਉਥੇ ਹੀ ਸੈੱਟ ਕੀਤਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਪ੍ਰਭੂ ਨੇ ਪਹਿਲਾਂ ਮਾਂ ਦੇ ਗਰਭ ਵਿਚ ਇਕ ਪਾਣੀ ਦੇ ਕਤਰੇ ਤੋਂ ਮਨੁੱਖੀ ਸਰੀਰ ਦੀ ਬਣਤਰ ਬਣਾਈ ਹੈ। ਇਹ ਬੜੀ ਵਚਿਤਰ ਤਸਵੀਰ ਬਣਾਈ ਹੈ।

ਰਕਤੁ ਬਿੰਦੁ ਕਰਿ ਨਿੰਮਿਆ, ਚਿਤ੍ਰ ਚਲਿਤ੍ਰ ਬਚਿਤ੍ਰ ਬਣਾਇਆ॥
ਗਰਭ ਕੁੰਡ ਵਿਚਿ ਰਖਿਆ ਜੀਉ ਪਾਇ ਤਨੁ ਸਾਜਿ ਸੁਹਾਇਆ॥
ਮੁਹੁ ਅਖੀ ਦੇ ਨਕੁ ਕੰਨ ਹਥ ਪੈਰ ਦੰਦ ਵਾਲ ਗਣਾਇਆ॥

ਮਾਤਾ ਦੇ ਗਰਭ ਵਿਚ ਰੱਖ ਕੇ ਜੀਵ ਨੂੰ ਸਾਜਿਆ ਹੈ ਤੇ ਫਿਰ ਇਹ ਤਰਤੀਬ ਇਸ ਤਰ੍ਹਾਂ ਦੀ ਬਣਾਈ ਹੈ ਕਿ ਕਿਤੇ ਕੋਈ ਭੁਲ ਚੁੱਕ ਨਹੀਂ ਹੁੰਦੀ। ਇਹ ਨਹੀਂ ਪਈ ਹੱਥਾਂ ਦੀ ਥਾਂ ਪੈਰ ਹੋ ਜਾਣ ਤੇ ਪੈਰਾਂ ਦੀ ਥਾਂ ਹੱਥ। ਨੱਕ ਦੀ ਥਾਂ ਅੱਖਾਂ ਤੇ ਅੱਖਾਂ ਦੀ ਥਾਂ ਕੰਨ। ਦਰਅਸਲ ਉਸ ਦੀ ਕਲਾ ਵਿਚ ਏਨੀ ਪੂਰਨਤਾ ਹੈ ਕਿ ਕਦੇ ਕੋਈ ਭੁੱਲ ਚੁੱਕ ਨਹੀਂ ਹੁੰਦੀ। ਸਰੀਰ ਤੋਂ ਮਲ ਮੂਤਰ ਖਾਰਿਜ ਹੋਣ ਲਈ ਬਕਾਇਦਾ, ਉਸ ਕਰਤਾ ਨੇ ਇਕ ਸੂਤਰ ਬਣਾਇਆ ਹੈ। ਸਾਰੇ ਜਗਤ ਦਾ ਜੀਵਨ ਕਿਸੇ ਵਿਧੀ ਵਿਧਾਨ ਵਿਚ ਬੱਝਾ ਹੈ।

ਬਾਲ ਬੁਧਿ ਮੁਹਿ ਦੁਧਿ ਦੇ ਕਰਿ ਮਲ ਮੂਤ੍ਰ ਸੂਤ੍ਰ ਵਿਚਿ ਆਇਆ॥
(ਵਾਰ ੧੫, ਪਉੜੀ ੧੮)

ਇਹ ਸਾਰੀ ਮਰਿਆਦਾ ਯਾਨੀ ਕਿ ਸੰਸਾਰ ਨੂੰ ਇਕ ਨਿਯਮ ਵਿਚ ਉਸ ਕਰਤਾ ਪੁਰਖ ਨੇ ਆਪਣੀ ਕੇਂਦਰੀ ਸ਼ਕਤੀ ਨਾਲ ਬੰਨ੍ਹਿਆ ਹੋਇਆ ਹੈ। ਉਸ ਕੇਂਦਰੀ ਸ਼ਕਤੀ ਨਾਲੋਂ ਥੋੜੀ ਵੀ ਚਾਲ ਟੁੱਟ ਜਾਏ ਤਾਂ ਉਹ ਮਰ ਜਾਂਦਾ ਹੈ, ਟੁੱਟ ਜਾਂਦਾ ਹੈ। ਇਹ ਮਰਿਆਦਾ ਹੀ ਉਸ ਦਾ ਹੁਕਮ ਹੈ, ਭਾਣਾ ਹੈ ਜਾਂ ਰਜ਼ਾ ਹੈ। ਇਸ ਰਜ਼ਾ ਵਿਚ ਰਾਜ਼ੀ ਬੜਾ ਰਾਜ਼ੀ ਰਹਿਣਾ ਹੀ ਜੀਵ ਵਾਸਤੇ ਸੁਖ ਹੈ। ਜੇ ਰਜ਼ਾ ਤੋਂ ਥੋੜਾ ਵੀ ਏਧਰ ਉਧਰ ਹੋਏ ਤਾਂ ਪਹਿਲਾਂ ਦੁਖ ਜਨਮ ਲਵੇਗਾ, ਫਿਰ ਮੌਤ ਦੀ ਕਲਾ ਵਾਪਰੇਗੀ।

ਪੰਜਾਬ ਦੇ ਲੋਕ ਗਰਮੀ ਦੇ ਮੌਸਮ ਵਿਚ ਅਕਸਰ ਆਪਣੀਆਂ ਛੱਤਾਂ ਉਪਰ ਮੰਜੀਆਂ ਵਿਛਾ ਲੇਟੇ ਹੋਏ, ਹਨੇਰੀ ਰਾਤ ਨੂੰ ਜਦ ਕੋਈ ਅਕਾਸ਼ ਵਿਚ ਤਾਰਾ ਟੁਟਦਾ ਦੇਖਦੇ ਹਨ ਤਾਂ ਰੱਬ ਰੱਬ ਕਰਦੇ ਹੋਏ ਉਠ ਖਲੋਂਦੇ ਹਨ। ਉਹ ਰੱਬ ਰੱਬ ਕਰਨ ਵੀ ਕਿਉਂ ਨਾ, ਟੁੱਟਣ ਵਾਲਾ ਤਾਰਾ ਜੋ ਇਕ ਅੱਖ ਦੇ ਫੋਰ ਵਿਚ ਚਮਕ ਦਿਖਾ ਕੇ ਜਰਰਾ ਜਰਰਾ ਹੋ ਕੇ ਅਕਾਸ਼ ਦੀ ਵਿਸ਼ਾਲ ਫਿਜ਼ਾ ਵਿਚ ਹੀ ਸਮਾ ਗਿਆ। ਦਰਅਸਲ ਉਹ ਟੁੱਟ ਜਾਣਾ ਵਾਲਾ ਤਾਰਾ ਵੀ, ਸਾਡੀ ਧਰਤੀ ਵਰਗੀ ਧਰਤੀ, ਚੰਨ ਵਰਗਾ ਚੰਨ, ਜਾਂ ਕੋਈ ਸੂਰਜ ਵਰਗਾ ਸੂਰਜ ਸੀ, ਜੋ ਘਟ ਤੋਂ ਘਟ ਸਾਡੀ ਧਰਤੀ ਜਿੱਡਾ ਜ਼ਰੂਰ ਸੀ। ਪਰ ਉਹ ਇਕ ਅੱਖ ਦੇ ਫੋਰ ਵਿਚ ਤਹਿਸ ਨਹਿਸ ਹੋ ਗਿਆ। ਹੁਣ ਉਸ ਤਾਰੇ ਦੇ ਟੁੱਟਣ ਬਾਰੇ ਵਿਗਿਆਨ ਦਾ ਇਕੋ ਜੁਆਬ ਹੈ ਕਿ ਉਸ ਤਾਰੇ ਦੀ ਚਾਲ ਕੇਂਦਰੀ ਚਾਲ ਨਾਲੋਂ ਟੁੱਟ ਗਈ ਸੀ। ਯਾਨੀ ਕਿ ਪ੍ਰਭੂ ਦੀ ਕੇਂਦਰੀ ਚਾਲ (ਸ਼ਕਤੀ) ਨਾਲੋਂ ਤਾਰੇ ਦੀ ਚਾਲ ਵਿਚ ਫਰਕ ਪੈ ਗਿਆ, ਜਿਸ ਕਰਕੇ ਉਸ ਉਤੇ "ਮੌਤ ਦੀ ਕਲਾ" ਵਰਤ ਗਈ। ਜੋ ਕੁਦਰਤ ਦੀ ਚਾਲ ਨਾਲ ਰਲ ਕੇ ਨਹੀਂ ਚਲ ਸਕਦਾ, ਮੌਤ ਉਸ ਨੂੰ ਮਿਟਾ ਦੇਂਦੀ ਹੈ।

ਕੁਦਰਤ ਦੀ ਕਲਾ ਸ੍ਰਿਸ਼ਟੀ ਦੇ ਜਰਰੇ ਜਰਰੇ ਵਿਚ ਵਰਤ ਰਹੀ ਹੈ। ਜਿਵੇਂ ਮਸ਼ੀਨ ਦੇ ਪੁਰਜੇ ਕੇਂਦਰੀ ਮੋਟਰ ਨਾਲ, ਸਿਤਾਰੇ ਸੂਰਜ ਨਾਲ, ਦਰਖਤ ਦੇ ਹਰ ਪੱਤੇ ਨੂੰ ਜੜ੍ਹ ਨਾਲ ਆਪਣੀ ਗਤੀ ਰਲਾ ਕੇ ਤੁਰਿਆਂ ਹੀ ਜੀਵਨ ਮਿਲਦਾ ਹੈ। ਇਸੇ ਤਰ੍ਹਾਂ ਮਨੁੱਖ ਨੂੰ ਵੀ ਪ੍ਰਭੂ ਦੀ ਰਜ਼ਾ ਨਾਲ ਮਿਲ ਕੇ ਹੀ ਸਹੀ ਜੀਵਨ ਮਿਲਦਾ ਹੈ। ਜਿਹੜੇ ਦਰਖਤ ਦੀਆਂ ਜੜ੍ਹਾਂ ਸਾਥ ਛੱਡ ਦੇਣ, ਉਹ ਬ੍ਰਿਛ, ਫਲ ਫੁੱਲ ਤੇ ਪੱਤੇ ਵੀ ਜਿਉਂਦੇ ਨਹੀਂ ਰਹਿ ਸਕਦੇ।

ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ॥

(ਪੰਨਾ ੪੨੦)

ਜਿਹੜੇ ਮਹਾਂਪੁਰਖ ਇਸ ਰਮਜ਼ ਨੂੰ ਜਾਣ ਲੈਂਦੇ ਹਨ, ਉਹ ਭਾਣੇ (ਰਜ਼ਾ) ਵਿਚ ਰਾਜ਼ੀ ਰਹਿੰਦੇ ਹਨ ਅਤੇ ਉਹਨਾਂ ਨੂੰ ਮੌਤ ਦਾ ਦੁੱਖ ਵੀ ਦੁਖੀ ਨਹੀਂ ਕਰ ਸਕਦਾ। ਐਸੇ ਪੁਰਖ ਹੀ ਭਾਣੇ ਵਿਚ ਰਹਿ ਕੇ ਜੀਵਨ ਦੀ ਸਫਲਤਾ ਪ੍ਰਾਪਤ ਕਰਦੇ ਹਨ।

ਹੋਵੈ ਸੋਈ ਭਲ ਮਾਨੁ॥ ਆਪਨਾ ਤਜਿ ਅਭਿਮਾਨੁ॥

(ਰਾਮਕਲੀ ਮ: ੫, ਪੰਨਾ ੮੯੫)

□□□□

ਜਵਾਨੀ ਤੇ ਮੌਤ ਦੀ ਕਲਾ

ਵੈਸੇ ਹੰਕਾਰੀ ਲੋਕ ਬੜੀ ਅਤਿ ਕਰਦੇ ਹਨ। ਸਿਆਣਿਆਂ ਦਾ ਆਖਣਾ ਹੈ ਕਿ 'ਅਤਿ ਖੁਦਾ ਦਾ ਵੈਰ ਹੁੰਦਾ ਹੈ।" ਬਾਬਾ ਫਰੀਦ ਜੀ ਨੇ ਆਪਣੇ ਸਲੋਕਾਂ ਵਿੱਚ ਇੱਕ ਪੁਰਾਣੀ ਕਹਾਣੀ ਨੂੰ ਰੂਪਮਾਨ ਕੀਤਾ ਹੈ।

ਕਿਸੇ ਸ਼ਹਿਰ ਵਿੱਚ ਇੱਕ ਬੜੀ ਖੂਬਸੂਰਤ ਵੇਸਵਾ ਰਹਿੰਦੀ ਸੀ। ਉਸ ਨੂੰ ਆਪਣੀ ਖੂਬਸੂਰਤੀ ਦਾ ਬੜਾ ਘੁਮੰਡ ਸੀ। ਉਸ ਕੋਲ ਬੜੇ-ਬੜੇ ਧਨਾਢ ਆਦਮੀਆਂ ਦਾ ਆਉਣ ਜਾਣ ਸੀ। ਵੈਸੇ ਵੀ ਜਿਸ ਕੋਲ ਵੱਡੇ ਲੋਕਾਂ ਦਾ ਆਉਣ ਜਾਣ ਹੋਵੇ, ਉਸ ਦਾ ਦਿਮਾਗ ਫਿਰ ਜਾਂਦਾ ਹੈ। ਇਕ ਦਿਨ ਉਸ ਵੇਸਵਾ ਦੀ ਦਾਸੀ ਨੇ ਅੱਖਾਂ ਵਿੱਚ ਪਾਉਣ ਵਾਲਾ ਕਾਜਲ (ਸੁਰਮਾ) ਠੀਕ ਤਰ੍ਹਾਂ ਨਾਲ ਨਾ ਪੀਸਿਆ। ਸੁਰਮਾ ਜ਼ਰਾ ਮੋਟਾ ਰਹਿ ਗਿਆ। ਜਦੋਂ ਦਾਸੀ ਨੇ ਸੁਰਮਚੂ ਲਾ ਕੇ ਸੁਰਮਾ ਵੇਸਵਾ ਦੀ ਅੱਖ ਵਿੱਚ ਪਾਇਆ ਤਾਂ ਅੱਖਾਂ ਵਿੱਚ ਜ਼ਰਾ ਰੜਕ ਪਈ। ਦੋ ਕਤਰੇ ਪਾਣੀ ਦੇ ਵੇਸਵਾ ਦੀਆਂ ਅੱਖਾਂ ਵਿਚੋਂ ਸੁਰਮੇ ਦੀ ਰੜਕ ਨਾਲ ਬਾਹਰ ਆ ਗਏ। ਵੇਸਵਾ ਬੜੀ ਘੁਮੰਡੀ ਸੀ। ਉਸ ਨੂੰ ਇਹ ਕਿਵੇਂ ਬਰਦਾਸ਼ਤ ਹੋ ਸਕਦਾ ਸੀ ਕਿ ਉਸ ਦੀ ਦਾਸੀ ਕਿਸੇ ਕੰਮ ਵਿੱਚ ਅਣਗਹਿਲੀ ਕਰੇ? ਉਸ ਵੇਸਵਾ ਨੂੰ ਆਪਣੀ ਦਾਸੀ ਤੇ ਏਨਾ ਕ੍ਰੋਧ ਆਇਆ ਕਿ ਚਾਬੁਕ ਮਾਰ-ਮਾਰ ਕੇ ਦਾਸੀ ਦੀ ਚਮੜੀ ਉਧੇੜ ਸੁੱਟੀ। ਆਖਰ ਦਾਸੀ ਨੇ ਵੇਸਵਾ ਦੇ ਪੈਰੀਂ ਹੱਥ ਲਾ ਕੇ ਆਪਣੀ ਜਾਨ ਛੁਡਾਈ। ਬਹੁਤ ਲੋਕਾਂ ਨੇ ਏਸ ਘਟਨਾ ਨੂੰ ਅੱਖੀਂ ਦੇਖਿਆ ਸੀ।

ਫੇਰ ਕੁਝ ਹੀ ਸਮਾਂ ਪਾ ਕੇ ਕੁਦਰਤ ਦੀ ਐਸੀ ਕਰੋਪੀ ਹੋਈ ਕਿ ਉਸ ਵੇਸਵਾ ਨੂੰ ਕੋਈ ਬੀਮਾਰੀ ਲੱਗ ਗਈ। ਬੀਮਾਰੀ ਨੇ ਚਾਰ ਦਿਨਾਂ ਵਿੱਚ ਹੀ ਉਸ ਦੀ ਸੁੰਦਰਤਾ ਨੂੰ ਖਾ ਲਿਆ। ਜਿਹੜੇ ਲੋਕ ਉਸ ਦੀ ਸੁੰਦਰਤਾ ਦੇ ਬੜੇ ਦਿਵਾਨੇ ਸਨ, ਉਹਨਾਂ ਨੇ ਉਸ ਵੱਲ ਦੇਖਣਾ ਵੀ ਛੱਡ ਦਿੱਤਾ। ਲੋਕ ਉਸ ਨਾਲ ਨਫ਼ਰਤ ਕਰਨ ਲੱਗ ਪਏ। ਉਸ ਦੀ ਬੀਮਾਰੀ ਵਧਦੀ ਗਈ। ਬੀਮਾਰੀ ਲਾ-ਇਲਾਜ ਹੋ ਗਈ। ਜਿੰਨਾ ਧਨ ਕੋਲ ਸੀ, ਉਹ ਸਾਰਾ ਤਨ ਦੀ ਬੀਮਾਰੀ ਉੱਪਰ ਖਰਚ ਹੋ ਗਿਆ। ਕੋਈ ਉਸ ਨਾਲ ਹਮਦਰਦੀ ਜਿਤਲਾਉਣ ਵਾਲਾ ਵੀ ਨਹੀਂ ਸੀ। ਬੰਦੇ ਦੇ ਕੋਲੋਂ ਧਨ ਚਲਾ ਜਾਏ, ਤਾਂ ਗਰੂਰ ਵੀ ਨਾਲ ਹੀ ਚਲਾ ਜਾਂਦਾ ਹੈ। ਗਰੂਰ ਚਲਾ ਜਾਂਦਾ ਹੈ ਅਤੇ ਪਛਤਾਵਾ ਪਿੱਛੇ ਛੱਡ ਜਾਂਦਾ ਹੈ। ਕਹਿੰਦੇ ਹਨ ਕਿ ਉਸ ਵੇਸਵਾ ਦੇ ਕੋਲ ਹੁਣ ਸਿਵਾਏ ਪਛਤਾਵੇ ਦੇ ਕੁਝ ਨਹੀਂ ਸੀ। ਸਰੀਰ ਉਸ ਦਾ ਕਿਸੇ ਕੰਮ ਦਾ ਨਹੀਂ ਸੀ ਰਿਹਾ। ਧਨ ਵੀ ਉਸ ਕੋਲ ਨਹੀਂ ਸੀ। ਸੱਜਣ ਮਿੱਤਰ ਤੇ ਰਿਸ਼ਤੇਦਾਰ ਵੀ ਉਸ ਦੇ ਨਹੀਂ ਸਨ ਬਣਦੇ। ਲੋਕ ਉਸ

ਨੂੰ ਨਫ਼ਰਤ ਨਾਲ ਦੇਖਦੇ ਸਨ। ਅਖੀਰ ਇਕ ਦਿਨ ਉਹ ਸੜਕ ਦੇ ਕਿਨਾਰੇ ਜਾਂਦਿਆਂ ਹੀ ਦਮ ਤੋੜ ਗਈ। ਲੋਕਾਂ ਨੇ ਉਸ ਨੂੰ ਵਿਭਚਾਰਨ ਤੇ ਪਾਪਣ ਸਮਝ ਕੇ ਇਕ ਖੜੱਲ ਵਿੱਚ ਸੁੱਟ ਦਿੱਤਾ। ਕਾਵਾਂ ਕੁੱਤਿਆਂ ਨੇ ਉਸ ਦਾ ਮਾਸ ਖਾ ਲਿਆ। ਹੱਡੀਆਂ ਦਾ ਪਿੰਜਰ ਬਾਕੀ ਰਹਿ ਗਿਆ। ਉਸ ਪਿੰਜਰ ਦੀ ਖੋਪਰੀ ਵਿੱਚ ਪੰਛੀਆਂ ਨੇ ਆਪਣੇ ਆਲ੍ਹਣੇ ਬਣਾ ਲਏ ਤੇ ਵਿੱਚ ਵਿੱਠਾਂ ਕਰ ਦਿੱਤੀਆਂ। ਆਪਣੇ ਬੱਚੇ ਦੇ ਦਿੱਤੇ।

ਫਰੀਦ ਸਾਹਿਬ ਜੀ ਕਹਿੰਦੇ ਹਨ ਕਿ ਇਹ ਹੱਡੀਆਂ ਦਾ ਪਿੰਜਰ ਉਹੀ ਸੀ, ਜਿਸ ਤੇ ਚਮੜੀ ਦਾ ਖ਼ੂਬਸੂਰਤ ਕੱਪੜਾ ਲਿਪਟਿਆ ਸੀ। ਇਸ ਖ਼ੂਬਸੂਰਤੀ ਦਾ ਗਰੂਰ ਏਨਾ ਸੀ ਕਿ ਕਿਸੇ ਨੂੰ ਆਪਣੀ ਜੁੱਤੀ ਬਰਾਬਰ ਵੀ ਨਹੀਂ ਸੀ ਸਮਝਿਆ ਜਾਂਦਾ। ਉਹ ਅੱਖਾਂ ਜਿਨ੍ਹਾਂ ਵਿੱਚ ਕਜਲੇ ਦੀ ਧਾਰ ਨਹੀਂ ਸੀ ਸਹਿੰਦੀ। ਇਕ ਮਾਮੂਲੀ ਰੜਕ ਪੈਣ ਨਾਲ ਦਾਸੀ ਨੂੰ ਕੋਰੜੇ ਮਾਰ-ਮਾਰ ਕੇ ਉਸ ਦੀ ਚਮੜੀ ਨੂੰ ਉਧੇੜ ਦਿੱਤਾ ਸੀ। ਉਹਨਾਂ ਹੀ ਨੈਣਾਂ ਦੇ ਖੋਲ੍ਹਿਆਂ ਵਿੱਚ ਪੰਛੀਆਂ ਨੇ ਬੱਚੇ ਦਿੱਤੇ ਹਨ। ਵਿੱਠਾਂ ਕੀਤੀਆਂ ਹਨ। ਸ਼ਾਇਦ ਫਰੀਦ ਸਾਹਿਬ ਦੀ ਇਹ ਅੱਖੀਂ ਡਿੱਠੀ ਘਟਨਾ ਹੈ। ਉਹ ਕਹਿ ਰਹੇ ਹਨ ਕਿ ਮੈਂ ਉਸ ਵਕਤ ਵੀ ਇਸ ਸਰੀਰ ਦਾ ਗਰੂਰ ਦੇਖਿਆ ਸੀ, ਜਦੋਂ ਕਜਲੇ ਦੀ ਰੜਕ ਕਰਕੇ ਦਾਸੀ ਨੂੰ ਮਾਰ ਪਈ ਸੀ ਅਤੇ ਹੁਣ ਵੀ ਇਸ ਪਿੰਜਰ ਨੂੰ ਦੇਖ ਰਿਹਾ ਹਾਂ, ਕਿ ਜਦੋਂ ਪੰਛੀਆਂ ਦੇ ਬੱਚੇ ਉੱਪਰ ਵਿੱਠਾਂ ਕਰ ਰਹੇ ਹਨ।

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥੧੪॥

(ਸਲੋਕ ਫਰੀਦ ਜੀ, ਪੰਨਾ ੧੩੭੮)

ਫਰੀਦ ਸਾਹਿਬ ਕਹਿੰਦੇ ਹਨ ਕਿ ਜਦੋਂ ਬੰਦਾ ਹੰਕਾਰ ਤੇ ਗਰੂਰ ਵਿੱਚ ਹੁੰਦਾ ਹੈ, ਤਾਂ ਉਹ ਕਿਸੇ ਦੀ ਗੱਲ ਨਹੀਂ ਸੁਣਦਾ। ਕੇਵਲ ਆਪਣੀ ਗੱਲ ਸੁਣਾਉਂਦਾ ਹੈ। ਹੰਕਾਰੀ ਬੰਦਾ ਬੜਾ ਸ਼ੈਤਾਨ ਹੋ ਜਾਂਦਾ ਹੈ। ਫਰੀਦ ਜੀ ਕਹਿੰਦੇ ਹਨ ਕਿ ਉਸ ਵੇਸਵਾ ਨੂੰ ਵੀ ਉਸ ਵੇਲੇ ਕੋਈ ਉਪਦੇਸ਼ ਕਰਦਾ ਸੀ ਤਾਂ ਉਹ ਸੁਣਦੀ ਨਹੀਂ ਸੀ। ਪਰ ਹੰਕਾਰੀ ਤੇ ਘੁਮੰਡੀ ਲੋਕ ਗੁਰਮਤਿ ਸਮਝਣ ਦੇ ਬਾਵਜੂਦ ਵੀ ਸ਼ੈਤਾਨ ਹੋ ਜਾਂਦੇ ਹਨ। ਜੋ ਸ਼ੈਤਾਨ ਹੀ ਹੋ ਜਾਏ, ਫਿਰ ਬੁਰਿਆਈ ਵਲੋਂ ਕਦੇ ਚਿੱਤ ਨਹੀਂ ਮੋੜਦਾ ਤੇ ਅਖੀਰ ਉਹ ਬੁਰਿਆਈ, ਉਸ ਨੂੰ ਨੇਸਤੋ-ਨਾਬੂਦ ਕਰ ਦੇਂਦੀ ਹੈ।

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥੧੫॥

(ਸਲੋਕ ਫਰੀਦ, ਪੰਨਾ ੧੩੭੮)

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥੩੯॥

(ਸਲੋਕ ਕਬੀਰ, ਪੰਨਾ ੧੩੬੬)

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨ ਪਾਇਦਾ ॥

ਕਬੀਰ ਸਾਹਿਬ ਹੰਕਾਰੀ ਪੁਰਸ਼ ਵਾਸਤੇ ਉਪਦੇਸ਼ ਕਰਦੇ ਹਨ ਕਿ ਐ ਧਨਵੰਤ ਇਨਸਾਨ! ਆਪਣੇ ਧਨ ਦਾ ਗਰੂਰ ਨਾ ਕਰ। ਜੇ ਆਪਣੇ ਧਨ ਨਾਲ ਤੂੰ ਕਿਸੇ ਗਰੀਬ ਦਾ ਭਲਾ ਨਹੀਂ ਕਰ ਸਕਦਾ ਤਾਂ ਕਿਸੇ ਦੀ ਗਰੀਬੀ ਦਾ ਮਜ਼ਾਕ ਨਾ ਉਡਾ। ਕਿਉਂਕਿ ਪਤਾ ਨਹੀਂ ਕੱਲ੍ਹ ਨੂੰ ਤੂੰ ਵੀ ਗਰੀਬ ਹੋ ਜਾਵੇਂ! ਅਜੇ ਤੇਰੀ ਜ਼ਿੰਦਗੀ ਦੀ ਬੇੜੀ ਸੰਸਾਰ ਸਮੁੰਦਰ ਵਿੱਚ ਹੈ। ਠੀਕ ਠਾਕ ਜਾ ਰਹੀ ਹੈ। ਪਰ ਭਵਜਲ ਦੇ ਤੂਫਾਨ ਦਾ ਕੋਈ ਪਤਾ ਹੈ? ਕਦੋਂ ਆ ਜਾਂਦਾ ਹੈ? ਸਮੇਂ ਦੇ ਚੱਕਰਾਂ ਨੇ ਕਈਆਂ ਨੂੰ ਰੰਕਾਂ ਤੋਂ ਰਾਜੇ ਬਣਾਇਆ ਹੈ ਅਤੇ ਇਹ ਸਮਾਂ ਕਈ ਰਾਜਿਆਂ ਨੂੰ ਘਰ-ਘਰ ਤੋਂ ਭਿੱਖ ਮੰਗਾਉਂਦਾ ਹੈ। ਇਸ ਕਰਕੇ ਤੂੰ ਗੁਮਾਨ ਨਾ ਕਰ ਕਿ ਤੂੰ ਬੜਾ ਧਨਾਢ ਹੈਂ। ਇਸ ਸਮੇਂ ਦੇ ਚੱਕਰ ਦਾ ਕੁਝ ਪਤਾ ਨਹੀਂ ਕਿ-

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥

(ਪੰਨਾ ੧੪੪)

ਪੁਰਾਣੀਆਂ ਕਹਾਣੀਆਂ ਵਿੱਚ ਇੱਕ ਕਹਾਣੀ ਅੰਕਿਤ ਹੈ। ਕਿਸੇ ਸ਼ਹਿਰ ਵਿੱਚ ਇੱਕ ਬਹੁਤ ਸੁੰਦਰ ਵੇਸਵਾ ਸੀ। ਵਿਸ਼ਿਆਂ ਵਿੱਚ ਉਸ ਦਾ ਸਾਰਾ ਜੀਵਨ ਗਲਤਾਨ ਸੀ। ਆਪਣੀ ਸੁੰਦਰਤਾ ਦਾ ਬੜਾ ਗਰੂਰ ਤੇ ਗੁਮਾਨ ਕਰਦੀ ਸੀ। ਅਕਸਰ ਵੱਡੇ ਧਨਾਢ ਲੋਕ ਉਸ ਕੋਲ ਆਉਂਦੇ ਸਨ। ਏਸ ਕਰਕੇ ਉਸ ਨੂੰ ਆਪਣੇ ਆਪ ਤੇ ਬੜਾ ਹੰਕਾਰ ਤੇ ਘੁਮੰਡ ਸੀ। ਉਸ ਵੇਸਵਾ ਨੇ ਇੱਕ ਕੁੱਤਾ ਆਪਣੇ ਕੋਲ ਪਾਲ ਰੱਖਿਆ ਸੀ। ਜਿਸ ਬਜ਼ਾਰ ਵਿੱਚ ਉਹ ਵੇਸਵਾ ਰਹਿੰਦੀ ਸੀ। ਉਸੇ ਹੀ ਬਜ਼ਾਰ ਵਿੱਚ ਇਕ ਗਰੀਬ ਸਾਧੂ ਰਹਿੰਦਾ ਸੀ। ਉਹ ਵੇਸਵਾ ਆਪਣੇ ਪਾਲਤੂ ਕੁੱਤੇ ਨੂੰ ਲੈ ਕੇ ਉਸ ਗਰੀਬ ਸਾਧੂ ਦੇ ਘਰ ਅੱਗੋਂ ਰੋਜ਼ ਘੁੰਮਾਉਣ ਲਈ ਜਾਂਦੀ ਸੀ। ਉਸ ਗਰੀਬ ਸਾਧੂ ਦੀ ਕਾਫੀ ਲੰਬੀ ਦਾਹੜੀ ਸੀ। ਉਹ ਵੇਸਵਾ ਰੋਜ਼ ਉਸ ਗਰੀਬ ਸਾਧੂ ਨੂੰ ਭੱਦੇ-ਭੱਦੇ ਮਜ਼ਾਕ ਕਰਕੇ ਸਤਾਉਂਦੀ ਸੀ। ਪਰ ਉਹ ਸਾਧੂ ਉਸ ਵੇਸਵਾ ਤੋਂ ਕਦੇ ਵੀ ਸਤਿਆ ਨਹੀਂ ਸੀ। ਯਾਨੀ ਕਿ ਦੁਖੀ ਨਹੀਂ ਸੀ ਹੁੰਦਾ। ਉਹ ਵੇਸਵਾ, ਉਸ ਗਰੀਬ ਸਾਧੂ ਕੋਲ ਆ ਕੇ ਰੋਜ਼ ਕਹਿੰਦੀ ਸੀ, "ਬਾਬਾ! ਤੇਰੀ ਦਾਹੜੀ ਚੰਗੀ ਹੈ ਕਿ ਮੇਰੇ ਕੁੱਤੇ ਦੀ ਪੂਛ ਚੰਗੀ ਹੈ?" ਤਾਂ ਉਹ ਸਾਧੂ ਰੋਜ਼ ਹੀ ਇੱਕ ਜੁਆਬ ਦੇਂਦਾ ਸੀ। ਕਿ ਅਜੇ ਤਾਂ ਮੈਂ ਕੁਝ ਨਹੀਂ ਕਹਿ ਸਕਦਾ। ਸਮਾਂ ਆਉਣ ਤੇ ਜ਼ਰੂਰ ਦੱਸਾਂਗਾ। ਆਖੀਰ ਉਹ ਬਜ਼ੁਰਗ ਸਾਧੂ ਹੋਰ ਬਜ਼ੁਰਗ ਹੋ ਗਿਆ। ਪਰ ਉਹ ਵੇਸਵਾ ਅਜੇ ਵੀ ਉਸ ਨੂੰ ਓਹੀ ਸੁਆਲ ਕਰਦੀ ਸੀ ਕਿ "ਬਾਬਾ ਦੱਸ! ਤੇਰੀ ਦਾਹੜੀ ਚੰਗੀ ਹੈ ਜਾਂ ਮੇਰੇ ਕੁੱਤੇ ਦੀ ਪੂਛ ਚੰਗੀ ਹੈ?" ਤਾਂ ਉਹ ਗਰੀਬ ਤੇ ਬਜ਼ੁਰਗ ਮਹਾਤਮਾ ਅਜੇ ਵੀ ਓਹੀ ਜੁਆਬ ਦੇਂਦਾ ਸੀ ਕਿ "ਅਜੇ ਤਾਂ ਮੈਂ ਕੋਈ ਜੁਆਬ ਨਹੀਂ ਦੇ ਸਕਦਾ। ਪਰ ਸਮਾਂ ਆਉਣ ਤੇ ਜ਼ਰੂਰ ਦੱਸਾਂਗਾ ਕਿ ਤੇਰੇ ਕੁੱਤੇ ਦੀ ਪੂਛ ਚੰਗੀ ਹੈ ਕਿ ਮੇਰੀ ਦਾਹੜੀ ਚੰਗੀ ਹੈ।" ਅਖੀਰ ਇਕ ਦਿਨ

ਉਹ ਗਰੀਬ ਸਾਧੂ ਆਖਰੀ ਸਾਹਾਂ ਤੇ ਆ ਗਿਆ। ਉਸ ਦੇ ਜਾਨਣ ਵਾਲੇ ਲੋਕ ਉਸ ਦੇ ਮੰਜੇ ਕੋਲ ਆ ਕੇ ਕਹਿਣ ਲੱਗੇ ਕਿ ਕੋਈ ਤੁਹਾਡੀ ਆਖਰੀ ਖਾਹਿਸ਼ ਹੈ ਤਾਂ ਦੱਸੋ? ਉਹ ਸਾਧੂ ਕਹਿਣ ਲੱਗਾ "ਹਾਂ! ਮੇਰੀ ਆਖਰੀ ਇਕ ਖਾਹਿਸ਼ ਹੈ। ਕ੍ਰਿਪਾ ਕਰਕੇ ਉਹ ਜ਼ਰੂਰ ਪੂਰੀ ਕਰੋ?" ਸਾਰੇ ਲੋਕਾਂ ਨੇ ਕਿਹਾ ਦਸੋ? ਤਾਂ ਉਹ ਸਾਧੂ ਕਹਿਣ ਲੱਗਾ, "ਕਿ ਮੈਂ ਉਸ ਵੇਸਵਾ ਨੂੰ ਮਿਲਣਾ ਚਾਹੁੰਦਾ ਹਾਂ। ਉਸ ਨੂੰ ਮਿਲਾ ਦਿਉ?" ਲੋਕ ਤਾਂ ਬੜੇ ਹੈਰਾਨ ਹੋਏ ਕਿ ਅਸੀਂ ਤਾਂ ਸਮਝਿਆ ਕਿ ਇਹ ਮਹਾਤਮਾ ਹੈ। ਪਰ ਇਹ ਅੰਤਿਮ ਸਮੇਂ ਵੀ ਵੇਸਵਾ ਦੀ ਮੰਗ ਕਰ ਰਿਹਾ ਹੈ। ਖੈਰ! ਕਿਸੇ ਨੇ ਉਸ ਵੇਸਵਾ ਨੂੰ ਬੁਲਵਾ ਕੇ ਉਸ ਸਾਧੂ ਕੋਲ ਲੈ ਆਂਦਾ। ਉਸ ਵੇਸਵਾ ਨੂੰ ਉਹ ਮਹਾਤਮਾ ਆਪਣੇ ਕੋਲ ਬਿਠਾ ਕੇ ਕਹਿਣ ਲੱਗਾ "ਬੇਟਾ! ਤੂੰ ਰੋਜ਼ ਮੇਰੇ ਕੋਲੋਂ ਇਕ ਸੁਆਲ ਪੁੱਛਦੀ ਸੀ ਕਿ ਬਾਬਾ! ਦੱਸੋ? ਮੇਰੇ ਕੁੱਤੇ ਦੀ ਪੂਛ ਚੰਗੀ ਹੈ ਕਿ ਤੇਰੀ ਦਾਹੜੀ? ਮੈਂ ਰੋਜ਼ ਕਹਿੰਦਾ ਸੀ ਕਿ ਸਮਾਂ ਆਉਣ ਤੇ ਜ਼ਰੂਰ ਦੱਸਾਂਗਾ? ਸੋ ਮੈਂ ਇਸ ਲਈ ਤੈਨੂੰ ਬੁਲਾਇਆ ਹੈ ਕਿ ਸਮਾਂ ਆ ਗਿਆ ਹੈ ਅਤੇ ਤੈਨੂੰ ਮੈਂ ਦਸ ਜਾਵਾਂ," ਤਾਂ ਉਹ ਵੇਸਵਾ ਕਹਿਣ ਲੱਗੀ ਫਿਰ "ਬਾਬਾ! ਦੱਸ!" ਤਾਂ ਉਸ ਮਹਾਤਮਾ ਨੇ ਆਪਣੀ ਦਾਹੜੀ ਤੇ ਬੜੇ ਫ਼ਖਰ ਨਾਲ ਹੱਥ ਫੇਰ ਕੇ ਆਖਿਆ ਕਿ "ਅੱਜ ਮੈਂ ਤੈਨੂੰ ਪੂਰੇ ਦਾਅਵੇ ਨਾਲ ਕਹਿੰਦਾ ਹਾਂ ਕਿ ਤੇਰੇ ਕੁੱਤੇ ਦੀ ਪੂਛ ਨਾਲੋਂ ਮੇਰੀ ਦਾਹੜੀ ਹਜ਼ਾਰ ਗੁਣਾਂ ਚੰਗੀ ਹੈ।" ਇਹ ਸੁਣ ਕੇ ਉਹ ਵੇਸਵਾ ਕਹਿਣ ਲੱਗੀ ਕਿ "ਬਾਬਾ! ਇਹ ਗੱਲ ਤੂੰ ਜੋ ਅੱਜ ਮੈਨੂੰ ਕਹਿ ਰਿਹਾ ਹੈਂ, ਏਨਾ ਚਿਰ ਪਹਿਲਾਂ ਕਿਉਂ ਨਾ ਕਹੀ?" ਤਾਂ ਉਹ ਸਾਧੂ ਕਹਿਣ ਲੱਗਾ ਕਿ "ਉਸ ਵਕਤ ਜੋ ਮੇਰੀ ਜ਼ਿੰਦਗੀ ਦੇ ਕਈ ਸਾਲ ਅਜੇ ਬਾਕੀ ਸਨ। ਮੈਂ ਸੋਚਦਾ ਸਾਂ ਕਿ ਪਤਾ ਨਹੀਂ ਕੋਈ ਗੁਨਾਹ ਕਰ ਬੈਠਾਂ ਤੇ ਇਸ ਦਾਹੜੀ ਨੂੰ ਵੱਟਾ ਲੱਗ ਜਾਏ ਯਾਨੀ ਕਿ ਦਾਗ ਲਗ ਜਾਏ। ਫਿਰ ਤਾਂ ਮੇਰੀ ਦਾਹੜੀ ਤੇ ਲੋਕਾਂ ਨੇ ਥੁੱਕਣਾ ਸੀ। ਉਸ ਹਾਲਤ ਵਿੱਚ ਤਾਂ ਤੇਰੇ ਕੁੱਤੇ ਨੇ ਬਾਜ਼ੀ ਜਿੱਤ ਲੈਣੀ ਸੀ। ਲੋਕਾਂ ਨੇ ਕਹਿਣਾ ਸੀ ਕਿ ਇਸ ਤਰ੍ਹਾਂ ਦੀ ਦਾਹੜੀ ਨਾਲੋਂ ਤਾਂ ਕੁੱਤੇ ਦੀ ਪੂਛ ਚੰਗੀ ਹੈ। ਇਸ ਵਾਸਤੇ ਮੈਂ, ਉਸ ਵੇਲੇ ਇਹ ਜੁਆਬ ਨਹੀਂ ਸੀ ਦਿੱਤਾ। ਪਰ ਅੱਜ ਮੈਂ ਆਪਣੇ ਜੀਵਨ ਨੂੰ ਪੂਰਾ ਸਾਫ ਸੁਥਰੇ ਢੰਗ ਨਾਲ ਪੂਰਾ ਕਰ ਲਿਆ ਹੈ। ਆਪਣੀ ਦਾਹੜੀ ਦੀ ਇੱਜ਼ਤ ਉੱਚੀ ਕੀਤੀ ਹੈ। ਇਸ ਵਾਸਤੇ ਅੱਜ ਮੈਂ ਦਾਵ੍ਹੇ ਨਾਲ ਕਹਿੰਦਾ ਹਾਂ ਕਿ ਅੱਜ ਮੇਰੀ ਦਾਹੜੀ ਤੇਰੇ ਕੁੱਤੇ ਦੀ ਪੂਛ ਨਾਲੋਂ ਚੰਗੀ ਹੈ।"

ਕਹਿੰਦੇ ਹਨ ਕਿ ਇਹ ਗੱਲ ਉਸ ਵੇਸਵਾ ਨੂੰ ਕਹਿ ਕੇ ਉਸ ਸਾਧੂ ਨੇ ਸਰੀਰ ਛੱਡ ਦਿੱਤਾ। ਉਸ ਸਾਧੂ ਨੇ ਸਰੀਰ ਛੱਡ ਦਿੱਤਾ ਤੇ ਉਸ ਵੇਸਵਾ ਨੇ ਆਪਣਾ ਗੰਦਾ ਧੰਦਾ ਛੱਡ ਦਿੱਤਾ। ਐਸੀ ਮਨ ਨੂੰ ਚੋਟ ਲੱਗੀ ਕਿ ਸੋਚਣ ਲੱਗੀ "ਮੈਂ ਏਨੀ ਮਗਰੂਰ ਹਾਂ ਕਿ ਇਕ ਗਰੀਬ ਸਾਧੂ ਨੂੰ ਸਾਰੀ ਉਮਰ ਹੀ ਸਤਾਉਂਦੀ ਰਹੀ। ਉਹ ਸਾਧੂ ਏਨਾ ਤਤਬੇਤਾ ਕਿ ਸਾਰੀ ਜ਼ਿੰਦਗੀ ਹੀ ਮੇਰੇ ਸਤਾਉਣ ਨਾਲ ਵੀ ਨਹੀਂ ਸਤਿਆ।" ਕਹਿੰਦੇ ਹਨ ਕਿ

ਉਸ ਵੇਸਵਾ ਨੇ ਉਸ ਮਹਾਤਮਾ ਦੀ ਅਰਥੀ ਦਾ, ਧੀ ਬਣ ਕੇ ਸੰਸਕਾਰ ਕਰਵਾਇਆ। ਅੰਤਿਮ ਸੰਸਕਾਰ ਕਰਵਾ ਕੇ ਉਸ ਵੇਸਵਾ ਨੇ ਸੰਤਾਂ ਵਾਲੇ ਕੱਪੜੇ ਪਾ ਲਏ ਤੇ ਜਿਥੇ, ਉਹ ਗਰੀਬ ਸਾਧੂ ਬੈਠਦਾ ਸੀ। ਉਸ ਥਾਂ ਤੇ ਉਹ ਵੇਸਵਾ ਬੈਠ ਗਈ। ਫਿਰ ਉਹ ਸਾਰੀ ਜ਼ਿੰਦਗੀ ਲੋਕਾਂ ਨੂੰ ਇਕ ਹੀ ਉਪਦੇਸ਼ ਦੇਂਦੀ ਰਹੀ ਕਿ "ਸਮੇਂ ਦਾ ਪਤਾ ਨਹੀਂ ਕੱਲ੍ਹ ਕੀ ਹੋ ਜਾਵੇ। ਐ ਧਨਾਢ ਤੇ ਮਗਰੂਰ ਬੰਦੇ! ਕਿਸੇ ਦੀ ਗਰੀਬੀ ਅਤੇ ਮਜਬੂਰੀ ਦਾ ਮਜ਼ਾਕ ਨਾ ਉਡਾ। ਪਤਾ ਨਹੀਂ ਕੱਲ੍ਹ ਨੂੰ ਤੂੰ ਗਰੀਬ ਤੇ ਰੰਕ ਹੋ ਜਾਵੇਂ। ਫਿਰ ਲੋਕ ਤੇਰਾ ਮਜ਼ਾਕ ਉਡਾਉਣਗੇ। ਕਿਉਂਕਿ ਸਮਾਂ ਬਦਲਦਿਆਂ ਪਤਾ ਨਹੀਂ ਲੱਗਦਾ। ਪਰ ਅਜੇ ਤੇਰਾ ਜੀਵਨ ਬਾਕੀ ਹੈ। ਤੂੰ ਸੰਭਲ ਕੇ ਚਲ, ਹੰਕਾਰ ਨਾ ਕਰ।"

ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ॥
ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ॥ ੩੭॥

(ਸਲੋਕ ਕਬੀਰ, ਪੰਨਾ ੧੩੬੬)

ਕਬੀਰ ਸਾਹਿਬ ਕਹਿੰਦੇ ਹਨ ਕਿ ਸੋਹਣੇ ਸਰੀਰ ਦਾ ਹੰਕਾਰ ਨਾ ਕਰ, ਇਹ ਹੱਡੀਆਂ ਉੱਪਰ ਚੰਮੜੀ ਦਾ ਕੱਪੜਾ ਲਪੇਟਿਆ ਹੋਇਆ ਹੈ।

ਦਰਅਸਲ ਏਸ ਸਾਰੀ ਲੜੀ ਦੀ ਸ਼ੁਰੂਆਤ ਹਉਮੈ ਤੋਂ ਹੁੰਦੀ ਹੈ। ਹਉਮੈ ਦਾ ਭਾਵ ਹੈ ਕਿ ਆਪਣੀ ਹਸਤੀ। ਮੈਂ ਕੁਝ ਹਾਂ। ਮੇਰੀ ਆਪਣੀ ਇੱਕ ਹੋਂਦ ਹੈ। ਫਿਰ ਇਹ ਮਨ ਆਪਣੀ ਹੋਂਦ ਨੂੰ ਵਧਾਉਣ ਵਾਸਤੇ ਆਪਣੇ ਸਰੀਰ ਨੂੰ ਸੰਸਾਰ ਦੇ ਨੇੜੇ ਕਰਕੇ ਸੰਸਾਰ ਨਾਲ ਮੋਹ ਪੈਦਾ ਕਰਦਾ ਹੈ। ਸਿਧ ਗੋਸਟ ਦੀ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਦੇ ਐਸੇ ਹੀ ਸੁਆਲ ਦਾ ਜੁਆਬ ਦਿੱਤਾ ਹੈ। ਸਿੱਧ, ਗੁਰਦੇਵ ਤੋਂ ਪੁੱਛਦੇ ਹਨ ਕਿ-

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥

(ਪੰਨਾ ੯੪੬)

ਭਾਵ ਕਿ ਕਿਸ ਵਿਧੀ ਦੁਆਰਾ ਜਗ ਦੀ ਉਤਪਤੀ ਹੁੰਦੀ ਹੈ ਅਤੇ ਦੁਖਾਂ ਦੀ ਨਵਿਰਤੀ ਕਿਵੇਂ ਹੋ ਸਕਦੀ ਹੈ? ਤਾਂ ਗੁਰਦੇਵ ਨੇ ਉੱਤਰ ਦਿੱਤਾ ਕਿ-

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥ *(ਪੰਨਾ ੯੪੬)*

'ਨਾਮ', ਜੀਵਾਤਮਾ ਦੇ ਮੂਲ ਦਾ ਨਾਮ ਹੈ। ਆਪਣੇ ਮੂਲ ਨੂੰ ਭੁਲਕੇ ਹੀ ਜੀਵ ਆਤਮਾ ਦੁਖ ਪਾਉਂਦੀ ਹੈ। ਮਨ, ਹਉਮੈ ਦਾ ਕੂੜਾ ਕਰਕਟ ਇਕੱਠਾ ਕਰਕੇ, ਆਤਮ ਸਰੂਪ ਨੂੰ ਦਬਾ ਦੇਂਦਾ ਹੈ। ਸੰਸਾਰ ਨਾਲ ਆਪਣੇ ਆਪ ਦਾ ਮੋਹ ਕਰਕੇ ਆਪਣੀ ਹੋਂਦ ਦਾ ਦਾਇਰਾ ਵੱਡਾ ਕਰਦਾ ਹੈ। ਏਸ ਦਾਇਰੇ ਵਿੱਚ ਹੀ ਪੁੱਤਰ, ਪੋਤਰੇ, ਧੀਆਂ, ਦੋਹਤਰੇ, ਭਰਾ, ਭਤੀਜੇ, ਮਾਂ-ਬਾਪ, ਸਹੁਰੇ, ਜਵਾਈ, ਪਤੀ-ਪਤਨੀ ਆਦਿ ਤੇ ਫਿਰ ਓਹਨਾਂ ਨਾਲ ਸੰਬੰਧਤ ਨੇੜੇ ਦੀਆਂ ਰਿਸ਼ਤੇਦਾਰੀਆਂ, ਨਾਤੇਦਾਰੀਆਂ ਅਤੇ

ਸਾਕੇਦਾਰੀਆਂ ਆ ਜਾਂਦੀਆਂ ਹਨ। ਥੋੜ੍ਹਾ ਹੋਰ ਅੱਗੇ ਵਧਿਆ ਜਾਵੇ ਤਾਂ ਹਉਮੈ ਦੀ ਡੋਰੀ ਨਾਲ ਬੱਝੇ ਹੋਏ ਮਿੱਤਰ ਤੇ ਹਿਤੈਸ਼ੀ ਵੀ ਆ ਜਾਂਦੇ ਹਨ। ਆਖਰ ਜਾਣ-ਪਛਾਣ ਮੁੱਕ ਜਾਂਦੀ ਹੈ। ਇਹ ਹਉਮੈ ਜਾਂ ਆਪਣੀ ਹੋਂਦ ਦਾ ਰਚਿਆ ਹੋਇਆ ਸੰਸਾਰ ਬਹੁਤ ਵੱਡਾ ਨਹੀਂ ਹੈ। ਬਹੁਤ ਛੋਟਾ ਹੈ ਅਤੇ ਵਰਤਮਾਨ ਸਰੀਰ ਨਾਲ ਹੀ ਸੰਬੰਧਤ ਹੈ। ਪਰ ਵਰਤਮਾਨ ਸਰੀਰ ਦੇ ਮੁੱਕ ਜਾਣ ਨਾਲ, ਸੰਸਾਰ ਨਾਲੋਂ ਤਾਂ ਸਰੀਰ ਦੇ ਸੰਬੰਧ ਟੁੱਟ ਜਾਂਦੇ ਹਨ, ਪਰ ਮਨ ਦੇ ਸੰਬੰਧ ਨਹੀਂ ਟੁੱਟਦੇ। ਮਨ ਹਉਮੈ ਨੂੰ ਨਾਲ ਲੈ ਜਾਂਦਾ ਹੈ। ਹਉਮੈ ਵਸ ਜਿੰਨੇ ਵੀ ਕਰਮ ਕੀਤੇ ਜਾਂਦੇ ਹਨ। ਉਹ ਸਾਰੇ ਗਲ ਦੇ ਬੰਧਨ ਬਣ ਜਾਂਦੇ ਹਨ।

ਹਉ ਹਉ ਕਰਮ ਕਮਾਣੇ॥ ਤੇ ਤੇ ਬੰਧ ਗਲਾਣੇ॥
ਮੇਰੀ ਮੇਰੀ ਧਾਰੀ॥ ਓਹਾ ਪੈਰਿ ਲੋਹਾਰੀ॥

(ਪੰਨਾ ੧੦੦੪)

ਇਹ ਹਉਮੈ ਸੂਖਸ਼ਮ ਰੂਪ ਵਿੱਚ ਮਨ ਦਾ ਦੀਰਘ ਰੂਪ ਬਣ ਕੇ ਨਾਲ ਹੀ ਜਾਂਦੀ ਹੈ। ਇਹਨਾਂ ਸੂਖਸ਼ਮ ਤੇ ਦੀਰਘ ਬੰਧਨਾਂ ਕਰਕੇ, ਅਗਲਾ ਨਵਾਂ ਤਨ ਮਿਲਦਾ ਹੈ। ਫਿਰ ਪਸ਼ੂ, ਪੰਛੀ, ਕੀੜੇ, ਮਕੌੜੇ ਆਦਿ ਕੋਈ ਨਾ ਕੋਈ ਨਵੇਂ ਸੰਸਾਰ ਦੀ ਕਤਾਰ ਸ਼ੁਰੂ ਹੀ ਰਹਿੰਦੀ ਹੈ। ਇਹ ਜਨਮ ਮਰਨ ਦੀ ਭਟਕਣਾ ਨਿਰੰਤਰ ਲੱਗੀ ਹੀ ਰਹਿੰਦੀ ਹੈ। ਹੁਣ ਇੱਕ ਗੱਲ ਪੂਰਨ ਸਪੱਸ਼ਟ ਹੋ ਕੇ ਸਾਹਮਣੇ ਆਈ ਹੈ ਕਿ 'ਨਾਮ' ਨੂੰ ਹਉਮੈ ਨੇ ਢੱਕ ਕੇ ਰੱਖਿਆ ਹੋਇਆ ਹੈ। ਜਦੋਂ ਤੱਕ ਹਉਮੈ ਦਾ ਪਰਦਾ ਜਾਂ ਹਉਮੈ ਦੀ ਕੰਧ ਪਰੇ ਨਹੀਂ ਹਟਦੀ, ਓਸ ਵੇਲੇ ਤੱਕ ਨਾਮ ਪ੍ਰਗਟ ਨਹੀਂ ਹੋ ਸਕਦਾ।

ਸੂਖਸ਼ਮ ਹਉਮੈ ਹੀ ਇਸ ਵਰਤਮਾਨ ਸਰੀਰ ਦੀ ਉਤਪਤੀ ਦਾ ਕਾਰਨ ਹੈ। ਸੂਖਸ਼ਮ ਹਉਮੈ ਹੀ ਇਸ ਸਰੀਰ ਕੋਲੋਂ ਹਉਮੈ ਭਰਪੂਰ ਕਰਮ ਕਰਾਉਂਦੀ ਹੈ। ਇਹ ਹਉਮੈ ਭਰਪੂਰ ਕਰਮ ਫਿਰ ਇਸ ਜੀਵਾਤਮਾ ਦੀ ਭਟਕਣਾ ਲਈ ਇਕ ਜ਼ੰਜੀਰ ਬਣਦੇ ਹਨ। ਗੁਰੂ ਨਾਨਕ ਦੇਵ ਜੀ ਨੇ ਏਸ ਦਾ ਸਪੱਸ਼ਟ ਉੱਤਰ ਦਿੱਤਾ ਹੈ ਕਿ-

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥

(ਪੰਨਾ ੪੬੬)

ਮਨ ਹਉਮੈ ਨੂੰ ਜਨਮ ਦੇਂਦਾ ਹੈ। ਹਉਮੈ ਮੋਹ ਨੂੰ ਜਨਮ ਦੇਂਦੀ ਹੈ। ਮੋਹ ਮਮਤਾ ਨੂੰ ਜਨਮ ਦੇਂਦਾ ਹੈ। ਫਿਰ ਮਮਤਾ ਦੇ ਸੰਸਕਾਰ ਮਨ ਨੂੰ ਮਿਲਦੇ ਹਨ। ਮਨ ਦੀ ਫਿਰ ਹਉਮੈ ਹੋਰ ਵਧ ਜਾਂਦੀ ਹੈ। ਏਥੋਂ ਅੱਗੇ ਫਿਰ ਮਨ ਸਥੂਲ ਰੂਪ ਵਿੱਚ ਵੀ ਬੜਾ ਹੰਕਾਰੀ ਤੇ ਘੁਮੰਡੀ ਹੋਣ ਲੱਗਦਾ ਹੈ। ਕਿਉਂਕਿ ਮਨ ਦੀ ਹਉਮੈ, ਏਨੀ ਵਧ ਜਾਂਦੀ ਹੈ ਕਿ ਸਾਰੀ ਕਾਇਨਾਤ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਭਾਵਨਾ ਬਣ ਜਾਂਦੀ ਹੈ। ਹਉਮੈ ਦਾ ਅਰਥ ਹੈ, ਮੈਂ ਤੇ ਮੇਰਾ ਭਾਵ ਦੀ ਪਕੜ। ਹਰੇਕ ਵਸਤੂ ਨਾਲ ਇਹ

ਪਕੜ ਕਿ ਮੇਰੀ ਹੋ ਜਾਏ ਜਾਂ ਮੇਰੇ ਹੁਕਮ ਵਿੱਚ ਕੰਮ ਕਰੇ। ਭਾਈ ਸਾਹਿਬ ਭਾਈ ਨੰਦ ਲਾਲ ਜੀ ਦਾ ਬਹੁਤ ਸੁੰਦਰ ਇੱਕ ਉਪਦੇਸ਼ ਹੈ ਕਿ-

ਹੱਕ ਪ੍ਰਸਤਾਂ ਖੁਦ ਪ੍ਰਸਤੀ ਚੂੰ ਕੁਨੰਦ॥ ਸਰ ਬੁਲੰਦਾਂ ਮੋਲਿ ਪ੍ਰਸਤੀ ਚੂੰ ਕੁਨੰਦ॥

(ਭਾ: ਨੰਦ ਲਾਲ ਜੀ ਗੋਯਾ)

ਭਾਵ ਕਿ ਸੱਚ ਦੀ ਪੂਜਾ ਕਰਨ ਵਾਲੇ ਲੋਕ ਹੰਕਾਰ ਨਹੀਂ ਕਰਦੇ। ਹੰਕਾਰੀ ਤਾਂ ਹਰ ਵਕਤ ਆਪਣੀ ਸ਼ੋਭਾ ਸੁਣਨੀ ਪਸੰਦ ਕਰਦਾ ਹੈ। ਹਰ ਥਾਂ ਤੇ ਆਪਣੀ ਹੀ ਜੈ ਜੈ ਕਾਰ ਸੁਣਨੀ ਅਤੇ ਦੂਸਰਿਆਂ ਨੂੰ ਆਪਣੇ ਤੋਂ ਨੀਵਾਂ ਵੇਖਣਾ ਚਾਹੁੰਦਾ ਹੈ। ਪਰ ਜੋ ਮਹਾਨ ਲੋਕ ਹੁੰਦੇ ਹਨ, ਉਹ ਆਪਣੀ ਜੈ ਜੈਕਾਰ ਸੁਣਨ ਨੂੰ ਨੀਚ ਤੇ ਮੈਲਾ ਕਰਮ ਸਮਝਦੇ ਹਨ।

ਦਰਅਸਲ ਹਉਮੈ ਦਾ ਏਨਾ ਗਹਿਰਾ ਰੋਗ ਹੈ ਕਿ ਸੰਸਾਰ ਵਿੱਚ ਰਹਿੰਦਿਆਂ ਏਸ ਦਾ ਇਲਾਜ ਕੋਈ ਕੋਈ ਮਹਾਂਪੁਰਖ ਕਰਦਾ ਹੈ। ਵਰਨਾ ਹੰਕਾਰ ਬੰਦੇ ਦੇ ਰੋਮ-ਰੋਮ ਵਿੱਚ ਸਮਾਇਆ ਹੋਇਆ ਹੈ। ਏਸ ਹਉਮੈ ਨੂੰ ਖਤਮ ਕੀਤੇ ਤੋਂ ਬਿਨਾਂ ਪ੍ਰਭੂ ਦਾ ਦਰਸ਼ਨ ਨਹੀਂ ਹੋ ਸਕਦਾ। ਜਦੋਂ ਮਨੁੱਖ ਵਿਚੋਂ ਹਉਮੈ ਮੁਕਦੀ ਹੈ ਤਾਂ ਆਦਮੀ ਨੂੰ ਮੋਖਸ਼ ਪ੍ਰਾਪਤ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਫੁਰਮਾਣ ਹੈ-

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥ ੧੯॥

(ਸਲੋਕ ਮਹਲਾ ੯, ਪੰਨਾ ੧੪੨੭)

ਭਾਵ ਕਿ ਜਿਹੜਾ ਬੰਦਾ ਪ੍ਰਭੂ ਨਾਲ ਸਾਂਝ ਪਾਉਂਦਾ ਹੈ। ਉਸ ਦੇ ਅੰਦਰੋਂ ਹਉਮੈ ਮੁਕਦੀ ਹੈ। ਹਉਮੈ ਏਨਾ ਦੀਰਘ ਰੋਗ ਹੈ ਕਿ ਇਸ ਦਾ ਇਲਾਜ ਕਿਸੇ ਵੈਦ ਕੋਲ ਨਹੀਂ ਹੈ। ਏਥੋਂ ਤੱਕ ਕਿ ਜਿਹੜੇ ਆਪ ਵੈਦ ਹਨ ਉਹ ਵੀ ਰੋਗੀ ਹੀ ਦਿਖਾਈ ਦੇਂਦੇ ਹਨ। ਭਾਵ ਕਿ ਜਿਨ੍ਹਾਂ ਨੂੰ ਅਸੀਂ ਸੰਤ, ਮਹਾਤਮਾ ਸਮਝਦੇ ਹਾਂ, ਉਹ ਵੀ ਏਸ ਰੋਗ ਦੇ ਸ਼ਿਕਾਰ ਹਨ। ਦਰਅਸਲ ਇਹ ਸੰਤ ਮਹਾਤਮਾ ਸਦਵਾਉਣ ਵਾਲੇ ਬਹੁਤ ਹੰਕਾਰੀ ਹੁੰਦੇ ਹਨ। ਮੈਂ ਇੱਕ ਮਜ਼ਾਕ ਕਿਸੇ ਕੋਲੋਂ ਸੁਣਿਆ ਸੀ।

ਇੱਕ ਹਕੀਮ ਦਮੇ ਦੀ ਬੜੀ ਵਧੀਆ ਦਵਾਈ ਦੇਂਦਾ ਸੀ। ਲੋਕ ਉਸ ਦੀ ਬੜੀ ਉਪਮਾ ਕਰਦੇ ਸਨ। ਕਹਿੰਦੇ ਸਨ ਕਿ ਉਹ ਬੜਾ ਤਜਰਬੇਕਾਰ ਹਕੀਮ ਹੈ। ਕਿਸੇ ਸਿਆਣੇ ਨੇ ਉਸ ਨੂੰ ਪੁਛਿਆ ਕਿ ਤੁਹਾਡਾ ਕਿੰਨਾਂ ਤਜਰਬਾ ਹੈ? ਉਹ ਹਕੀਮ ਕਹਿਣ ਲੱਗਾ ਕਿ ਮੇਰਾ ਪੰਤਾਲੀ ਸਾਲ ਦਾ ਤਜਰਬਾ ਹੈ। ਸਿਆਣੇ ਨੇ ਪੁਛਿਆ ਕਿ ਤੁਸੀਂ ਹਿਕਮਤ ਕਿਥੋਂ ਸਿੱਖੀ ਹੈ? ਹਕੀਮ ਕਹਿਣ ਲੱਗਾ ਕਿਤੋਂ ਵੀ ਨਹੀਂ। ਮੈਂ ਤਾਂ ਆਪ ਦਮੇ ਦਾ ਰੋਗੀ ਹਾਂ। ਪੰਤਾਲੀ ਸਾਲ ਤੋਂ ਦਵਾਈ ਖਾ ਰਿਹਾ ਹਾਂ ਬੱਸ! ਏਹੀ ਮੇਰਾ ਤਜਰਬਾ ਹੈ। ਦਰਅਸਲ ਇਹ ਹਕੀਕਤ ਹੈ। ਜਿਹੜੇ ਆਪ ਰੋਗੀ ਹਨ। ਉਹ ਦੂਜਿਆਂ ਦਾ ਇਲਾਜ ਕਰ ਰਹੇ ਹਨ। ਲੋਕ ਉਹਨਾਂ ਨੂੰ ਤਜਰਬੇਕਾਰ ਹਕੀਮ ਮੰਨਦੇ ਹਨ।

ਜਿਹੜੇ ਆਪ ਹਉਮੈ ਦੇ ਦੀਰਘ ਰੋਗ ਦੇ ਰੋਗੀ ਹਨ। ਉਹਨਾਂ ਨੂੰ ਲੋਕ ਮਹਾਂਪੁਰਖ ਕਹਿੰਦੇ ਹਨ। ਉਹਨਾਂ ਰੋਗੀਆਂ ਨੂੰ ਏਸ ਗੱਲ ਦੀ ਹਉਮੈ ਚੰਮੜੀ ਹੋਈ ਹੈ ਕਿ ਅਸੀਂ ਮਹਾਨ ਸੰਤ ਹਾਂ। ਗਿਆਨੀ ਹਾਂ। ਪੰਡਿਤ ਹਾਂ। ਜਦੋਂ ਕਿ ਉਹਨਾਂ ਨੂੰ ਆਪਣੇ ਰੋਗ ਬਾਰੇ ਜਾਣਕਾਰੀ ਨਹੀਂ ਹੈ। ਪਰ ਪੰਜਾਹ-ਪੰਜਾਹ ਸਾਲਾਂ ਤੋਂ ਉਹਨਾਂ ਦੀ ਪੂਜਾ ਬ੍ਰਹਮ ਗਿਆਨੀ ਜਾਣ ਕੇ ਹੁੰਦੀ ਹੈ। ਦਰਅਸਲ ਮਰੀਜ਼ ਹੀ ਡਾਕਟਰੀ ਕਰਨ ਲੱਗ ਪਏ ਹਨ। ਹੁਣ ਡਾਕਟਰੀ ਪਾਸ ਕਰਨ ਦੀ ਜ਼ਰੂਰਤ ਹੀ ਨਹੀਂ ਰਹੀਂ। ਲੋਕ ਸੰਤੋਖ, ਸ਼ਾਂਤੀ ਤੇ ਸੱਚ ਧਾਰਨ ਤੋਂ ਬਿਨਾਂ ਹੀ ਸੰਤ ਬਣ ਜਾਂਦੇ ਹਨ। ਕਹਿੰਦੇ ਹਨ ਕਿ ਜਦੋਂ ਆਦਮੀ ਮਰਦਾ ਹੈ ਤਾਂ ਸਭ ਕੁਝ ਛੱਡ ਜਾਂਦਾ ਹੈ। ਧਨ ਦੌਲਤ ਛੱਡ ਜਾਂਦਾ ਹੈ। ਕੱਪੜੇ ਛੱਡ ਜਾਂਦਾ ਹੈ। ਮਿੱਤਰ ਪਿਆਰਿਆਂ ਨੂੰ ਵੀ ਛੱਡ ਜਾਂਦਾ ਹੈ ਦੁਸ਼ਮਣਾਂ ਨੂੰ ਵੀ ਛੱਡ ਜਾਂਦਾ ਹੈ। ਸਰੀਰ ਵੀ ਛੱਡ ਜਾਂਦਾ ਹੈ। ਏਥੋਂ ਤੱਕ ਕਿ ਸਰੀਰ ਦੀਆਂ ਜਿਨ੍ਹਾਂ ਬੀਮਾਰੀਆਂ ਦਾ ਇਲਾਜ ਕੋਈ ਡਾਕਟਰ ਵੈਦ ਨਹੀਂ ਕਰ ਸਕਿਆ, ਉਹ ਬੀਮਾਰੀਆਂ ਵੀ ਛੱਡ ਜਾਂਦਾ ਹੈ। ਪਰ ਮਨ ਦੀ ਇਕ ਬੀਮਾਰੀ ਨਾਲ ਲੈ ਜਾਂਦਾ ਹੈ। ਉਸ ਰੋਗ ਦੇ ਕੀਟਾਣੂ ਸ਼ਮਸ਼ਾਨ ਭੂਮੀ ਦੀ ਅੱਗ ਵੀ ਨਹੀਂ ਸਾੜ ਸਕਦੀ। ਇਹ ਬੀਮਾਰੀ ਕਈ ਜਨਮਾਂ ਤੋਂ ਨਾਲ ਹੀ ਆਉਂਦੀ ਹੈ ਅਤੇ ਨਾਲ ਹੀ ਜਾਂਦੀ ਹੈ। ਮਰਦੀ ਨਹੀਂ। ਇਹ ਹਉਮੈ ਦੀ ਦੀਰਘ ਰੋਗ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

(ਵਾਰ ਆਸਾ ਮਹਲਾ ੨, ਪੰਨਾ ੪੬੬)

ਭਾਈ ਸਾਹਿਬ ਭਾਈ ਨੰਦ ਲਾਲ ਜੀ ਹੰਕਾਰੀ ਆਦਮੀ ਨੂੰ ਹੰਕਾਰ ਦੇ ਰੋਗ ਤੋਂ ਬਚਣ ਲਈ ਬੜਾ ਸੁੰਦਰ ਉਪਦੇਸ਼ ਕਰ ਰਹੇ ਹਨ ਕਿ ਐ ਬੰਦੇ!

ਖੁਦ-ਪ੍ਰਸਤੀ ਕਤਰਾਇ ਨਾਪਾਕਿ ਤੂ॥ ਆਂ ਕਿ ਜਾ ਕਰਦਾ ਬ-ਮੁਸ਼ਤਿ ਖਾਕਿ ਤੂ॥

ਹੰਕਾਰ ਕਰਨਾ ਤੇਰੀ ਗੰਦੀ ਆਦਤ ਦੀ ਨਿਸ਼ਾਨੀ ਹੈ। ਤੂੰ ਹੰਕਾਰ ਕਿਸ ਚੀਜ਼ ਦਾ ਕਰਦਾ ਹੈ। ਪ੍ਰਭੂ ਨੇ ਤੈਨੂੰ ਮਿੱਟੀ ਦੀ ਮੁੱਠੀ ਤੋਂ ਬਣਾਇਆ ਹੈ।

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥
ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥ ੧੭੮॥

(ਪੰਨਾ ੧੩੭੪)

ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਕਰਤਾ ਪੁਰਖ ਨੇ ਧਰਤੀ ਦੀ ਧੂੜੀ ਇਕੱਠੀ ਕਰਕੇ, ਚਮੜੀ ਦੇ ਕਪੜੇ ਵਿੱਚ ਲਪੇਟ ਕੇ ਸਾਡੇ ਸਰੀਰ ਦੀ ਇਕ ਪੁੜੀ ਬੰਨ੍ਹੀ ਹੋਈ ਹੈ। ਏਸ ਤੋਂ ਵੱਧ ਇਸ ਤਨ ਵਿਚ ਹੋਰ ਕੁਝ ਨਹੀਂ ਹੈ। ਪਰ ਹੰਕਾਰ ਇਸ ਮਿੱਟੀ ਦੀ ਢੇਰੀ ਦਾ ਹੈ। ਯਕੀਨਨ! ਇਸ ਤਨ ਦੀ ਮਿੱਟੀ ਤੇ, ਸੂਖਸ਼ਮ ਦੀ ਤਾਂ ਗੱਲ ਛਡੋ, ਕਈਆਂ ਨੂੰ ਸਥੂਲ ਹੰਕਾਰ ਵੀ ਸਮਝ ਵਿੱਚ ਨਹੀਂ ਆਉਂਦਾ।

ਮੈਂ ਇੱਕ ਉਰਦੂ ਦੇ ਸ਼ਾਇਰ ਦੀ ਕਵਿਤਾ ਪੜ੍ਹੀ ਸੀ। ਉਸ ਕਵਿਤਾ ਵਿੱਚ ਉਸ

ਨੇ ਹੰਕਾਰੀ ਲੋਕਾਂ ਦੇ ਮਨ ਉੱਪਰ ਬੜੀ ਚੋਟ ਕੀਤੀ ਹੈ।

ਸਮਰਕੰਦ ਬਾਦਸ਼ਾਹ ਦੇ ਰਾਜ ਵੇਲੇ ਦੀ ਇਹ ਕਹਾਣੀ ਹੈ। ਸਮਰਕੰਦ ਦੇ ਰਾਜ ਵਿੱਚ ਇੱਕ ਸੂਫੀ ਫਕੀਰ ਰਹਿੰਦਾ ਸੀ। "ਬਹਿਲੋਲ" ਨਾਮ ਸੀ ਉਸ ਫਕੀਰ ਦਾ। ਬੜਾ ਆਤਮ ਦਰਸ਼ੀ ਫਕੀਰ ਸੀ। ਇੱਕ ਦਿਨ ਉਹ ਬਹਿਲੋਲ ਫਕੀਰ ਸ਼ਹਿਰ ਦੀਆਂ ਕਬਰਾਂ ਵਿੱਚ ਚਲਾ ਗਿਆ।

ਏਕ ਦਿਨ ਦਰਵੇਸ਼ ਇਕ ਜੋ ਨਾਮ ਕਾ ਬਹਿਲੋਲ ਥਾ॥
ਗਾਉਂ ਸੇ ਬਾਹਿਰ ਕਹੀਂ ਕਬਰੋਂ ਮੇਂ ਗੁਜਰ ਉਸ ਕਾ ਹੂਆ॥
ਆ ਗਿਆ ਜੀ! ਦੇਖੀਏ? ਨੈ ਰੰਗੀਏ ਆਲਮ ਕੋ ਆਜ॥
ਕੌਣ ਆਇਆ ਇਸ ਜਹਾਂ ਮੇਂ ਔਰ ਕੌਣ ਚਲ ਦੀਆ॥

ਕਬਰਾਂ ਵਿਚੋਂ ਗੁਜਰਦਿਆਂ ਉਸ ਬਹਿਲੋਲ ਫਕੀਰ ਦੇ ਮਨ ਵਿੱਚ ਪਤਾ ਨਹੀਂ ਕੀ ਫੁਰਨਾ ਫੁਰਿਆ। ਸੋਚਣ ਲੱਗਾ ਕਿ ਹਰ ਆਦਮੀ ਇਸ ਧਰਤੀ ਤੇ ਆ ਕੇ ਆਪਣੇ ਆਪ ਨੂੰ ਕਿਸੇ ਬਾਦਸ਼ਾਹ ਤੋਂ ਘਟ ਨਹੀਂ ਸਮਝਦਾ। ਪਰ ਇਹਨਾਂ ਕਬਰਾਂ ਵਿੱਚ ਆ ਕੇ ਸਾਰਿਆਂ ਦੀਆਂ ਲਾਸ਼ਾਂ ਇਕੋ ਮਿੱਟੀ ਵਿੱਚ ਦਫ਼ਨਾ ਦਿੱਤੀਆਂ ਜਾਂਦੀਆਂ ਹਨ। ਕੁਝ ਪਤਾ ਨਹੀਂ ਲੱਗਦਾ ਕਿ ਕਿਹੜੀ ਮਿੱਟੀ ਬਾਦਸ਼ਾਹ ਦੀ ਹੈ ਅਤੇ ਕਿਹੜੀ ਗਰੀਬ ਦੀ। ਰੰਕ, ਰਾਜਾ ਸਭ ਏਥੇ ਬਰਾਬਰ ਹਨ। ਉਸ ਫਕੀਰ ਦੇ ਮਨ ਵਿੱਚ ਇਸ ਤਰ੍ਹਾਂ ਦੀ ਵਿਚਾਰ ਚਲੀ ਕਿ ਉਸ ਨੇ ਫੈਸਲਾ ਕੀਤਾ, ਕਿ ਰਾਜੇ ਦੀ ਕਬਰ ਚੋਂ ਖੋਪੜੀ ਕੱਢ ਕੇ, ਕਿਸੇ ਗਰੀਬ ਦੀ ਕਬਰ ਦੀ ਖੋਪੜੀ ਨਾਲ ਮਿਲਾ ਕੇ ਦੇਖਿਆ ਜਾਵੇ ਕਿ ਕੀ ਫਰਕ ਹੈ? ਇਸ ਸੋਚ ਨਾਲ ਹੀ ਬਹਿਲੋਲ ਨੇ, ਕਬਰ ਤੋਂ

ਕੁਛ ਉਠਾ ਪੱਥਰ ਇਧਰ ਔਰ, ਉਸ ਤਰਫ਼ ਕੁਛ ਫੈਂਕ ਦੀਏ,
ਖੋਪਰੀ ਏਕ ਹਾਥ ਲੀ ਔਰ ਗੌਰ ਕਰਨੇ ਲਗ ਗਿਆ॥

ਕੁਝ ਪੱਥਰ ਕਬਰ ਤੋਂ ਇਧਰ ਕੀਤੇ। ਕੁਝ ਦੂਜੀ ਤਰਫ਼ ਕੀਤੇ ਤੇ ਕਬਰ ਵਿਚੋਂ ਇਕ ਮੁਰਦੇ ਦੀ ਖੋਪੜੀ ਕੱਢ ਕੇ ਹੱਥ ਵਿੱਚ ਫੜ ਲਈ। ਅਜੇ ਉਸ ਖੋਪੜੀ ਤੇ ਕੁਝ ਗੌਰ ਨਾਲ ਵਿਚਾਰ ਕਰ ਹੀ ਰਿਹਾ ਸੀ ਕਿ-

ਆ ਗਿਆ ਇਤਫ਼ਾਕ ਸੇ ਸਾਹ-ਏ ਸਮਰਕੰਦ ਉਸ ਤਰਫ਼,
ਦੇਖ ਕਰ ਬਹਿਲੋਲ ਕੋ ਗੁੱਸੇ ਮੇਂ ਆਗ ਬਗੋਇਆ ਹੂਆ॥

ਇਤਫ਼ਾਕਨ ਹੀ ਸਮਰਕੰਦ ਬਾਦਸ਼ਾਹ ਘੋੜੇ ਤੇ ਅਸਵਾਰ ਹੋਇਆ ਹੋਇਆ ਆਪਣੇ ਨਾਲ ਇਕ ਦਸਤਾ ਸਿਪਾਹੀਆਂ ਦਾ ਘੋੜ ਸਵਾਰ ਲਿਆ ਹੋਇਆ, ਓਧਰ ਹੀ ਆ ਗਿਆ। ਬਹਿਲੋਲ ਨੂੰ ਕਬਰਾਂ ਵਿਚੋਂ ਖੋਪਰੀਆਂ ਕੱਢਦੇ ਹੋਏ ਦੇਖ ਕੇ ਉਹ ਬੜਾ ਕ੍ਰੋਧ ਵਿੱਚ ਆਇਆ। ਅੱਗ ਬਬੂਲਾ ਹੋ ਗਿਆ। ਕਿਉਂਕਿ ਮੁਸਲਮਾਨ ਲੋਕ ਕਬਰ ਪੁੱਟਣ ਨੂੰ ਬੜਾ ਹੀ ਬੁਰਾ ਮਨਾਉਂਦੇ ਹਨ। ਮੁਸਲਮਾਨਾਂ ਦਾ ਯਕੀਨ ਹੈ ਕਿ

ਪਰਲੋ ਤੋਂ ਬਾਅਦ ਕਿਆਮਤ ਵਾਲੇ ਦਿਨ ਸਾਰੀਆਂ ਰੂਹਾਂ ਹਜ਼ਰਤ ਮੁਹੰਮਦ ਸਾਹਿਬ ਦੀ ਅਗਵਾਈ ਵਿੱਚ ਕਬਰਾਂ ਵਿਚੋਂ ਉਠ ਕੇ ਜੰਨਤ ਵਿੱਚ ਜਾਣਗੀਆਂ। ਜਿਹੜੀ ਇੱਕ ਵਾਰ ਕਬਰ ਦਫ਼ਨਾ ਦਿੱਤੀ ਜਾਵੇ, ਉਹ ਦੁਬਾਰਾ ਨਹੀਂ ਪੁਟੀ ਜਾਣੀ ਚਾਹੀਦੀ। ਪਰ ਰੱਬ ਦੇ ਬੰਦਿਆਂ ਨੂੰ ਕੀ ਲਗੇ ਏਨਾ ਬੰਦਸ਼ਾਂ ਨਾਲ। ਉਹ ਤਾਂ ਜੰਨਤ ਤੋਂ ਅੱਗੇ ਦੀ ਦੁਨੀਆਂ ਵਿੱਚ ਪਹੁੰਚ ਕੇ ਹੀ ਗੱਲ ਕਰਦੇ ਹਨ। ਬਹਿਲੋਲ ਤਾਂ ਰੱਬ ਦੇ ਉਹਨਾਂ ਬੰਦਿਆਂ ਵਿਚੋਂ ਇੱਕ ਸੀ, ਜਿਹੜੇ ਜੰਨਤ ਤੋਂ ਅੱਗੇ ਲੰਘ ਕੇ, ਫਿਰ ਗੱਲ ਕਰਦੇ ਹਨ। ਸੋ ਬਹਿਲੋਲ ਦੇ ਹੱਥ ਵਿੱਚ ਇੱਕ ਮੁਰਦੇ ਦੀ ਖੋਪੜੀ ਦੇਖ ਕੇ ਸਮਰਕੰਦ ਅੱਗ ਬਬੂਲਾ ਹੋ ਗਿਆ ਕਹਿਣ ਲੱਗਾ-

ਕਿਆ ਹੈ ਰੇ ਬਹਿਲੋਲ ਦੀਵਾਨੇ! ਫਿਰ ਰਹਾ ਹੈਂ ਕਬਰੋਂ ਮੇਂ ਤੂ,
ਹੈ ਇਨ ਮੇਂ ਤੁਮ੍ਹਾਰਾ ਕਿਆ ਧਰਾ?
ਹੰਸ ਕਰ! ਬਹਿਲੋਲ ਬੋਲਾ ਐ! ਸਾਹ-ਏ-ਗਫ਼ਲਤ ਸੁਆਰ,
ਕਿਆ! ਨਹੀ ਸਮਝਾ ਹੈਂ ਤੂ ਅਬ ਤੱਕ ਹਮਾਰਾ ਮੁੱਦਾ॥

ਸਮਰਕੰਦ ਸ਼ਹਿਨਸ਼ਾਹ ਕਹਿਣ ਲੱਗਾ "ਤੇਰਾ ਕੀ ਏਨ੍ਹਾਂ ਕਬਰਾਂ ਵਿੱਚ ਧਰਿਆ ਹੋਇਆ ਹੈ? ਤੂੰ ਐਵੇਂ ਹੀ ਕਬਰਾਂ ਵਿੱਚ ਕਿਉਂ ਫਿਰਦਾ ਤੇ ਫਰੋਲਦਾ ਰਹਿੰਦਾ ਹੈਂ?" ਬਹਿਲੋਲ ਹੱਸ ਕੇ ਕਹਿਣ ਲੱਗਾ, "ਕੀ ਐ ਸਮਰਕੰਦ! ਮੇਰੇ ਹੱਥ ਵਿੱਚ ਇਹ ਖੋਪੜੀ ਦੇਖ ਕੇ ਵੀ ਮੇਰਾ ਮੁੱਦਾ ਤੇਰੀ ਸਮਝ ਵਿੱਚ ਨਹੀਂ ਆਇਆ?" ਸਮਰਕੰਦ ਕਹਿਣ ਲੱਗਾ "ਨਹੀਂ! ਮੇਰੀ ਸਮਝ ਵਿੱਚ ਤੇਰਾ ਕੀ ਮੁੱਦਾ ਹੈ? ਨਹੀਂ ਆਇਆ?" ਬਹਿਲੋਲ ਕਹਿਣ ਲੱਗਾ ਕਿ-

ਦੇਖਤਾ ਹੂੰ ਮੈਂ ਸਰ ਇਨਸਾਨ ਕੋ ਬ-ਗੌਰ-ਏ-ਖੋਜ,
ਹੋ ਰਹਾ ਹੂੰ ਦੇਰ ਸੇ ਇਸ ਹੀ ਵਹਿਮ ਸੇ ਮੁਬਤਲਾ॥
ਪਰ ਨਹੀਂ ਪੜਤੀ ਸਮਝ ਐ ਸਾਹ-ਏ-ਗਫ਼ਲਤ ਸੁਆਰ,
ਕਿ ਹਰ ਗਦਾ ਔਰ ਸ਼ਾਹ ਕਾ ਆਖਿਰ ਹਸ਼ਰ ਕਿਆ ਹੂਆ॥

ਬਹਿਲੋਲ ਸਮਰਕੰਦ ਨੂੰ ਕਹਿਣ ਲੱਗਾ "ਐ ਰਾਜਨ! ਮੈਂ ਇਨਸਾਨ ਦੀ ਖੋਪੜੀ ਨੂੰ ਆਪਣੇ ਹੱਥ ਵਿੱਚ ਲੈ ਕੇ ਬੰਦੇ ਦੇ ਸਿਰ ਦੀ ਖੋਜ ਕਰ ਰਿਹਾ ਹਾਂ। ਕਾਫੀ ਦੇਰ ਤੋਂ ਏਸੇ ਹੀ ਖੋਜ ਵਿੱਚ ਉਲਝਿਆ ਹੋਇਆ ਹਾਂ ਕਿ ਆਖਰ ਬੰਦੇ ਦੀ ਖੋਪਰੀ ਵਿੱਚ ਕਿਹੜੀ ਚੀਜ਼ ਹੈ, ਜਿਸ ਦਾ ਬੰਦੇ ਨੂੰ ਬੜਾ ਗਰੂਰ ਹੁੰਦਾ ਹੈ? ਪਰ ਮੇਰੀ ਸਮਝ ਵਿੱਚ ਕੁਝ ਨਹੀਂ ਆਉਂਦਾ। ਬੱਸ! ਏਨਾ ਹੀ ਸਮਝ ਵਿੱਚ ਆਉਂਦਾ ਹੈ ਕਿ ਹਰੇਕ ਖੋਪਰੀ ਦਾ ਹਸ਼ਰ ਇਕੋ ਜਿਹਾ ਹੈ। ਮਿੱਟੀ ਦੀ ਢੇਰੀ ਵਿੱਚ ਰਾਜੇ ਦੀ ਖੋਪਰੀ ਵੀ ਦਫ਼ਨ ਹੈ ਅਤੇ ਰੰਕ ਦੀ ਖੋਪੜੀ ਵੀ।"

ਯੇਹ ਖਾਕ ਉਬਰੀ ਖਾਕ ਹੈ, ਔਰ ਗਿਰ ਪੜੀ ਤਉ ਭੀ ਖਾਕ ਹੈ,
ਫਿਰ ਭਲਾ ਇਸ ਖਾਕ ਪਰ, ਇਤਨਾ ਗਰੂਰ-ਓ-ਨਾਜ਼ ਕਿਆ॥

ਬਹਿਲੋਲ, ਬਾਦਸ਼ਾਹ ਸਮਰਕੰਦ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, "ਰਾਜਨ! ਤੇਰੇ ਸਰੀਰ ਦੀ ਖਾਕ ਵੀ ਖਾਕ ਹੈ ਅੱਜ ਤੂੰ ਘੋੜੇ ਤੇ ਅਸਵਾਰ ਅਤੇ ਹਕੂਮਤ ਦਾ ਹੁਕਮਰਾਨ ਹੈਂ। ਏਸ ਕਰਕੇ ਤੂੰ ਗਰੂਰ ਵਿੱਚ ਗਲਤਾਨ ਹੈਂ। ਪਰ ਤੂੰ ਹਕੂਮਤ ਨੂੰ ਛੱਡ ਕੇ ਇੱਕ ਦਿਨ ਇਹਨਾਂ ਕਬਰਾਂ ਦੀ ਮਿੱਟੀ ਥੱਲੇ ਹੀ ਦੱਬੇ ਜਾਣਾ ਹੈ। ਫਿਰ ਭਲਾ ਤੈਨੂੰ ਇਸ ਮਿੱਟੀ ਤੇ ਕਾਹਦਾ ਗਰੂਰ ਹੈ? ਸਮਰਕੰਦ ਬਹਿਲੋਲ ਤੋਂ ਬੜਾ ਪ੍ਰਭਾਵਤ ਹੋਇਆ। ਕਹਿਣ ਲੱਗਾ, "ਫਕੀਰ ਸਾਂਈ! ਯਕੀਨਨ ਇਨਸਾਨ ਨੂੰ ਬੜਾ ਗਰੂਰ ਹੈ। ਤੂੰ ਇਨਸਾਨ ਦਾ ਅਸਲੀ ਚਿਹਰਾ ਦਿਖਾ ਸਕਦਾ ਹੈਂ। ਮੈਂ ਤੈਨੂੰ ਆਪਣਾ ਮੁਰਸ਼ਦ ਸਵੀਕਾਰ ਕਰਦਾ ਹਾਂ।"

ਦਰਅਸਲ ਹੰਕਾਰ ਆਪਣੇ-ਆਪਣੇ ਸਮੇਂ, ਆਪਣੀ ਵੱਖਰੀ-ਵੱਖਰੀ ਤਸਵੀਰ ਵਿਖਾਉਂਦਾ ਹੈ। ਗਰੂਰ ਦਾ ਗੁਮਾਨ ਹਟ ਜਾਣ ਤੋਂ ਬਾਅਦ ਸਿਰਫ, ਹੱਥ ਵਿੱਚ ਪਛਤਾਵਾ ਹੁੰਦਾ ਹੈ। ਜਿਹੜਾ ਜੁਆਨੀ ਦਾ ਗਰੂਰ ਹੁੰਦਾ ਹੈ, ਉਹ ਬੁਢੇਪਾ ਆਉਣ ਤੇ ਟੁੱਟ ਜਾਂਦਾ ਹੈ। ਜਿਹੜਾ ਧਨ ਦੌਲਤ ਦਾ ਹੰਕਾਰ ਹੁੰਦਾ ਹੈ। ਧਨ ਦੇ ਜਾਣ ਨਾਲ ਚਲਾ ਜਾਂਦਾ ਹੈ। ਧਨ ਜਾਂਦਾ ਹੈ ਤੇ ਨਾਲ ਹੰਕਾਰ ਵੀ ਜਾਂਦਾ ਹੈ। ਪਰ ਪਿਛੇ ਪਛਤਾਵਾ ਛੱਡ ਜਾਂਦਾ ਹੈ। ਜਿਹੜਾ ਹੰਕਾਰ ਹਕੂਮਤ ਦੇ ਨਸ਼ੇ ਦਾ ਹੁੰਦਾ ਹੈ। ਉਹ ਹਕੂਮਤ ਟੁੱਟ ਜਾਣ ਨਾਲ ਉੱਤਰ ਜਾਂਦਾ ਹੈ। ਇੱਕ ਉਰਦੂ ਦੇ ਅਦੀਬ ਕਹਿੰਦੇ ਹਨ ਕਿ ਆਦਮੀ ਨੂੰ ਕੀ ਤਸ਼ਬੀਹ ਦਿੱਤੀ ਜਾਵੇ? ਪਸ਼ੂਆਂ ਵਰਗੇ ਕੰਮ ਇਨਸਾਨ ਦੇ ਦੇਖ ਕੇ ਕਹਿਣਾ ਪੈਂਦਾ ਹੈ ਕਿ ਦੋ ਪੈਰਾਂ ਤੇ ਦੋ ਹੱਥਾਂ ਵਾਲਾ ਹੈਵਾਨ ਹੈ। ਪਰ ਜਦੋਂ ਕਬਰਾਂ ਦੀ ਮਿੱਟੀ ਵਿੱਚ ਇਸ ਦੀ ਮਿੱਟੀ ਮਿਲਦੀ ਦੇਖੀ ਦੀ ਹੈ ਤਾਂ ਕਹਿਣਾ ਪੈਂਦਾ ਹੈ ਕਿ ਬੰਦਾ ਤਾਂ ਕੋਈ ਚੀਜ਼ ਨਹੀਂ ਹੈ। ਮਿੱਟੀ ਦੀ ਢੇਰੀ ਹੈ। ਦੋ ਦਿਨ ਦਾ ਮਹਿਮਾਨ ਹੈ। ਪਰ ਦੂਸਰਿਆਂ ਦੇ ਘਰ ਜਾਇਦਾਦਾਂ ਉੱਪਰ ਵੀ ਕਬਜ਼ਾ ਕਰਦਾ ਹੈ, ਤਾਂ ਕਹਿਣਾ ਪੈਂਦਾ ਹੈ ਕਿ ਜਿਵੇਂ ਇਸ ਬੰਦੇ ਨੇ ਦੁਨੀਆਂ ਤੋਂ ਕਦੇ ਨਹੀਂ ਜਾਣਾ। ਪਰ ਜਦੋਂ ਆਖਰੀ ਦਿਨ ਆਉਣ ਲੱਗਦਾ ਹੈ ਤਾਂ ਬੰਦੇ ਦੀ ਹਾਲਤ ਤੇ ਬੜਾ ਤਰਸ ਆਉਂਦਾ ਹੈ। ਉਸ ਵਕਤ ਸਮਝ ਆਉਂਦੀ ਹੈ ਕਿ ਹੰਕਾਰ ਮਿੱਟੀ ਦੀ ਮੁੱਠੀ ਤੇ ਕੀਤਾ ਹੈ। ਕਿਉਂਕਿ ਉਸ ਵਕਤ ਤੱਕ ਬੰਦਾ ਨਿਦਾਨ ਹੀ ਰਹਿੰਦਾ ਹੈ। ਦਰਅਸਲ ਏਹੀ ਮਾਇਆ ਦੀ ਕਲਾ ਹੈ। ਏਸ ਕਲਾ ਨੂੰ ਸਮਝਣਾ ਹੀ ਪ੍ਰਮਾਤਮਾ ਨੂੰ ਸਮਝਣਾ ਹੈ।

ਹਉਮੈ ਬੂਝੈ ਤਾ ਦਰੁ ਸੂਝੈ॥ ਗਿਆਨ ਵਿਹੂਣਾ ਕਥਿ ਕਥਿ ਲੂਝੈ॥ *(ਪੰਨਾ ੪੬੬)*

ਪਰ ਜਦੋਂ ਵਕਤ ਹੁੰਦਾ ਹੈ ਤਾਂ ਇਸ ਦਰ ਦੀ ਸਮਝ ਨਹੀਂ ਲੱਗਦੀ, ਕਿਉਂਕਿ ਉਸ ਵਕਤ ਆਦਮੀ ਗ਼ਫ਼ਲਤ ਵਿੱਚ ਹੁੰਦਾ ਹੈ। ਜਦੋਂ ਸਮਝ ਲੱਗਦੀ ਹੈ ਤਾਂ ਬੰਦੇ ਕੋਲ ਵਕਤ ਨਹੀਂ ਹੁੰਦਾ, ਕਿਉਂਕਿ ਆਦਮੀ ਦਾ ਸਰੀਰ ਜਰਜਰਾ ਹੋ ਚੁੱਕਾ ਹੁੰਦਾ ਹੈ। ਇਕ ਉਰਦੂ ਦੇ ਸ਼ਾਇਰ ਕਹਿੰਦੇ ਹਨ ਕਿ–

ਕਿਆ ਕਹੋਂ ਆਲਮ ਮੇਂ, ਹਮ ਇਨਸਾਨ ਯਾ ਹੈਵਾਨ ਥੇ॥
ਖਾਕ ਥੇ ਕਿਆ ਥੇ? ਗਰਜ ਕਿ ਇਕ ਆਮ ਮਹਿਮਾਨ ਥੇ॥
ਕਰ ਗੇ ਥੇ ਆਪ ਕਬਜ਼ਾ ਗੈਰ ਕੀ ਅਮਲਾਕ ਪਰ,
ਛੀਨਾ ਜਬ ਜਬ ਉਸ ਨੇ ਤਬ ਸਮਝਾ ਕਿ ਹਮ ਨਿਦਾਨ ਥੇ॥

ਕਬੀਰ ਸਾਹਿਬ ਦੀ ਜੀਵਨ ਕਥਾ ਵਿੱਚ ਇੱਕ ਕਥਾ ਦਰਜ ਹੈ। ਇਕ ਦਿਨ ਕਬੀਰ ਸਾਹਿਬ ਜੀ ਕਬਿਰਸਤਾਨ ਵਿਚੋਂ ਦੀ ਕਿਤੇ ਗੁਜ਼ਰ ਰਹੇ ਸਨ। ਕਿਸੇ ਇਨਸਾਨ ਦੀ ਖੋਪਰੀ ਪਈ ਹੋਈ ਸੀ। ਬਾਰਸ਼ ਦਾ ਪਾਣੀ ਉਸ ਖੋਪਰੀ ਵਿੱਚ ਭਰਿਆ ਹੋਇਆ ਸੀ। ਕੋਈ ਕਾਂ ਉਸ ਖੋਪਰੀ ਦੇ ਪਾਣੀ ਵਿਚੋਂ ਪਾਣੀ ਪੀ ਰਿਹਾ ਸੀ। ਨਾਲ ਆਪਣੀ ਚੁੰਝ ਨੂੰ ਸਾਫ ਕਰ ਰਿਹਾ ਸੀ। ਕਬੀਰ ਸਾਹਿਬ ਨੂੰ ਦੇਖ ਕੇ ਬੜੀ ਗੰਭੀਰਤਾ ਹੋਈ। ਸੋਚਣ ਲੱਗੇ ਕਿ ਇਹ ਖੋਪਰੀ ਕਿਸੇ ਇਨਸਾਨ ਦੀ ਹੀ ਹੈ। ਕਦੇ ਇਹ ਇਨਸਾਨ ਵੀ ਜੁਆਨੀ ਵਿੱਚ ਹੋਵੇਗਾ। ਜਿਸ ਸਿਰ ਦੀ ਖੋਪਰੀ ਵਿੱਚ ਅੱਜ ਕਊਆ ਆਪਣੀ ਗੰਦੀ ਬੂਥੀ ਸੁਆਰ ਰਿਹਾ ਹੈ, ਏਸ ਸਿਰ ਤੇ ਕਦੇ ਸੁਆਰ ਸੁਆਰ ਕੇ ਪੱਗ ਬੰਨ੍ਹੀ ਜਾਂਦੀ ਹੋਵੇਗੀ। ਬੜਾ ਗਰੂਰ ਹੋਵੇਗਾ ਓਸ ਵਕਤ। ਪਰ ਅੱਜ ਓਹੀ ਖੋਪਰੀ ਹੈ, ਜਿਸ ਵਿੱਚ ਕਾਂ ਕੁੱਤੇ ਪਾਣੀ ਪੀ ਰਹੇ ਹਨ। ਕਬੀਰ ਸਾਹਿਬ ਨੇ ਏਸ ਹਕੀਕਤ ਨੂੰ ਆਪਣੀ ਬਾਣੀ ਵਿੱਚ ਬੜਾ ਸੁੰਦਰ ਅੰਕਿਤ ਕੀਤਾ ਹੈ।

ਜਿਹ ਸਿਰਿ ਰਚਿ ਰਚਿ ਬਾਧਤ ਪਾਗ॥ ਸੋ ਸਿਰੁ ਚੁੰਚ ਸਵਾਰਹਿ ਕਾਗ॥

....

ਕਹਤ ਕਬੀਰ ਸੁਨਹੁ ਮਨ ਮੇਰੇ॥ ਇਹੀ ਹਵਾਲ ਹੋਹਿਗੇ ਤੇਰੇ॥
(ਪੰਨਾ ੩੩੦)

ਮਹਾਤਮਾ ਲੋਕ ਕੋਈ ਉਪਦੇਸ਼ ਸੰਸਾਰ ਵਾਸਤੇ ਵੀ ਕਰਨ ਤਾਂ ਵੀ ਉਪਦੇਸ਼ ਆਪਣੇ ਆਪ ਦੇ ਨਾਮ ਉੱਪਰ ਕਹਿੰਦੇ ਹਨ। ਕਬੀਰ ਸਾਹਿਬ ਕਹਿ ਤਾਂ ਦੁਨੀਆਂ ਦੇ ਹੰਕਾਰੀ ਲੋਕਾਂ ਨੂੰ ਰਹੇ ਹਨ। ਪਰ ਆਪ ਕਹਿੰਦੇ ਹਨ ਕਿ ਐ ਮਨ! ਤੈਨੂੰ ਕਿਸ ਚੀਜ਼ ਦਾ ਹੰਕਾਰ ਹੈ। ਜਿਹੜੇ ਸਿਰ ਤੇ ਸੋਹਣੀ ਪੱਗ ਬੰਨ੍ਹੀ ਜਾਂਦੀ ਹੈ। ਜਿਸ ਸੁਹੱਪਣ ਨੂੰ ਸ਼ੀਸ਼ੇ ਵਿੱਚ ਦੇਖ ਕੇ ਗਰੂਰ ਕਰਦਾ ਹੈਂ, ਉਹੀ ਹੱਡੀਆਂ ਅੱਜ ਕਬਰਾਂ ਵਿੱਚ ਰੁਲ ਰਹੀਆਂ ਹਨ।

ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ॥
ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ॥ ੩੮॥ *(ਪੰਨਾ ੧੩੬੬)*

ਕਬੀਰ ਜੀ ਕਹਿੰਦੇ ਹਨ, ਐ ਬੰਦੇ! ਆਪਣਾ ਸੋਹਣਾ ਤੇ ਵੱਡਾ ਮਹੱਲ ਮਕਾਨ ਦੇਖ ਕੇ ਹੰਕਾਰ ਨਾ ਕਰ। ਤੇਰਾ ਘਰ ਜਿੱਡਾ ਮਰਜ਼ੀ ਉੱਚਾ ਹੋਵੇ। ਪਰ ਤੈਨੂੰ ਅੱਜ ਨਹੀਂ ਤਾਂ ਕੱਲ੍ਹ, ਭੁੰਏਂ ਹੀ ਲੇਟਣਾ ਪੈਣਾ ਹੈ। ਤੇਰੀ ਮਿੱਟੀ ਧਰਤੀ ਦੀ ਮਿੱਟੀ ਵਿੱਚ ਮਿਲ

ਜਾਏਗੀ। ਉਸ ਮਿੱਟੀ ਤੇ ਫਿਰ ਘਾਹ ਪੈਦਾ ਹੋ ਜਾਵੇਗਾ। ਉਪਰੋਂ ਫਿਰ ਲੋਕ ਆਮ ਵਿਚਰਨਗੇ। ਕਿਸੇ ਨੂੰ ਇਹ ਖ਼ਬਰ ਵੀ ਨਹੀਂ ਹੋਵੇਗੀ ਕਿ ਜਿਸ ਧਰਤੀ ਤੇ ਅਸੀਂ ਵਿਚਰ ਰਹੇ ਹਾਂ, ਇਸ ਮਿੱਟੀ ਵਿੱਚ ਕਿੰਨੇ ਉਨ੍ਹਾਂ ਲੋਕਾਂ ਦੀ ਮਿੱਟੀ ਮਿਲੀ ਹੋਈ ਹੈ, ਜਿਹੜੇ ਕੱਲ੍ਹ ਇਸ ਧਰਤੀ ਤੇ ਆਪਣੇ ਵੱਡੇ-ਵੱਡੇ ਮਹੱਲਾਂ ਦੇ ਗੁਮਾਨ ਕਰਦੇ ਸਨ।

ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ ॥
ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ ॥ ੪੦ ॥

(ਪੰਨਾ ੧੩੬੬)

ਕਬੀਰ ਸਾਹਿਬ ਕਹਿੰਦੇ ਹਨ, ਐ ਇਨਸਾਨ! ਆਪਣੀ ਸੋਹਣੀ ਬਾਂਕੀ ਤੇ ਵੱਡੀ ਦੇਹ ਦੇਖ ਕੇ ਹੰਕਾਰ ਨਾ ਕਰ? ਕਿਉਂਕਿ ਸਰੀਰ ਕਿੰਨਾ ਵੀ ਸੋਹਣਾ ਹੋਵੇ ਇਕ ਦਿਨ ਤਾਂ ਇਹ ਛੁਟ ਹੀ ਜਾਂਦਾ ਹੈ। ਇਹ ਤਨ ਇਸ ਤਰ੍ਹਾਂ ਛੁੱਟ ਜਾਂਦਾ ਹੈ ਜਿਵੇਂ ਸੱਪ ਆਪਣੀ ਕੁੰਜ ਤਿਆਗ ਦੇਂਦਾ ਹੈ।

ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ੨੭ ॥

(ਪੰਨਾ ੧੩੬੫)

ਕਬੀਰ ਸਾਹਿਬ ਕਹਿੰਦੇ ਹਨ, ਐ ਬੰਦੇ! ਆਪਣੀ ਜੁਆਨੀ ਅਤੇ ਤੰਦਰੁਸਤ ਸਰੀਰ ਦਾ ਹੰਕਾਰ ਨਾ ਕਰ। ਧਨ, ਜੋਬਨ ਤੇ ਸੁੰਦਰਤਾ ਜਿਨ੍ਹਾਂ ਕੋਲ ਲੱਖਾਂ ਕਰੋੜਾਂ ਵਿੱਚ ਸੀ, ਉਹ ਵੀ ਇਸ ਧਰਤੀ ਤੇ ਆ ਕੇ ਨੰਗੇ ਪੈਰੀਂ ਹੀ ਗਏ ਹਨ। ਹੰਕਾਰ ਕਿਸੇ ਗੱਲ ਦਾ ਨਹੀਂ ਚੰਗਾ।

ਜਿਹੜੇ ਇਸ ਧਰਤੀ ਤੇ ਏਡੇ ਵੱਡੇ ਸਨ ਕਿ ਘੋੜਿਆਂ ਤੇ ਅਸਵਾਰ ਹੁੰਦੇ ਸਨ, ਉੱਪਰ ਉਹਨਾਂ ਤੇ ਛੱਤਰ ਰਹਿੰਦਾ ਸੀ। ਐਸੇ ਛੱਤਰਧਾਰੀ ਵੀ ਇਸੇ ਧਰਤੀ ਵਿੱਚ ਦੱਬੇ ਪਏ ਹਨ।

ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ ॥
ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥ ੬੪ ॥

(ਪੰਨਾ ੧੩੬੭)

ਭਾਵ ਕਿ ਜਿਸ ਨੂੰ ਮਨੁੱਖ ਆਖਿਆ ਜਾਂਦਾ ਹੈ ਇਹ ਮਿੱਟੀ ਦਾ ਪੁਤਲਾ ਹੈ। ਚਾਰ ਦਿਨਾਂ ਦਾ ਮਹਿਮਾਨ। ਪਰ ਸੰਸਾਰ ਵਿੱਚ ਏਨੇ ਵੱਡੇ ਦਾਵ੍ਹੇ ਕਰਕੇ ਵੱਡੇ ਮਹੱਲ ਬਣਾ ਕੇ ਸਾਰੀ ਧਰਤੀ ਨੂੰ ਰੁੰਨਿਆ ਪਿਆ ਹੈ। ਕਿਸੇ ਨੂੰ ਰਹਿਣ ਲਈ ਥਾਂ ਨਹੀਂ ਮਿਲਦੀ ਤੇ ਕੋਈ ਸਾਰੀ ਧਰਤੀ ਨੂੰ ਕਬਜ਼ਾ ਕਰੀ ਬੈਠਾ ਹੈ। ਭਗਤ ਨਾਮਦੇਵ ਜੀ ਮਹਾਰਾਜ ਕਹਿੰਦੇ ਹਨ ਕਿ ਐ ਬੰਦੇ! ਕਾਹਦਾ ਗਰਬ ਕਰਦਾ ਹੈਂ? ਝੂਠੀ ਤਨ ਦੇਹ ਨੇ ਇਕ ਦਿਨ ਬਿਨਸ ਹੀ ਜਾਣਾ ਹੈ।

ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥

(ਪੰਨਾ ੬੯੨)

ਬਾਰਾਂ ਜੋਜਨਾਂ ਤੱਕ ਜਿਹੜੇ ਦਰਯੋਧਨ ਦੇ ਭਰਾ ਕੌਰਵਾਂ ਦਾ ਛੱਤਰ ਝੂਲਦਾ ਸੀ। ਅਖੀਰੀ ਦਮ ਤੇ ਉਨ੍ਹਾਂ ਦਾ ਮਾਸ ਕਾਂਵਾਂ ਗਿਰਝਾਂ ਨੇ ਖਾਧਾ। ਰਾਵਣ ਦੀ ਸਾਰੀ ਲੰਕਾ ਸੋਨੇ ਨਾਲ ਬਣਾਈ ਹੋਈ ਸੀ। ਖਿਨ ਵਿੱਚ ਹੀ ਪਰਾਇਆਂ ਨੇ ਖੋਹ ਲਈ-

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥੨॥
ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥
ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥੩॥

(ਪੰਨਾ ੬੯੨)

ਕਹਿੰਦੇ ਹਨ ਕਿ ਰਾਵਣ ਦਾ ਇਕ ਲੱਖ ਪੁੱਤਰ ਸੀ। ਸਵਾ ਲੱਖ ਪੋਤਰਾ ਸੀ। ਪਰ ਅਖੀਰ ਤੇ ਉਸ ਦੇ ਘਰ ਵਿੱਚ ਦੀਵਾ ਜਗਾਉਣ ਵਾਲਾ ਕੋਈ ਨਹੀਂ ਸੀ।

ਇਕੁ ਲਖੁ ਪੂਤ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥੨॥

(ਪੰਨਾ ੪੮੧)

ਜਦੋਂ ਏਨੇ ਵੱਡੇ-ਵੱਡੇ ਹੰਕਾਰੀ ਲੋਕਾਂ ਦੀ ਕੋਈ ਪੇਸ਼ ਨਹੀਂ ਗਈ, ਤਾਂ ਤੂੰ ਕਿਉਂ ਹੰਕਾਰ ਕਰਦਾ ਹੈਂ? ਹੰਕਾਰੀ ਬੰਦੇ ਨੂੰ ਜਾਪਦਾ ਹੈ ਕਿ ਉਸ ਦੀ ਬੜੀ ਵਡਿਆਈ ਉਪਮਾ ਹੋ ਰਹੀ ਹੈ। ਉਪਮਾ ਐਵੇਂ ਹੀ ਲੋਕ ਵਿਖਾਵਾ ਹੁੰਦੀ ਹੈ। ਇਹ ਭਰਮ ਵਿੱਚ ਨਹੀਂ ਪੈਣਾ ਚਾਹੀਦਾ ਕਿ ਮੈਂ ਬਹੁਤ ਮਹਾਨ ਹੋ ਗਿਆ ਹਾਂ। ਕਬੀਰ ਸਾਹਿਬ ਕਹਿੰਦੇ ਹਨ ਕਿ ਹੰਕਾਰੀ ਬੰਦੇ ਦੀ ਵਡਿਆਈ ਬਾਂਸ ਦੇ ਦਰੱਖਤ ਵਰਗੀ ਹੁੰਦੀ ਹੈ। ਚੰਦਨ ਛੋਟਾ ਹੁੰਦਾ ਹੈ ਪਰ ਚੰਦਨ ਵਾਲੇ ਗੁਣ ਬਾਂਸ ਵਿੱਚ ਨਹੀਂ ਹੁੰਦੇ। ਚੰਦਨ ਤੋਂ ਬਾਕੀ ਬੂਟੇ ਸੁਗੰਧ ਉਧਾਰੀ ਵੀ ਲੈ ਲੈਂਦੇ ਹਨ, ਪਰ ਬਾਂਸ ਐਸਾ ਬੂਟਾ ਹੈ ਕਿ ਚੰਦਨ ਕੋਲ ਪੈਦਾ ਹੋ ਕੇ ਵੀ ਸੁਗੰਧਤ ਨਹੀਂ ਹੋ ਸਕਦਾ। ਬਾਂਸ ਵਿੱਚ ਕੋਈ ਗੁਣ ਨਹੀਂ ਹੁੰਦਾ। ਪਰ ਬਾਂਸ ਨੂੰ ਵੀ ਇਹ ਹਉਮੈ ਹੋ ਸਕਦੀ ਹੈ ਕਿ ਮੈਂ ਬਹੁਤ ਵੱਡਾ ਹਾਂ। ਯਾਦ ਰੱਖੀਏ ਬਾਂਸ ਆਪਣੀ ਕੁਲ ਦਾ ਨਾਸ਼, ਆਪ ਹੀ ਕਰਦਾ ਹੈ। ਜੰਗਲ ਵਿੱਚ ਜਦੋਂ ਬਹੁਤ ਜ਼ੋਰ ਨਾਲ ਹਨ੍ਹੇਰੀ ਚਲਦੀ ਹੈ ਤਾਂ ਬਾਂਸ ਆਪਸ ਵਿੱਚ ਜ਼ੋਰ ਨਾਲ ਰਗੜਨ ਲੱਗਦੇ ਹਨ। ਸਾਰਾ ਜੰਗਲ ਹੀ ਉਂਝ ਤਾਂ ਆਪਸ ਵਿੱਚ ਰਗੜਿਆ ਜਾ ਰਿਹਾ ਹੁੰਦਾ ਹੈ। ਜੰਗਲ ਦੇ ਹੋਰ ਕਿਸੇ ਪੌਦੇ ਵਿਚੋਂ ਰਗੜ ਨਾਲ ਅੱਗ ਨਹੀਂ ਪੈਦਾ ਹੁੰਦੀ। ਪਰ ਬਾਂਸ ਦੇ ਪੌਦੇ ਨੂੰ ਆਪਣੇ ਆਪ ਵਿਚ ਰਗੜ ਵਿਚੋਂ ਹੀ ਅੱਗ ਲਗਦੀ ਹੈ। ਆਪ ਵੀ ਸੜਦਾ ਹੈ ਤੇ ਦੂਜਿਆਂ ਨੂੰ ਵੀ ਸਾੜਦਾ ਹੈ। ਏਸ ਤਰ੍ਹਾਂ ਕੋਈ ਵੀ ਜਿਥੇ ਬਾਂਸ ਦਾ ਜੰਗਲ ਹੁੰਦਾ ਹੈ ਤਾਂ ਸਾਰਾ ਜੰਗਲ ਹੀ ਸੜ ਕੇ ਤਬਾਹ ਹੋ ਜਾਂਦਾ ਹੈ। ਏਸ ਕਰਕੇ ਬਾਂਸ ਆਪਣੀ ਹੀ ਕੁਲ ਦਾ ਨਾਸਕ ਹੈ। ਕਬੀਰ ਸਾਹਿਬ ਕਹਿੰਦੇ ਹਨ ਕਿ ਹੰਕਾਰੀ ਬੰਦੇ ਬਾਂਸ

ਵਾਲੀ ਤਬੀਅਤ ਅਖਤਿਆਰ ਕਰ ਜਾਂਦੇ ਹਨ।

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥ ੧੨॥

(ਸਲੋਕ ਕਬੀਰ, ਪੰਨਾ ੧੩੬੫)

ਗੁਰੂ ਨਾਨਕ ਦੇਵ ਜੀ ਨੇ ਹੰਕਾਰੀ ਬੰਦੇ ਦੀ ਤਸ਼ਬੀਹ ਸਿੰਬਲ ਦੇ ਦਰੱਖਤ ਨਾਲ ਵੀ ਕੀਤੀ ਹੈ। ਕਹਿੰਦੇ ਹਨ ਕਿ ਸਿੰਬਲ ਦਾ ਦਰੱਖਤ ਬੜਾ ਉੱਚਾ ਲੰਬਾ ਹੁੰਦਾ ਹੈ। ਉਸ ਦੀ ਲੱਕੜੀ ਕਿਸੇ ਕੰਮ ਨਹੀਂ ਆਉਂਦੀ। ਉਂਝ ਅਜ ਕਲ੍ਹ ਸਿੰਬਲ ਦੀਆਂ ਮਾਚਿਸਾਂ ਅਤੇ ਪਲਾਈ ਬਣਨ ਲਗ ਪਈ ਹੈ। ਸਿੰਬਲ ਦੇ ਫੁੱਲ ਫਿੱਕੇ ਅਤੇ ਫਲ ਬਕਬਕੇ ਹੁੰਦੇ ਹਨ। ਜੇ ਕੋਈ ਪੰਛੀ ਸਿੰਬਲ ਦੇ ਫਲਾਂ ਦੀ ਕੋਈ ਆਸ ਕਰਕੇ ਖਾਣਾ ਚਾਹਵੇ, ਤਾਂ ਉਸ ਪੰਛੀ ਨੂੰ ਕਈ ਵਾਰ ਜਾਨ ਤੋਂ ਵੀ ਹੱਥ ਧੋਣੇ ਪੈਂਦੇ ਹਨ। ਭਗਤ ਨਾਮਦੇਵ ਜੀ ਮਹਾਰਾਜ ਨੇ ਆਪਣੀ ਬਾਣੀ ਵਿੱਚ ਇਸ ਹਕੀਕਤ ਨੂੰ ਦਰਸਾਇਆ ਹੈ। ਸਿੰਬਲ ਦੇ ਫਲ ਨੂੰ ਤੋਤੇ ਨੇ ਦੇਖਿਆ ਤੇ ਤੋਤਾ ਖੁਸ਼ ਹੋ ਗਿਆ। ਫਲ ਦਾ ਰੰਗ ਦੇਖ ਕੇ ਤੋਤੇ ਨੇ ਸੋਚਿਆ ਕਿ ਬੜਾ ਸੁਆਦੀ ਹੋਵੇਗਾ? ਤੋਤੇ ਨੇ ਜ਼ੋਰ ਨਾਲ ਲੰਬੀ ਉਡਾਰੀ ਮਾਰੀ ਤੇ ਬਹੁਤ ਲੰਬੇ ਸਿੰਬਲ ਦੇ ਦਰੱਖਤ ਦੀ ਚੋਟੀ ਤੇ ਲੱਗੇ ਫਲ ਨੂੰ, ਜ਼ੋਰ ਨਾਲ ਜਾ ਚੁੰਝ ਮਾਰੀ। ਕਹਿੰਦੇ ਹਨ ਕਿ ਸਿੰਬਲ ਦਾ ਫਲ ਏਨਾ ਚੀੜ੍ਹਾ ਤੇ ਲੇਸਲਾ ਹੁੰਦਾ ਹੈ ਕਿ ਉਸ ਦੀ ਲੇਸ ਜੇ ਦੋ ਪੋਟਿਆਂ ਨੂੰ ਆਪਸ ਵਿੱਚ ਲੱਗ ਜਾਏ ਤਾਂ ਉਪਰਲੀ ਚਮੜੀ ਉਧੜ ਜਾਂਦੀ ਹੈ। ਪਰ ਲੇਸ ਨਹੀਂ ਉਤਰਦੀ। ਤੋਤੇ ਨੇ ਫਲ ਵਿੱਚ ਜ਼ੋਰ ਨਾਲ ਚੁੰਝ ਮਾਰੀ ਤੇ ਤੋਤੇ ਦੀ ਚੁੰਝ ਉਸ ਫਲ ਵਿੱਚ ਹੀ ਫਸ ਗਈ। ਤੋਤਾ ਉਸ ਸਿੰਬਲ ਦੇ ਫਲ ਵਿੱਚ ਫਸਿਆ ਹੀ ਖੰਭ ਫਟਕ ਫਟਕ ਕੇ ਮਰ ਗਿਆ। ਜਿਵੇਂ ਬਿਜਲੀ ਦੀ ਤਾਰ ਨਾਲ ਕਰੰਟ ਪੈ ਕੇ ਕੋਈ ਪੰਛੀ ਲਟਕਿਆ ਹੀ ਰਹਿ ਜਾਂਦਾ ਹੈ। ਬਸ! ਸਿੰਬਲ ਦੇ ਫਲਾਂ ਵਿਚ ਜਿਹੜੇ ਪੰਛੀ ਚੁੰਝਾਂ ਮਾਰਦੇ ਹਨ, ਉਹ ਉੱਪਰ ਹੀ ਲਟਕੇ ਰਹਿ ਜਾਂਦੇ ਹਨ। ਭਗਤ ਨਾਮਦੇਵ ਜੀ ਇਹ ਉਪਦੇਸ਼ ਦਰਸਾਉਂਦੇ ਹਨ।

ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ ਲਪਟਾਨਾ॥ ੧॥

(ਪੰਨਾ ੧੧੬੫)

ਜਿਹੜੇ ਲੋਕ ਹੰਕਾਰੀ ਬੰਦਿਆਂ ਤੋਂ ਕਿਸੇ ਪਰਉਪਕਾਰ ਜਾਂ ਭਲੇ ਦੀ ਆਸ ਲੈ ਕੇ ਜਾਂਦੇ ਹਨ। ਉਹਨਾਂ ਨੂੰ ਨਿਰਾਸ਼ ਹੀ ਪਰਤਣਾ ਪੈਂਦਾ ਹੈ। ਜਿਹੜੇ ਲੋਕ ਇਹਨਾਂ ਹੰਕਾਰੀ ਸਿੰਬਲਾਂ ਤੋਂ ਜ਼ੋਰ ਦੀ ਚੁੰਝ ਮਾਰ ਕੇ ਕੋਈ ਫਲ ਲੱਭਣਾ ਚਾਹੁੰਦੇ ਹਨ, ਹੰਕਾਰੀਆਂ ਹੱਥੋਂ ਇਨ੍ਹਾਂ ਚੁੰਝਾਂ ਮਾਰਨ ਵਾਲੇ ਪੰਛੀਆਂ ਦੀ ਫਿਰ ਖੈਰ ਨਹੀਂ ਹੁੰਦੀ। ਗੁਰੂ ਨਾਨਕ ਦੇਵ ਜੀ ਦਾ ਪਾਵਨ ਉਪਦੇਸ਼ ਹੈ।

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

(ਪੰਨਾ ੪੭੦)

ਹੰਕਾਰੀ ਬੰਦਾ ਆਪਣੇ ਬਰਾਬਰ ਕਿਸੇ ਨੂੰ ਉੱਡਦਾ ਨਹੀਂ ਦੇਖ ਸਕਦਾ। ਹੰਕਾਰੀ ਕਿਸੇ ਨੂੰ ਪੈਰਾਂ ਹੇਠ ਤਾਂ ਰੱਖ ਸਕਦਾ ਹੈ। ਪਰ ਕੋਈ ਹੰਕਾਰੀ ਦੇ ਸਿਰ ਉਪਰੋਂ ਲੰਘਣ ਦਾ ਯਤਨ ਕਰੇ ਤਾਂ ਹੰਕਾਰ ਨੂੰ ਬੜੀ ਠੇਸ ਲੱਗਦੀ ਹੈ।

ਗੁਰੂ ਅਰਜਨ ਸਾਹਿਬ ਅਤੇ ਲਾਹੌਰ ਦੇ ਦੀਵਾਨ ਚੰਦੂ ਮੱਲ ਦੀ ਆਪਸ ਵਿੱਚ ਬਹੁਤ ਵਿਰੋਧਤਾ ਹੋ ਗਈ ਸੀ ਇਸ ਵਿਰੋਧਤਾ ਦਾ ਕਾਰਨ ਇਹ ਨਹੀਂ ਸੀ ਕਿ ਗੁਰੂ ਅਰਜਨ ਸਾਹਿਬ ਜੀ ਦੇ ਕੋਈ ਵਿਰੋਧੀ ਦੁਸ਼ਮਣ ਸਨ। ਇਸ ਵਿਰੋਧਤਾ ਦਾ ਕਾਰਨ ਕੇਵਲ ਸੱਚ ਤੇ ਹੰਕਾਰ ਦੀ ਟੱਕਰ ਸੀ। ਇਹ ਇਤਿਹਾਸਕ ਕਥਾ ਇਸ ਤਰ੍ਹਾਂ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੇ ਇਕਲੌਤੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਜੀ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਚਪਨ ਤੋਂ ਹੀ ਤਨ ਦਾ ਡੀਲ ਡੌਲ ਬਹੁਤ ਸੁੰਦਰ ਸੀ। ਦੇਖਣ ਵਾਲਾ ਦੇਖਦੇ ਹੀ ਮੋਹਿਤ ਹੋ ਜਾਂਦਾ ਸੀ। ਉਹਨਾਂ ਦਿਨਾਂ ਵਿੱਚ ਸਰਦੇ ਪੁਜਦੇ ਘਰਾਂ ਦੀਆਂ ਲੜਕੀਆਂ ਦੇ ਵਰ ਦੀ ਦੇਖਭਾਲ ਤੇ ਰਿਸ਼ਤੇ ਦੀ ਜ਼ਿਮੇਂਵਾਰੀ ਕੁਲ ਪ੍ਰੋਹਿਤ ਦੀ ਹੁੰਦੀ ਸੀ। ਸੰਨ ੧੬੦੪ ਦੇ ਅਖੀਰ ਦੀ ਇਹ ਘਟਨਾ ਹੈ ਕਿ ਲਾਹੌਰ ਦੇ ਚੰਦੂ ਮੱਲ ਦੀਵਾਨ ਨੇ ਆਪਣੇ ਕੁਲ ਪ੍ਰੋਹਿਤਾਂ ਨੂੰ ਕਿਹਾ ਸੀ ਕਿ ਕੋਈ ਸੁੰਦਰ ਵਰ ਘਰ ਦੇਖ ਕੇ ਲੜਕੀ ਦਾ ਰਿਸ਼ਤਾ ਪੱਕਾ ਕਰ ਦਿਉ।

ਪ੍ਰੋਹਿਤ ਚੰਗੇ ਘਰ ਵਰ ਦੀ ਤਲਾਸ਼ ਲਈ ਨਿਕਲੇ ਹੋਏ ਸਨ। ਕਿਤੋਂ ਉਹਨਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਤਾਪ ਬਾਰੇ ਖ਼ਬਰ ਮਿਲੀ ਸੀ। ਉਹ ਪ੍ਰੋਹਿਤ ਦਰਬਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਦੇਖਣ ਆ ਗਏ। ਪ੍ਰੋਹਿਤ ਹਰਿਗੋਬਿੰਦ ਸਾਹਿਬ ਦੀ ਸੁੰਦਰਤਾ ਤੇ ਸ਼ਬ ਦੇਖ ਕੇ ਮੋਹਿਤ ਹੋ ਗਏ। ਨਾਲ ਗੁਰੂ ਅਰਜਨ ਸਾਹਿਬ ਦੀ ਵੀ ਬੜੀ ਜੈ ਜੈ ਕਾਰ ਸੀ। ਲੋਕ ਹੱਥ ਜੋੜ-ਜੋੜ ਕੇ ਅਰਦਾਸਾਂ ਕਰਦੇ ਸਨ। ਪ੍ਰੋਹਿਤਾਂ ਨੇ ਸੋਚਿਆ ਕਿ ਇਸ ਤੋਂ ਵਧੀਆ ਘਰ ਤੇ ਸੁੰਦਰ ਵਰ ਕਿਤੇ ਨਹੀਂ ਮਿਲ ਸਕਦਾ। ਪ੍ਰੋਹਿਤਾਂ ਦੀ ਬੜੀ ਤਸੱਲੀ ਹੋਈ। ਪ੍ਰੋਹਿਤਾਂ ਨੇ ਗੁਰੂ ਅਰਜਨ ਸਾਹਿਬ ਨੂੰ ਸਾਰੀ ਗੱਲਬਾਤ ਦੱਸ ਕੇ ਰਿਸ਼ਤਾ ਪੱਕਾ ਕਰਨ ਦੀ ਆਗਿਆ ਮੰਗੀ। ਗੁਰੂ ਅਰਜਨ ਸਾਹਿਬ ਜੀ ਕਹਿਣ ਲੱਗੇ ਕਿ "ਜੇ ਤੁਹਾਡੀ ਤਸੱਲੀ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਤੁਸੀਂ ਰਿਸ਼ਤਾ ਪੱਕਾ ਕਰ ਸਕਦੇ ਹੋ।" ਸੋ ਪ੍ਰੋਹਿਤਾਂ ਨੇ ਸਵਾ ਰੁਪਿਆ ਤੇ ਗੁੜ ਦੀ ਰੋੜੀ ਸਾਹਿਬਜ਼ਾਦਾ ਹਰਿਗੋਬਿੰਦ ਦੀ ਝੋਲੀ ਵਿੱਚ ਰੱਖ ਕੇ ਗੁਰੂ ਅਰਜਨ ਸਾਹਿਬ ਅੱਗੇ ਮੱਥਾ ਟੇਕ ਦਿੱਤਾ। ਇਹ ਰਿਸ਼ਤਾ ਪੂਰੀ ਤਸੱਲੀ

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

(ਪੰਨਾ ੪੭੦)

ਹੰਕਾਰੀ ਬੰਦਾ ਆਪਣੇ ਬਰਾਬਰ ਕਿਸੇ ਨੂੰ ਉੱਡਦਾ ਨਹੀਂ ਦੇਖ ਸਕਦਾ। ਹੰਕਾਰੀ ਕਿਸੇ ਨੂੰ ਪੈਰਾਂ ਹੇਠ ਤਾਂ ਰੱਖ ਸਕਦਾ ਹੈ। ਪਰ ਕੋਈ ਹੰਕਾਰੀ ਦੇ ਸਿਰ ਉਪਰੋਂ ਲੰਘਣ ਦਾ ਯਤਨ ਕਰੇ ਤਾਂ ਹੰਕਾਰ ਨੂੰ ਬੜੀ ਠੇਸ ਲੱਗਦੀ ਹੈ।

ਗੁਰੂ ਅਰਜਨ ਸਾਹਿਬ ਅਤੇ ਲਾਹੌਰ ਦੇ ਦੀਵਾਨ ਚੰਦੂ ਮੱਲ ਦੀ ਆਪਸ ਵਿੱਚ ਬਹੁਤ ਵਿਰੋਧਤਾ ਹੋ ਗਈ ਸੀ ਇਸ ਵਿਰੋਧਤਾ ਦਾ ਕਾਰਨ ਇਹ ਨਹੀਂ ਸੀ ਕਿ ਗੁਰੂ ਅਰਜਨ ਸਾਹਿਬ ਜੀ ਦੇ ਕੋਈ ਵਿਰੋਧੀ ਦੁਸ਼ਮਣ ਸਨ। ਇਸ ਵਿਰੋਧਤਾ ਦਾ ਕਾਰਨ ਕੇਵਲ ਸੱਚ ਤੇ ਹੰਕਾਰ ਦੀ ਟੱਕਰ ਸੀ। ਇਹ ਇਤਿਹਾਸਕ ਕਥਾ ਇਸ ਤਰ੍ਹਾਂ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੇ ਇਕਲੌਤੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਜੀ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਚਪਨ ਤੋਂ ਹੀ ਤਨ ਦਾ ਡੀਲ ਡੌਲ ਬਹੁਤ ਸੁੰਦਰ ਸੀ। ਦੇਖਣ ਵਾਲਾ ਦੇਖਦੇ ਹੀ ਮੋਹਿਤ ਹੋ ਜਾਂਦਾ ਸੀ। ਉਹਨਾਂ ਦਿਨਾਂ ਵਿੱਚ ਸਰਦੇ ਪੁਜਦੇ ਘਰਾਂ ਦੀਆਂ ਲੜਕੀਆਂ ਦੇ ਵਰ ਦੀ ਦੇਖਭਾਲ ਤੇ ਰਿਸ਼ਤੇ ਦੀ ਜ਼ਿਮੇਂਵਾਰੀ ਕੁਲ ਪ੍ਰੋਹਿਤ ਦੀ ਹੁੰਦੀ ਸੀ। ਸੰਨ ੧੬੦੪ ਦੇ ਅਖੀਰ ਦੀ ਇਹ ਘਟਨਾ ਹੈ ਕਿ ਲਾਹੌਰ ਦੇ ਚੰਦੂ ਮੱਲ ਦੀਵਾਨ ਨੇ ਆਪਣੇ ਕੁਲ ਪ੍ਰੋਹਿਤਾਂ ਨੂੰ ਕਿਹਾ ਸੀ ਕਿ ਕੋਈ ਸੁੰਦਰ ਵਰ ਘਰ ਦੇਖ ਕੇ ਲੜਕੀ ਦਾ ਰਿਸ਼ਤਾ ਪੱਕਾ ਕਰ ਦਿਉ।

ਪ੍ਰੋਹਿਤ ਚੰਗੇ ਘਰ ਵਰ ਦੀ ਤਲਾਸ਼ ਲਈ ਨਿਕਲੇ ਹੋਏ ਸਨ। ਕਿਤੋਂ ਉਹਨਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਤਾਪ ਬਾਰੇ ਖ਼ਬਰ ਮਿਲੀ ਸੀ। ਉਹ ਪ੍ਰੋਹਿਤ ਦਰਬਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਦੇਖਣ ਆ ਗਏ। ਪ੍ਰੋਹਿਤ ਹਰਿਗੋਬਿੰਦ ਸਾਹਿਬ ਦੀ ਸੁੰਦਰਤਾ ਤੇ ਸ਼ਬ ਦੇਖ ਕੇ ਮੋਹਿਤ ਹੋ ਗਏ। ਨਾਲ ਗੁਰੂ ਅਰਜਨ ਸਾਹਿਬ ਦੀ ਵੀ ਬੜੀ ਜੈ ਜੈ ਕਾਰ ਸੀ। ਲੋਕ ਹੱਥ ਜੋੜ-ਜੋੜ ਕੇ ਅਰਦਾਸਾਂ ਕਰਦੇ ਸਨ। ਪ੍ਰੋਹਿਤਾਂ ਨੇ ਸੋਚਿਆ ਕਿ ਇਸ ਤੋਂ ਵਧੀਆ ਘਰ ਤੇ ਸੁੰਦਰ ਵਰ ਕਿਤੇ ਨਹੀਂ ਮਿਲ ਸਕਦਾ। ਪ੍ਰੋਹਿਤਾਂ ਦੀ ਬੜੀ ਤਸੱਲੀ ਹੋਈ। ਪ੍ਰੋਹਿਤਾਂ ਨੇ ਗੁਰੂ ਅਰਜਨ ਸਾਹਿਬ ਨੂੰ ਸਾਰੀ ਗੱਲਬਾਤ ਦੱਸ ਕੇ ਰਿਸ਼ਤਾ ਪੱਕਾ ਕਰਨ ਦੀ ਆਗਿਆ ਮੰਗੀ। ਗੁਰੂ ਅਰਜਨ ਸਾਹਿਬ ਜੀ ਕਹਿਣ ਲੱਗੇ ਕਿ "ਜੇ ਤੁਹਾਡੀ ਤਸੱਲੀ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਤੁਸੀਂ ਰਿਸ਼ਤਾ ਪੱਕਾ ਕਰ ਸਕਦੇ ਹੋ।" ਸੋ ਪ੍ਰੋਹਿਤਾਂ ਨੇ ਸਵਾ ਰੁਪਿਆ ਤੇ ਗੁੜ ਦੀ ਰੋੜੀ ਸਾਹਿਬਜ਼ਾਦਾ ਹਰਿਗੋਬਿੰਦ ਦੀ ਝੋਲੀ ਵਿੱਚ ਰੱਖ ਕੇ ਗੁਰੂ ਅਰਜਨ ਸਾਹਿਬ ਅੱਗੇ ਮੱਥਾ ਟੇਕ ਦਿੱਤਾ। ਇਹ ਰਿਸ਼ਤਾ ਪੂਰੀ ਤਸੱਲੀ

ਨਿੰਦਾ ਸੁਣ ਕੇ ਵਲੂੰਧਰੇ ਗਏ। ਹਿਰਦੇ ਛਲਣੀ ਹੋ ਗਏ। ਸਾਰੇ ਉੱਘੇ ਸਿੱਖ ਇਹ ਸੋਚਣ ਲਈ ਮਜਬੂਰ ਹੋ ਗਏ ਕਿ ਗੁਰੂ ਅਰਜਨ ਸਾਹਿਬ ਜੀ ਸਾਡੇ ਹਰ ਤਰ੍ਹਾਂ ਨਾਲ ਪਵਿੱਤਰ ਰਹਿਨੁਮਾ ਹਨ। ਉਹਨਾਂ ਇਹ ਕੀ ਕੀਤਾ ਕਿ ਐਨੇ ਹੰਕਾਰੀ ਪਾਮਰ ਬੰਦੇ ਦੀ ਲੜਕੀ ਦਾ ਰਿਸ਼ਤਾ ਪ੍ਰਵਾਨ ਕਰ ਲਿਆ ਹੈ? ਇਹ ਅੱਗ ਪਾਣੀ ਦਾ ਜੋੜ ਕਿਵੇਂ ਜੁੜ ਗਿਆ ਹੈ? ਕਈ ਸਿੱਖਾਂ ਦੇ ਮਨ ਵਿੱਚ ਰੋਸ ਵੀ ਆ ਗਿਆ ਕਿ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਸੁਨੇਹਾ ਭੇਜ ਕੇ ਖ਼ਬਰ ਮੰਗਵਾਉਂਦੇ ਹਾਂ। ਸਾਰੇ ਉੱਘੇ ਸਿੱਖ ਸ਼ਗਨ ਤੁਰਨ ਤੋਂ ਪਹਿਲਾਂ ਹੀ ਚੰਦੂ ਦੇ ਘਰੋਂ ਉੱਠ ਕੇ ਆ ਗਏ। ਦਿੱਲੀ ਦੀ ਧਰਮਸ਼ਾਲਾ ਵਿੱਚ ਦਿੱਲੀ ਦੀ ਸਾਰੀ ਸੰਗਤ ਨੂੰ ਇਕੱਠਿਆਂ ਕਰ ਲਿਆ। ਸਾਰੀ ਵਿਥਿਆ ਦੀ ਵਿਚਾਰ ਹੋਈ। ਅਖੀਰ ਗੁਰਮਤਾ ਇਹ ਹੋਇਆ ਕਿ ਗੁਰੂ ਅਰਜਨ ਸਾਹਿਬ ਜੀ ਨੂੰ ਚਿੱਠੀ ਲਿਖੀ ਜਾਏ ਤੇ ਜੁਆਬ ਮੰਗਿਆ ਜਾਏ। ਸਿਆਣੇ ਸਿੱਖਾਂ ਨੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਕੋਈ ਭੁਲਣਹਾਰ ਨਹੀਂ ਹਨ। ਅਸੀਂ ਆਪਣੇ ਵਲੋਂ ਅਰਦਾਸ ਲਿਖ ਕੇ ਭੇਜ ਦੇਂਦੇ ਹਾਂ। ਪ੍ਰਵਾਨ ਕਰਨੀ ਨਾ ਕਰਨੀ ਗੁਰੂ ਅਰਜਨ ਸਾਹਿਬ ਜੀ ਦੇ ਵੱਸ ਹੈ। ਸਿੱਖਾਂ ਨੇ ਚਿੱਠੀ ਵਿੱਚ ਅਰਦਾਸ ਲਿਖ ਕੇ ਇਕ ਸਿਆਣੇ ਸਿੱਖ ਨੂੰ ਉਸੇ ਵੇਲੇ ਹੀ ਅੰਮ੍ਰਿਤਸਰ ਸਾਹਿਬ ਵੱਲ ਤੋਰ ਦਿੱਤਾ। ਤਾਂਕਿ ਸ਼ਗਨ ਪੁੱਜਣ ਤੋਂ ਪਹਿਲਾਂ ਗੁਰੂ ਜੀ ਨੂੰ ਖ਼ਬਰ ਹੋ ਜਾਵੇ। ਕਲਾ ਕੁਦਰਤ ਦੀ ਐਸ ਤਰ੍ਹਾਂ ਵਰਤੀ ਕਿ ਜਿਸ ਵਕਤ ਕੁੜਮਾਈ ਦੀ ਤਿਆਰੀ ਪੂਰੀ ਹੋ ਗਈ ਅਤੇ ਸ਼ਗਨ ਲਗਣ ਵਾਲਾ ਸੀ। ਉਸ ਵੇਲੇ ਉਹ ਸਿੱਖ ਅਰਦਾਸ ਵਾਲੀ ਚਿੱਠੀ ਲੈ ਕੇ ਪਹੁੰਚ ਗਿਆ। ਗੁਰਦੇਵ ਬੜੇ ਪ੍ਰਸੰਨ ਚਿੱਤ ਕਾਰਜ ਕਰਵਾ ਰਹੇ ਸਨ ਕਿ ਇੱਕ ਸਿੱਖ ਨੇ ਆ ਕੇ ਕਿਹਾ,

ਸ੍ਰੀ ਅਰਜਨ ਕੇ ਨਿਕਟ ਪਹੂੰਚਯੋ ਹਾਥ ਜੋਰਿ ਕਰ ਲੰਮਰੀ ਭਾਲ॥
ਮਹਾਰਾਜ! ਅਰਦਾਸ ਏਕ ਹੈ, ਮੈ ਲਯਾਯਹੁ ਅਬਿ ਲੇਹੁ ਸੰਭਾਲ॥
ਹੋਇ ਇਕੰਤ ਬਿਰਤੰਤ ਲਖੀਜੈ ਪੁਨ ਕੀਜਹਿ ਜੇ ਕਾਜ ਬਿਸਾਲ॥ ੮॥

(ਗ: ਪ੍ਰ: ਸੂਰਜ ਗ੍ਰੰਥ, ਪੰਨਾ ੨੨੪੭)

ਗੁਰਦੇਵ ਦੀ ਹਜ਼ੂਰੀ ਵਿੱਚ ਉਸ ਵਕਤ ਸਾਰੇ ਜ਼ਿਮੇਂਵਾਰ ਸਿੱਖ ਬੈਠੇ ਸਨ। ਭਾਈ ਗੁਰਦਾਸ, ਭਾਈ ਸਾਲ੍ਹੋ ਅਤੇ ਬਾਬਾ ਬੁੱਢਾ ਸਾਹਿਬ ਵਰਗੇ। ਗੁਰਦੇਵ ਨੇ ਉਹ ਅਰਦਾਸ ਵਾਲੀ ਚਿੱਠੀ ਬਾਬਾ ਬੁੱਢਾ ਸਾਹਿਬ ਅਤੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਸਾਰੀ ਸੰਗਤ ਨੂੰ ਪੜ੍ਹ ਕੇ ਸੁਣਾ ਦਿਉ। ਜੋ ਫੈਸਲਾ ਸੰਗਤ ਕਰੇ, ਉਹ ਮਨਜ਼ੂਰ ਹੋਵੇਗਾ।

ਬਾਬੇ ਬੁੱਢੇ ਅਰ ਗੁਰਦਾਸ॥ ਇਤਿਆਦਿਕ ਸਿੱਖ ਥੇ ਜੋ ਪਾਸ॥
ਚਿੱਠੀ ਸਭ ਕੋ ਗੁਰੂ ਸੁਣਾਈ॥ ਸਭ ਨੇ ਕਿਹੋ, ਨ ਲੇਹੁ ਸਗਾਈ॥

(ਪੰਥ ਪ੍ਰਕਾਸ਼)

ਗੁਰੂ ਅਰਜਨ ਸਾਹਿਬ ਜੀ ਨੇ ਕਿਹਾ ਕਿ ਭਾਵੇਂ ਬੜੀਆਂ ਖੁਸ਼ੀਆਂ ਵਿੱਚ ਬੈਠੇ ਹਾਂ। ਪਰ ਸੰਗਤ ਜੋ ਕਹੇਗੀ ਉਹ ਸਿਰ ਮੱਥੇ ਮੰਨਿਆ ਜਾਵੇਗਾ। ਬੜੇ ਸਿਆਣੇ

ਪਤਵੰਤੇ ਸਿੱਖਾਂ ਨੇ ਗੁਰਦੇਵ ਨੂੰ ਹੱਥ ਜੋੜ ਕੇ ਕਿਹਾ ਕਿ "ਏਨੇ ਹੰਕਾਰੀ ਤੇ ਸਾਕਤ ਬੰਦੇ ਦੀ ਲੜਕੀ ਦਾ ਨਾਤਾ ਜੇ ਗੁਰੂ ਪ੍ਰਵਾਨ ਕਰਨਗੇ ਤਾਂ ਸਿੱਖਾਂ ਦਾ ਕੀ ਬਣੇਗਾ? ਇਕੱਠੇ ਇਹ ਅੱਗ ਪਾਣੀ ਦਾ ਜੋੜ ਬਣ ਨਹੀਂ ਸਕਦਾ, ਆਸਮਾਨ ਜ਼ਿਮੀਂ ਇਕੱਠੇ ਨਹੀਂ ਹੋ ਸਕਦੇ। ਅਹੰਕਾਰ ਤੇ ਨਿਮਰਤਾ ਇਕੱਠੇ ਨਹੀਂ ਹੋ ਸਕਦੇ। ਅੱਗ ਤੇ ਪਾਣੀ ਦਾ ਮੇਲ ਨਹੀਂ ਰਹਿੰਦਾ।" ਗੁਰੂ ਅਰਜਨ ਸਾਹਿਬ ਜੀ ਨੇ ਉਸ ਵਕਤ ਹੀ ਆਖ ਦਿੱਤਾ ਸੀ ਕਿ ਅੱਗ ਪਾਣੀ ਦਾ ਮੇਲ ਤਾਂ ਨਹੀਂ ਹੋ ਸਕਦਾ, ਪਰ ਅੱਗ ਨੂੰ, ਪਾਣੀ ਬੁਝਾ ਨਾ ਸਕੇ, ਤਾਂ ਅੱਗ ਪਾਣੀ ਨੂੰ ਤਪਾ ਤਪਾ ਕੇ ਖਤਮ ਕਰੇਗੀ।

ਪਰ ਗੁਰਦੇਵ ਨੇ ਤਪਣਾ ਮਨਜ਼ੂਰ ਕਰ ਲਿਆ ਤੇ ਹੰਕਾਰੀ ਦਾ ਰਿਸ਼ਤਾ ਜੋੜਨ ਨਾ ਪ੍ਰਵਾਨ ਕੀਤਾ। ਸਗਾਈ ਲੈ ਕੇ ਆਏ ਹੋਏ ਲਾਗੀ ਤੇ ਪ੍ਰੋਹਿਤਾਂ ਨੂੰ ਵਾਪਸ ਮੋੜ ਦਿੱਤਾ ਗਿਆ। ਭਾਵੇਂ ਕਿ ਹੰਕਾਰੀ ਚੰਦੂ ਨੇ ਗੁਰੂ ਅਰਜਨ ਸਾਹਿਬ ਤੋਂ ਏਸ ਦਾ ਬਦਲਾ ਲੈਣ ਲਈ ਅਨੇਕਾਂ ਤਰ੍ਹਾਂ ਦੇ ਹੱਥ ਕੰਡੇ ਵਰਤੇ। ਗੁਰਦੇਵ ਨੇ ਦੁਖੀ ਹੋਣਾ ਪ੍ਰਵਾਨ ਕਰ ਲਿਆ, ਪਰ ਹੰਕਾਰ ਨਾਲ ਮੇਲ ਕਦੇ ਵੀ ਪ੍ਰਵਾਨ ਨਹੀਂ ਕੀਤਾ।

ਦਰਅਸਲ ਹੰਕਾਰ ਵਸ ਆਦਮੀ, ਰਬ ਨੂੰ ਭੁੱਲ ਜਾਂਦਾ ਹੈ। ਹੰਕਾਰੀ ਵਾਸਤੇ ਸਭ ਕੁਝ ਉਹ ਆਪ ਹੀ ਹੁੰਦਾ ਹੈ। ਹੰਕਾਰੀ ਮੈਂ, ਮੇਰੇ ਵਾਸਤੇ ਜਿਊਂਦਾ ਹੈ। ਹੰਕਾਰੀ ਨੂੰ ਆਪਣੇ ਤੋਂ ਵੱਡਾ ਕੋਈ ਨਹੀਂ ਦਿੱਸਦਾ। ਭਾਈ ਸਾਹਿਬ ਭਾਈ ਨੰਦ ਲਾਲ ਜੀ, ਹੰਕਾਰੀ ਲੋਕਾਂ ਦੀ ਖਾਸੀਅਤ ਬਿਆਨ ਕਰਦੇ ਹੋਏ ਵਰਨਣ ਕਰਦੇ ਹਨ ਕਿ-

ਖ਼ੁਦ- ਪ੍ਰਸਤੀ ਕਾਰਿ ਨਾਦਾਂ ਆਮਦਾ॥
ਹੱਕ- ਪ੍ਰਸਤੀ ਜ਼ਾਤਿ ਈਮਾਂ ਆਮਦਾ॥ ੧੧੮॥ (ਭਾ: ਨੰਦ ਲਾਲ ਜੀ)

ਭਾਵ ਕਿ ਆਪਣੇ ਧਨ ਦੌਲਤ ਤੇ ਐਸ਼ੋ ਇਸ਼ਰਤ ਦੀ ਵਡਿਆਈ ਹੰਕਾਰੀ ਸੁਣਦੇ ਹਨ। ਇਹ ਮੂਰਖਾਂ ਦੀ ਨਿਸ਼ਾਨੀ ਹੁੰਦੀ ਹੈ। ਸੱਚ ਦੀ ਪੂਜਾ ਕਰਨ ਵਾਲੇ ਸੱਚੇ ਧਰਮਵੰਤ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੀ ਬਾਣੀ ਦੁਆਰਾ ਵਰਨਣ ਕਰਦਿਆਂ ਕਹਿੰਦੇ ਹਨ ਕਿ-

ਜੇ ਜੇ ਬਾਦਿ ਕਰਤ ਹੰਕਾਰਾ॥ ਤਿਨ ਤੇ ਭਿੰਨ ਰਹਤ ਕਰਤਾਰਾ॥
(ਦਸਮ ਗ੍ਰੰਥ)

□□□□

੪. ਖਾਕ ਨੂਰਦੰ ਸਗਨ ਸੰਗੇ ॥ ਅਸਗਾਈਰਿ ਹੂੜੇ ਛੋੜਿ ਚਲੇ ॥ ਦੇਸੀ ਪਾਈ ਮਿਸਕੀਨਗੀ
ਐਸਾ ਮੰਗੈ ਖਾਈਆ ॥੨॥

੩. ਮੈਗਿ ਨ ਦੇਈ ਬੁਝੀਆ ਕੋਧਾ ॥ ਸਾਨੁ ਕੋਧਨੁ ਧਨੁ ਛੋਡਿ ਚਲੇਸਾ ॥
ਰਬੁ ਰਹੀਮ ਨ ਜਾਤੇ ਰਹਤਾ ਤਿਸ ਪੀੜੈ ਸਿਰਿ ਖਾਈਆ ॥੩॥

ਬੁਢੇਪਾ ਅਤੇ ਮੌਤ ਦੀ ਕਲਾ

੧. ਅਸਤੁ ਓਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ॥ ੧ ॥

(ਪੰਨਾ ੧੦੧੯)

ਦਿਨ ਛਿੱਪਦੇ ਸਾਰ ਹੀ ਪੰਛੀ, ਆਪੋ ਆਪਣਿਆਂ ਟਿਕਾਣਿਆਂ ਵੱਲ ਉੱਡ ਜਾਂਦੇ ਹਨ, ਭਾਵ ਕਿ ਸਭ ਜੀਵ ਆਪਣੇ ਸਰੀਰ ਦੀ ਉਮਰ ਭੋਗ ਕੇ ਸੰਸਾਰ ਤੋਂ ਜਾ ਰਹੇ ਹਨ। ਉਮਰ ਬੁਢੇਪੇ ਵਿਚ ਚਲੀ ਜਾਵੇ ਤਾਂ ਸਮਝੋ ਅੱਸਤ (ਸ਼ਾਮ) ਹੋ ਗਈ ਹੈ ਜ਼ਿੰਦਗੀ ਦਾ ਦਿਨ ਪੂਰਾ ਹੋ ਗਿਆ ਹੈ। ਸੰਸਾਰ ਇਕ ਸਰੋਵਰ ਹੈ। ਇਥੋਂ ਪੰਛੀਆਂ ਦੀਆਂ ਡਾਰਾਂ ਰੋਜ਼ ਤੁਰੀਆਂ ਜਾਂਦੀਆਂ ਹਨ। ਪ੍ਰਮਾਤਮਾ ਨੇ ਕਈ ਵਾਰ ਇਹ ਪਸਾਰਾ ਪਸਾਰਿਆ ਤੇ ਮਿਟਾਇਆ ਹੈ। ਅਨੇਕਾਂ ਵਾਰੀ ਇਸ ਸਰੋਵਰ ਨੂੰ ਸਿਰਜਿਆ ਹੈ ਅਤੇ ਅਨੇਕਾਂ ਵਾਰੀ ਮਿਟਾਇਆ ਹੈ। ਫਰੀਦ ਸਾਹਿਬ ਦਰਸਾਉਂਦੇ ਹਨ ਕਿ ਜਦੋਂ ਮੈਂ ਇਨ੍ਹਾਂ ਪੰਛੀਆਂ ਦੀਆਂ ਡਾਰਾਂ ਉੱਡਦੀਆਂ ਦੇਖਦਾ ਹਾਂ ਤਾਂ ਸੋਚਦਾ ਹਾਂ ਕਿ ਪਤਾ ਨਹੀਂ ਕਿਸ ਵੇਲੇ ਇਸ ਤਲਾਬ ਦਾ ਪਾਣੀ ਸੁਕ ਜਾਏ ਭਾਵ ਸਰੀਰ ਸਾਥ ਛੱਡ ਦੇਵੇ। ਖਿੜੇ ਹੋਏ ਕਮਲ ਵੀ ਮੁਰਝਾ ਜਾਣਗੇ। ਭਾਵ ਕਿ ਸਾਰੇ ਦਾ ਸਾਰਾ ਸੰਸਾਰ ਨਾਸ਼ਵੰਤ ਹੈ। ਇਕ ਇਕ ਪੰਛੀ ਦੀ ਹੀ ਗੱਲ ਨਹੀਂ, ਸਾਰਾ ਤਲਾਬ ਹੀ ਸੁਕ ਸਕਦਾ ਹੈ।

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ੯ ॥

(ਪੰਨਾ ੧੩੭੮)

ਐ ਬੰਦੇ! ਗਹੁ ਨਾਲ ਆਪਣੀ ਜ਼ਿੰਦਗੀ ਨੂੰ ਦੇਖ, ਤੇਰੀ ਦਾਹੜੀ ਦੇ ਭੂਰੇ (ਕੱਕੇ) ਵਾਲ ਇਸ ਗੱਲ ਦਾ ਪੈਗਾਮ ਹਨ ਕਿ ਤੂੰ ਮੌਤ ਦੇ ਕਰੀਬ ਚਲਾ ਗਿਆ ਹੈਂ। ਇਨ੍ਹਾਂ ਧੌਲਿਆਂ ਨੂੰ ਕਾਲੇ ਕਰਨ ਦੀ ਜ਼ਰੂਰਤ ਨਹੀਂ। ਇਹ ਤਾਂ ਇਕ ਖਬਰ ਹੈ ਕਿ:

ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ੯ ॥

ਜਿਸ ਦਿਸ਼ਾ ਵਲ ਇਹ ਜੀਵਨ ਜਾ ਰਿਹਾ ਹੈ, ਉਹ ਮੌਤ ਵਾਲਾ ਪਾਸਾ ਹੀ ਹੈ। ਸਮਾਂ ਨਜ਼ਦੀਕ ਆ ਰਿਹਾ ਹੈ। ਜਿਥੋਂ ਯਾਤਰਾ ਆਰੰਭ ਹੋਈ ਸੀ। ਉਹ ਜਨਮ ਤਾਂ ਬਹੁਤ ਪਿਛੇ ਰਹਿ ਗਿਆ ਹੈ। ਉਹ ਲੰਮਾ ਸਮਾਂ ਬੀਤ ਗਿਆ ਹੈ।

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥ ੧੦ ॥

(ਪੰਨਾ ੧੩੭੮)

ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥

ਹੁਣ ਬੁਢੇਪਾ ਆ ਗਿਆ ਹੈ। ਸਰੀਰ ਜੀਰਣ ਹੋ ਗਿਆ ਹੈ। ਪੁਰਾਣੇ ਕਪੜੇ ਵਰਗਾ ਹੋ ਗਿਆ ਹੈ ਇਹ ਤਨ। ਸੁਆਦੀ ਭੋਜਨ ਵੀ ਹੁਣ ਸੁਆਦ ਨਹੀਂ ਲਗ ਰਿਹਾ। ਸ਼ੱਕਰ ਤਾਂ ਅਜ ਵੀ ਸ਼ੱਕਰ ਹੈ, ਮਿੱਠੀ ਹੈ, ਪਰ ਸ਼ੱਕਰ ਵੀ ਬੁਢੇਪੇ ਵਾਸਤੇ ਇਕ ਰੋਗ ਹੋ ਗਈ ਹੈ। ਵਿਸ਼ ਹੋ ਗਈ ਹੈ। ਬੁਢੇਪਾ ਇਕ ਐਸਾ ਰੋਗ ਹੈ, ਜਿਸ ਵੇਲੇ ਹਰ ਚੀਜ਼ ਸਰੀਰ ਨੂੰ ਰੋਗੀ ਕਰਦੀ ਹੈ। ਡਾਕਟਰ, ਵੈਦ, ਬੁੱਢੇ ਬੰਦੇ ਨੂੰ ਹਰ ਤਰ੍ਹਾਂ ਦਾ ਪ੍ਰਹੇਜ਼ ਹੀ ਕਰਨ ਲਈ ਕਹਿੰਦੇ ਹਨ। ਫਰਿਜ ਦਾ ਠੰਡਾ ਪਾਣੀ ਨਹੀਂ ਪੀਣ ਦੇਂਦੇ। ਫਰਿਜ ਦੇ ਸੁੱਖਾਂ ਤੋਂ ਬੁੱਢਾ ਬੰਦਾ ਵਾਂਝਾ ਰਹਿ ਜਾਂਦਾ ਹੈ। ਸ਼ੂਗਰ ਦੇ ਰੋਗੀ ਵਾਸਤੇ ਸਾਰੀਆਂ ਮਿੱਠੀਆਂ ਵਸਤੂ ਖਾਣੀਆਂ ਵਿਵਰਜਿਤ ਕਰ ਦਿੱਤੀਆਂ ਜਾਂਦੀਆਂ ਹਨ। ਸ਼ੂਗਰ ਦਾ ਮਰੀਜ਼ ਤੇ ਬੁੱਢਾ ਬੰਦਾ ਮਠਿਆਈ ਦਾ ਰਸ ਮਾਨਣ ਤੋਂ ਵਾਂਝਾ ਰਹਿ ਜਾਂਦਾ ਹੈ। ਬੁੱਢੇ ਬੰਦੇ ਵਾਸਤੇ ਚੰਗੇ ਤੇ ਨਰਮ ਬਿਸਤਰੇ ਤੇ ਸੌਣਾ ਮਨਾਹੀ ਹੁੰਦੀ ਹੈ। ਕਿਉਂਕਿ ਬੁੱਢੇ ਆਦਮੀ ਨੂੰ ਸਦਾ ਕਮਰ ਦਰਦ ਦੀ ਸ਼ਿਕਾਇਤ ਰਹਿੰਦੀ ਹੈ। ਬੁੱਢਾ ਆਦਮੀ ਆਪਣੇ ਪਾਸ ਸਾਰੇ ਸੁਖ ਹੁੰਦਿਆਂ ਵੀ ਸੁਖ ਨਹੀਂ ਮਾਣ ਸਕਦਾ। ਦਰਅਸਲ ਬੁਢਾਪਾ ਆਪਣੇ ਆਪ ਵਿਚ ਹੀ ਇਕ ਉਹ ਰੋਗ ਹੈ, ਜਿਸ ਦਾ ਇਲਾਜ ਕੋਈ ਡਾਕਟਰ, ਵੈਦ ਨਹੀਂ ਕਰ ਸਕਦਾ। ਮੈਂ ਮੌਲਾਨਾ ਰੂਮੀ ਦੀ ਲਿਖੀ ਇੱਕ ਹਕਾਇਤ ਪੜ੍ਹੀ ਸੀ।

ਇਕ ਬੁੱਢਾ ਰੋਗੀ, ਇਕ ਹਕੀਮ ਕੋਲ ਇਲਾਜ ਲਈ ਗਿਆ। ਕਹਿਣ ਲਗਾ "ਵੈਦ ਜੀ! ਮੇਰੇ ਹੁਣ ਹੱਥ ਤੇ ਸਿਰ ਹਿਲਦਾ ਰਹਿੰਦਾ ਹੈ"? ਵੈਦ ਕਹਿਣ ਲੱਗਾ "ਬਾਬਾ! ਇਹ ਬੁਢੇਪੇ ਦੀ ਨਿਸ਼ਾਨੀ ਹੈ ਅਤੇ ਹੱਥ ਪੈਰ ਸਿਰ ਹੁਣ ਹਿਲਣੋਂ ਨਹੀਂ ਹਟ ਸਕਦੇ"। ਬੁੱਢਾ ਕਹਿਣ ਲੱਗਾ "ਹੁਣ ਜਦੋਂ ਮੈਂ ਕੁਝ ਪੜ੍ਹਦਾ ਹਾਂ ਤੇ ਮੇਰੀਆਂ ਅੱਖਾਂ ਵਿਚ ਪਾਣੀ ਆਉਂਦਾ ਹੈ"? ਹਕੀਮ ਕਹਿਣ ਲਗਾ ਕਿ "ਬੁਢੇਪੇ ਕਾਰਨ ਨਜ਼ਰ ਕਮਜ਼ੋਰ ਹੋ ਗਈ ਹੈ ਇਸ ਵਾਸਤੇ ਇਹ ਪਾਣੀ ਹੁਣ ਹਟ ਨਹੀਂ ਸਕਦਾ"। ਬੁੱਢਾ ਕਹਿਣ ਲਗਾ ਕਿ "ਹੁਣ ਜਦੋਂ ਮੈਂ ਜ਼ਰਾ ਲੰਬਾ ਸਮਾਂ ਬੈਠਾ ਰਹਾਂ ਤਾਂ ਮੇਰੀ ਕਮਰ ਦਰਦ ਕਰਨ ਲਗ ਜਾਂਦੀ ਹੈ"? ਉਹ ਹਕੀਮ ਕਹਿਣ ਲੱਗਾ "ਬਾਬਾ! ਇਹ ਕਮਰ ਦਰਦ ਹੁਣ ਬੁਢੇਪੇ ਕਾਰਨ ਹੁੰਦੀ ਹੈ ਤੇ ਇਹ ਹੁਣ ਹੁੰਦੀ ਹੀ ਰਹਿਣੀ ਹੈ"। ਬੁੱਢਾ ਕਹਿਣ ਲਗਾ ਕਿ "ਹੁਣ ਮੇਰੇ ਮੱਥੇ ਵਿਚ ਪੀੜ ਭਰੀ ਰਹਿੰਦੀ ਹੈ"? ਹਕੀਮ ਨੇ ਕਿਹਾ "ਇਹ ਦਰਦ ਵੀ ਬੁਢੇਪੇ ਕਾਰਨ ਹੁੰਦੀ ਹੈ ਤੇ ਹੁੰਦੀ ਹੀ ਰਹਿਣੀ ਹੈ"। ਹਕੀਮ ਦੀਆਂ ਗੱਲਾਂ ਸੁਣ-ਸੁਣ ਕੇ ਉਸ ਬੁੱਢੇ ਨੂੰ ਕ੍ਰੋਧ ਆ ਗਿਆ। ਕ੍ਰੋਧ ਵੱਸ ਬੁੱਢਾ ਉਸ ਹਕੀਮ ਨੂੰ ਕਹਿਣ ਲਗਾ ਕਿ "ਤੂੰ ਪਾਗਲ ਹਕੀਮ ਹੈਂ? ਹਰ ਮਰਜ਼ ਦਾ ਕਾਰਨ ਤੂੰ ਬੁਢੇਪਾ ਹੀ ਦਸੀ ਜਾਂਦਾ ਹੈਂ? ਜੇ ਤੂੰ ਬੁਢੇਪੇ ਦਾ ਇਲਾਜ ਨਹੀਂ ਕਰ ਸਕਦਾ ਤਾਂ ਕਾਹਦਾ ਹਕੀਮ ਹੈਂ"? ਉਹ ਹਕੀਮ ਕਹਿਣ ਲਗਾ ਬਾਬਾ ਜੀ! ਖਿਮਾ ਕਰਨਾ! ਤੁਹਾਨੂੰ ਜੋ ਬਹੁਤ ਕ੍ਰੋਧ ਆਉਂਦਾ ਹੈ। ਇਹ ਬੁਢੇਪੇ ਕਾਰਨ ਆਉਂਦਾ ਹੈ ਤੇ ਇਹ ਆਉਂਦਾ ਹੀ ਰਹਿਣਾ ਹੈ। ਦਰਅਸਲ ਬੁਢੇਪਾ ਆਪਣੇ ਆਪ ਵਿਚ ਹੀ ਇਕ ਭਿਆਨਕ ਰੋਗ ਹੈ, ਜਿਸ ਦਾ

ਕੋਈ ਇਲਾਜ ਨਹੀਂ ਹੈ।

ਐ ਮਿਰੇ ਮੌਲਾ ਤੇਰੀ ਦੁਨੀਆ ਫਾਨੀ ਦੇਖੀ।
ਜਹਾਂ ਕੀ ਹਰ ਚੀਜ਼ ਆਨੀ ਜਾਨੀ ਦੇਖੀ।
ਜੋ ਆ ਕੇ ਨਾ ਜਾਏ ਉਹ ਬੁਢੇਪਾ ਦੇਖਾ,
ਜੋ ਜਾ ਕੇ ਨਾ ਆਏ ਵੋਹ ਜੁਵਾਨੀ ਦੇਖੀ।

(ਰੂਮੀ)

ਦਰਅਸਲ ਜੋ ਜੀਵਨ ਦਾ ਸੁਆਦ ਹੈ, ਉਹ ਇੰਦਰਿਆਂ ਦੀ ਤੰਦਰੁਸਤੀ ਦਾ ਸੁਆਦ ਹੈ। ਬੁੱਢੇ ਵੇਲੇ ਸਾਰੇ ਇੰਦਰੇ ਰੋਗੀ ਤੇ ਕਮਜ਼ੋਰ ਹੋ ਜਾਂਦੇ ਹਨ।

ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥ ੧੧॥

(ਪੰਨਾ ੧੩੭੮)

ਸੰਸਾਰ ਦੇ ਨਜ਼ਾਰੇ ਦੇਖ-ਦੇਖ ਕੇ ਅੱਖਾਂ ਕਮਜ਼ੋਰ ਹੋ ਗਈਆਂ ਹਨ। ਸੰਸਾਰ ਦੇ ਨਜ਼ਾਰੇ ਤਾਂ ਅੱਜ ਵੀ ਸੁਹਾਵਣੇ ਹਨ, ਪਰ ਅੱਖਾਂ ਵਿੱਚ ਤੱਕਣ ਦੀ ਉਹ ਸ਼ਕਤੀ ਨਹੀਂ ਰਹੀ, ਜੋ ਤੰਦਰੁਸਤ ਜੁਆਨ ਅੱਖਾਂ ਵਿੱਚ ਸੀ। ਹੁਣ ਸੰਸਾਰ ਦੇ ਨਜ਼ਾਰਿਆਂ ਵਿਚ ਸੁਹੱਪਣ ਫਿੱਕਾ ਜਾਪਣ ਲਗ ਗਿਆ ਹੈ। ਕੰਨ, ਸੁਣ-ਸੁਣ ਕੇ ਬੁੱਢੇ ਤੇ ਬੋਲੇ ਹੋ ਗਏ ਹਨ। ਦਰਅਸਲ ਸਰੀਰ ਦਰਖੱਤ ਦੀਆਂ ਸ਼ਾਖਾਵਾਂ, ਯਾਨੀ ਕਿ ਟਹਿਣੀਆਂ ਪੱਕ ਗਈਆਂ ਹਨ। ਇਨ੍ਹਾਂ ਦਾ ਰੰਗ ਰੂਪ ਬਦਲ ਗਿਆ ਹੈ। ਫਰੀਦ ਸਾਹਿਬ ਇਕ ਚਿਤਾਵਨੀ ਵੀ ਦੇ ਰਹੇ ਹਨ ਕਿ ਜੇ ਆਦਮੀ ਸੋਚੇ ਕਿ ਮੈਂ ਪ੍ਰਭੂ ਨਾਮ ਦੀ ਕਮਾਈ ਜੁਆਨੀ ਦੀ ਵਾਸ਼ਨਾ ਕਰਕੇ ਨਹੀਂ ਕਰ ਸਕਿਆ ਤੇ ਮੈਂ ਬੁੱਢੇ ਵੇਲੇ ਨਾਮ ਜਪਣ ਦੀ ਕਮਾਈ ਕਰ ਲਵਾਂਗਾ ਤਾਂ ਇਹ ਇਸ ਦਾ ਭਰਮ ਹੈ। ਦਰਅਸਲ ਜੋ ਜੁਆਨੀ ਵਿਚ ਕੁਝ ਨਹੀਂ ਕਰ ਸਕਦੇ, ਉਹ ਬੁਢਾਪੇ ਵੇਲੇ ਵੀ ਕੁਝ ਨਹੀਂ ਕਰ ਸਕਣਗੇ, ਬੁਢੇਪਾ ਸਰੀਰ ਤੇ ਆਉਂਦਾ ਹੈ, ਮਨ ਤਾਂ ਬੁਢਿਆਂ ਦਾ ਵੀ ਕਈ ਵਾਰ ਵਿਸ਼ਿਆਂ ਵਿਚ ਹੀ ਗਲਤਾਨ ਹੁੰਦਾ ਹੈ ਵਿਸ਼ੇ ਸਰੀਰ ਦੁਆਰਾ ਹੁੰਦੇ ਹਨ ਅਤੇ ਵਿਸ਼ੇ ਕਰਨ ਦੇ ਸਮਰਥ ਨਹੀਂ ਰਹਿ ਗਿਆ। ਆਦਮੀ ਨੇ ਵਿਸ਼ਿਆਂ ਦਾ ਤਿਆਗ ਨਹੀਂ ਕੀਤਾ ਬਲਕਿ ਵਿਸ਼ੇ ਹੀ ਆਦਮੀ ਨੂੰ ਬੁੱਢੇ ਵੇਲੇ ਤਿਆਗ ਜਾਂਦੇ ਹਨ। ਸ਼ੇਖ ਸਾਅਦੀ ਦੀ ਰਚਨਾ ਗੁਲਸਤਾਂ ਵਿਚ ਇਕ ਉਲੇਖ ਹੈ। ਇਕ ਭੁੱਖਾ ਅਤੇ ਬੁੱਢਾ ਬਘਿਆੜ ਬਕਰੀਆਂ ਨੂੰ ਜੇ ਇਹ ਨਸੀਹਤ ਕਰੇ ਕਿ ਮੈਂ ਹੁਣ ਮਾਸ ਖਾਣਾ ਛੱਡ ਦਿੱਤਾ ਹੈ ਤਾਂ ਇਹ ਨਸੀਹਤ ਉਸ ਦੀ ਕਪਟ ਤੇ ਫਰੇਬ ਵਾਲੀ ਹੈ। ਕਿਉਂਕਿ ਬੁੱਢੇ ਬਘਿਆੜ ਕੋਲੋਂ ਹੁਣ ਸ਼ਿਕਾਰ ਕੀਤਾ ਹੀ ਨਹੀਂ ਜਾ ਸਕਦਾ ਤਾਂ ਵੀ ਬਘਿਆੜ ਘਾਹ ਖਾ ਕੇ ਨਹੀਂ ਜਿਉਂਦਾ ਰਹਿ ਸਕਦਾ। ਭਾਵ ਕਿ ਜੋ ਆਦਮੀ ਸਾਰੀ ਜ਼ਿੰਦਗੀ ਵਿਕਾਰਾਂ ਵਿਚ ਲਗਿਆ ਰਿਹਾ ਹੈ, ਉਹ ਬੁੱਢੇ ਵੇਲੇ ਆਪਣੇ ਕਪੜੇ ਸੰਤਾਂ ਵਰਗੇ ਪਾ ਲਏ ਅਤੇ ਕਹੇ ਕਿ ਹੁਣ ਮੈਂ ਸੰਤ ਹੋ ਗਿਆ

ਹਾਂ, ਤਾਂ ਉਹ ਪਖੰਡ ਕਰਦਾ ਹੈ। ਉਸ ਨੇ ਤਿਆਗਿਆ ਕੁਝ ਵੀ ਨਹੀਂ। ਉਹ ਵਿਸ਼ਿਆਂ ਨੂੰ ਲੋਚਦਾ ਹੈ, ਪਰ ਉਸ ਦੇ ਕਮਜ਼ੋਰ ਇੰਦਰੇ ਵਿਕਾਰ ਕਰਨ ਤੋਂ ਅਸਮਰਥ ਹੋ ਗਏ ਹਨ। ਫਰੀਦ ਜੀ ਨੇ ਕਿੰਨਾ ਸੁੰਦਰ ਬਿਆਨ ਕੀਤਾ ਹੈ।

ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥ ੧੨ ॥

(ਪੰਨਾ ੧੩੭੮)

ਵੈਸੇ ਜਿਨ੍ਹਾਂ ਨੇ ਜੁਆਨੀ ਵਿਚ ਨਹੀਂ ਜਪਿਆ, ਉਹਨਾਂ ਦੇ ਬੁਢਾਪੇ ਉੱਪਰ ਵੀ ਬਹੁਤੀ ਆਸ ਨਹੀਂ ਲਗਾਈ ਜਾ ਸਕਦੀ। ਪਰ ਕੁਝ ਬੰਦਾ ਬੁਢੇਪੇ ਵੇਲੇ ਮਜਬੂਰੀ ਵਸ ਹੀ, ਆਪਣੇ ਆਪ ਨੂੰ ਜਾਨਣ ਦਾ ਜ਼ਰੂਰ ਯਤਨ ਕਰਦਾ ਹੈ। ਬਚਪਨ ਤੇ ਜੁਆਨੀ ਦੀਆਂ ਆਦਤਾਂ, ਸੁਭਾਅ ਤੇ ਮਨ ਦੇ ਸੰਸਕਾਰ ਬੁਢੇਪੇ ਵਿਚ ਆ ਕੇ ਬਹੁਤੇ ਭਾਰੇ ਹੋ ਜਾਂਦੇ ਹਨ। ਆਦਤਾਂ ਦਿਨ ਪ੍ਰਤਿ ਦਿਨ ਮਜ਼ਬੂਤ ਹੁੰਦੀਆਂ ਜਾਂਦੀਆਂ ਹਨ। ਕੋਈ ਵਿਰਲਾ ਮਨੁੱਖ ਹੋਵੇਗਾ ਜੋ ਬੁਢਾਪੇ ਵਿਚ ਜਾ ਕੇ ਬਦਲ ਜਾਏ ਵਰਨਾ ਬਹੁਤ ਕਠਿਨ ਹੈ। ਫਰੀਦ ਸਾਹਿਬ ਜੀ ਇਹ ਉਪਦੇਸ਼ ਕਰਦੇ ਹਨ ਕਿ ਐ ਬੰਦੇ! ਅਜੇ ਵੀ ਤੇਰੇ ਕੋਲ ਵੇਲਾ ਹੈ:

ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥ ੧੨ ॥

ਉਸ ਮਾਲਕ ਸਾਂਈਂ ਨਾਲ ਪ੍ਰੇਮ ਬਣਾ। ਇਹ ਪ੍ਰੇਮ ਦਾ ਰੰਗ ਸਦਾ ਨਵਾਂ ਰਹਿੰਦਾ ਹੈ। ਇਹ ਪ੍ਰੇਮ ਤੈਨੂੰ ਬੁੱਢੇ ਵੇਲੇ ਵੀ ਬੁੱਢਾ ਨਹੀਂ ਹੋਣ ਦੇਵੇਗਾ। ਤੇਰੇ ਅੰਦਰਲੇ ਆਤਮ ਬਲ ਨੂੰ ਸਦਾ ਜੁਆਨ ਰਖੇਗਾ।

ਮ: ੩ ॥ ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥

ਏਥੇ ਪਾਠਕ ਜਨ ਕਿਤੇ ਕੋਈ ਉਕਾਈ ਨਾ ਖਾ ਜਾਣ। ਇਸ ਕਰਕੇ ਗੁਰੂ ਅਮਰ ਦਾਸ ਜੀ ਨੇ ਫਰੀਦ ਜੀ ਦੇ ਸਲੋਕ ਦੇ ਨਾਲ ਇਕ ਆਪਣੇ ਰਚਨਾ ਦੇ ਸਲੋਕ ਦੁਆਰਾ ਉਪਦੇਸ਼ ਕੀਤਾ ਹੈ। ਗੁਰੂ ਅਮਰ ਦਾਸ ਜੀ ਕਹਿੰਦੇ ਹਨ ਕਿ ਇਹ ਨਹੀ ਕਿ ਜੁਆਨੀ ਵਿਚ ਆਦਮੀ ਨੂੰ ਪ੍ਰਭੂ ਪ੍ਰਾਪਤੀ ਨਹੀਂ ਹੋਈ ਤਾਂ ਫਿਰ ਉਹ ਬੁਢੇਪੇ ਵਿਚ ਉਸ ਦੀ ਖੋਜ ਛੱਡ ਦੇਵੇ। ਇਹ ਵੀ ਜ਼ਰੂਰੀ ਨਹੀਂ ਕਿ ਸਾਰਿਆਂ ਦੀ ਘਾਲ ਕਮਾਈ ਜੁਆਨੀ ਵੇਲੇ ਹੀ ਥਾਇ ਪੈਂਦੀ ਹੈ। ਘਾਲ ਕਮਾਈ ਕਰਨਾ ਹਰ ਆਦਮੀ ਦਾ ਮੁੱਢਲਾ ਫਰਜ਼ ਹੈ, ਪਰ ਉਹ ਘਾਲ ਕਮਾਈ ਨੂੰ ਫਲ ਲਾਉਣਾ ਬੰਦੇ ਦੇ ਹੱਥ ਨਹੀਂ। ਘਾਲ ਕਮਾਈ ਦੀ ਸਫਲਤਾ ਪ੍ਰਭੂ ਦੇ ਹੱਥ ਵਿਚ ਹੈ। ਪ੍ਰਭੂ ਦੀ ਕ੍ਰਿਪਾ ਕਦੋਂ ਹੁੰਦੀ ਹੈ, ਇਹ ਕੋਈ ਸਮਾਂ, ਵੇਲਾ, ਜੁਆਨੀ, ਬੁਢਾਪਾ ਆਦਿ ਕੁਝ ਵੀ ਨੀਅਤ ਨਹੀਂ ਹੈ। ਪ੍ਰਮਾਤਮਾ ਤਾਂ ਕਾਲੇ, ਧੌਲੇ ਵਾਲਾਂ ਵਾਲਿਆਂ ਕੋਲ ਸਦਾ ਹੀ ਹੈ, ਪਰ ਸਦਾ ਹੀ ਹਰੇਕ ਉਸ ਨੂੰ

ਅਨੁਭਵ ਨਹੀਂ ਕਰ ਸਕਦਾ। ਦਰਅਸਲ ਆਪਣੇ ਯਤਨ ਨਾਲ ਉਸ ਨੂੰ ਪਾਇਆ ਨਹੀਂ ਜਾ ਸਕਦਾ। ਉਸ ਨੂੰ ਉਸ ਦੀ ਕ੍ਰਿਪਾ ਦੁਆਰਾ ਹੀ ਪਾਇਆ ਜਾ ਸਕਦਾ ਹੈ। ਪਰ ਜੇ ਹੁਣ ਇਹ ਕਿਹਾ ਜਾਏ ਕਿ ਜੇ ਯਤਨ ਨਾਲ ਉਸ ਦੀ ਪ੍ਰਾਪਤੀ ਹੀ ਨਹੀਂ ਤਾਂ ਫਿਰ ਯਤਨ ਕੀਤਾ ਹੀ ਕਿਉਂ ਜਾਵੇ? ਇਹ ਭੁੱਲ ਹੈ। ਜੋ ਲੋਕ ਯਤਨ ਕਰਨਾ ਹੀ ਛਡ ਦੇਂਦੇ ਹਨ, ਉਹਨਾਂ ਲਈ ਤਾਂ ਇਹ ਨਿਸ਼ਚਿਤ ਹੀ ਹੈ ਕਿ ਉਹ ਕਦੇ ਵੀ ਉਸ ਦੀ ਕ੍ਰਿਪਾ ਦੇ ਪਾਤਰ ਨਹੀਂ ਬਣ ਸਕਦੇ। ਆਪਣੇ ਯਤਨ ਕਰਦੇ ਰਹਿਣ ਅਤੇ ਪ੍ਰਭੂ ਅਗੇ ਅਰਦਾਸ ਕਰਨੀ ਹੈ। ਅਰਦਾਸ ਹੀ ਉਸ ਦੀ ਕ੍ਰਿਪਾ ਨੂੰ ਜਨਮ ਦੇਵੇਗੀ। ਇਹ ਪਿਰਮ (ਪ੍ਰੇਮ) ਦੇ ਅੰਮ੍ਰਿਤ ਦਾ ਪਿਆਲਾ ਮਾਲਕ ਦਾ ਆਪਣਾ ਹੈ। ਜਿਸ ਨੂੰ ਉਹ ਦੇਣਾ ਚਾਹੁੰਦਾ ਹੈ, ਉਸ ਤੇ ਕ੍ਰਿਪਾ ਕਰਦਾ ਹੈ।

ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ ੧੩ ॥ (ਪੰਨਾ ੧੩੭੮)

ਇਹ ਪ੍ਰੇਮ, ਪ੍ਰਮਾਤਮਾ ਹੀ ਆਪਣੀ ਕ੍ਰਿਪਾ ਦੁਆਰਾ ਬਖਸ਼ਿਸ਼ ਕਰੇ ਤਾਂ ਜੀਵ ਦੇ ਹਿਰਦੇ ਵਿਚ ਵਸਦਾ ਹੈ। ਕਰਤਾਰ ਕ੍ਰਿਪਾ ਕਰੇ ਕਿ ਇਹ ਪ੍ਰੇਮ ਦਾ ਕਟੋਰਾ ਹਰ ਕੋਈ ਪੀ ਸਕੇ। ਪਰ ਇਸ ਵਿਸ਼ਵਾਸ਼ ਵਿਚ ਉਡੀਕ ਕਰਨੀ ਕਿ ਬੁਢੇਪੇ ਵਿਚ ਕੁਝ ਕਰਾਂਗੇ, ਇਹ ਭਰਮ ਹੈ।

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ੨੦ ॥ (ਪੰਨਾ ੧੩੭੮)

ਬਾਬਾ ਫਰੀਦ ਸਾਹਿਬ ਜੀ ਜੀਵਨ ਦੀ ਸ਼ਕਤੀ ਤੇ ਜੀਵਨ ਦੀ ਨਿਰਬਲਤਾ ਬਾਰੇ ਉਪਦੇਸ਼ ਕਰਦੇ ਕਹਿੰਦੇ ਹਨ ਕਿ ਆਦਮੀ ਨੇ ਆਪਣੀ ਜੁਆਨੀ ਵੇਲੇ, ਇਨ੍ਹਾਂ ਹੀ ਨਿੱਕੀਆਂ ਲੱਤਾਂ ਨਾਲ, ਥਲ, ਜਲ, ਜੰਗਲ, ਪਹਾੜ, ਵੱਡੀਆਂ ਛੋਟੀਆਂ ਕਈ ਘਾਟੀਆਂ ਤਹਿ ਕੀਤੀਆਂ ਹਨ। ਉਸ ਵਕਤ ਜੁਆਨੀ ਦੀ ਸ਼ਕਤੀ ਨੇ ਜ਼ਰਾ ਪ੍ਰਵਾਹ ਨਹੀਂ ਮਹਿਸੂਸ ਹੋਣ ਦਿੱਤੀ। ਜੰਘੀਐ ਦਾ ਅਰਥ ਹੈ ਲੱਤਾਂ। ਕਦੀ ਜਦੋਂ ਜੁਆਨੀ ਦਾ ਬਲ ਸੀ ਤਾਂ ਸਾਰੀ ਜ਼ਮੀਨ ਗਾਹ ਮਾਰੀ। ਪਰਬਤਾਂ ਤੇ ਚੜ੍ਹ ਗਏ। ਸਭ ਤਰ੍ਹਾਂ ਦਾ ਭਰਮਣ ਕਰ ਲਿਆ ਹੈ, ਫਰੀਦ ਸਾਹਿਬ ਹੁਣ ਇਸ ਜੀਵਨ ਦੇ ਬੁਢਾਪੇ ਦੀ ਨਿਰਬਲਤਾ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਹੁਣ ਇਸ ਬੁੱਢੇ ਜੀਵਨ ਦਾ ਆਲਮ ਇਹ ਹੈ ਕਿ:

ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ੨੦ ॥

ਅੱਜ ਕੋਲ ਪਿਆ ਹੋਇਆ ਪਾਣੀ ਵਾਲਾ ਘੜਾ, ਏਨੀ ਦੂਰ ਪਿਆ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਸੌ ਕੋਹ ਦਾ ਪੈਂਡਾ ਹੋਵੇ। ਇਕ ਕਹਾਣੀ ਦਾ ਵੀ ਏਸ ਤਰ੍ਹਾਂ ਦਾ ਉਲੇਖ ਆਉਂਦਾ ਹੈ। ਕਿਤੇ ਫਰੀਦ ਸਾਹਿਬ ਜਦੋਂ ਬਹੁਤ ਬੁਢੇਪੇ ਦੀ ਉਮਰ ਵਿਚ ਸਨ। ਆਪਣੇ ਬੰਦਗੀ ਆਸਣ ਤੇ ਬੈਠੇ ਸਨ। ਥੋੜੀ ਦੂਰੀ ਤੇ ਪਾਣੀ ਵਾਲਾ ਘੜਾ

ਪਿਆ ਹੋਇਆ ਸੀ। ਪਿਆਸ ਲੱਗੀ ਪਰ ਨੇੜੇ ਕੋਈ ਹੋਰ ਹੈ ਨਹੀਂ ਸੀ ਜੋ ਪਾਣੀ ਦਾ ਪਿਆਲਾ ਭਰ ਕੇ ਦੇਂਦਾ। ਫਰੀਦ ਨੇ ਉੱਠ ਕੇ ਪਾਣੀ ਪੀਣਾ ਚਾਹਿਆ। ਪਰ ਬੁਢਾਪੇ ਦਾ ਇਹ ਆਲਮ ਕਿ ਸਰੀਰ ਨੇ ਸਾਥ ਨਾ ਦਿੱਤਾ। ਲੱਤਾਂ ਏਨੀਆਂ ਕਮਜ਼ੋਰ ਹੋ ਗਈਆਂ ਕਿ ਸਰੀਰ ਦਾ ਵਜ਼ਨ ਚੁੱਕ ਕੇ ਉੱਠ ਨਾ ਸਕੀਆਂ। ਸ਼ਾਇਦ ਜੀਵਨ ਦੇ ਏਸ ਪਹਿਲੂ ਨੂੰ ਹੀ ਬਾਬਾ ਜੀ ਨੇ, ਆਪਣੇ ਉਪਦੇਸ਼ ਵਿਚ ਦਰਜ ਕਰ ਦਿੱਤਾ ਹੈ। ਬਾਬਾ ਫਰੀਦ ਜੀ ਕਹਿ ਰਹੇ ਹਨ ਕਿ ਕਦੇ ਜੁਆਨੀ ਸੀ ਤਾਂ ਏਨ੍ਹਾਂ ਨਿਕੀਆਂ ਲੱਤਾਂ ਨਾਲ ਮੈਂ, ਸਾਰੀ ਜ਼ਮੀਨ ਨੂੰ ਫਿਰਿਆ ਹਾਂ। ਪਰ ਲੱਤਾਂ ਉਹੀ ਹਨ, ਪਰ ਹੁਣ ਪਾਸ ਪਿਆ ਹੋਇਆ ਪਾਣੀ ਦਾ ਘੜਾ ਵੀ ਮੈਨੂੰ ਸੌ ਕੋਹਾਂ ਦੀ ਦੂਰੀ ਤੇ ਪਿਆ ਜਾਪਦਾ ਹੈ। ਮਤਲਬ ਕਿ ਸਰੀਰ ਦੀ ਸਮਰਥਾ ਬੁਢਾਪੇ ਵਿਚ ਕਮਜ਼ੋਰ ਪੈ ਜਾਂਦੀ ਹੈ। ਜ਼ਰੂਰਤ ਹੈ ਕਿ ਆਦਮੀ ਆਪਣੇ ਸਮੇਂ ਸਿਰ ਇਸ ਜੀਵਨ ਦਾ ਲਾਭ ਲੈ ਲਏ। ਜੁਆਨੀ ਵਿਚ ਹਰ ਕੁਝ ਕਰ ਲੈਣ ਦੇ ਸਮਰਥ ਹੁੰਦਾ ਹੈ ਇਹ ਬੰਦਾ। ਪਰ ਜਦੋਂ ਨੇੜੇ ਪਿਆ ਹੋਇਆ ਪਾਣੀ ਦਾ ਪਿਆਲਾ ਵੀ ਉਠ ਕੇ ਪੀਤਾ ਨਾ ਜਾਵੇ ਤਾਂ, ਉਸ ਵਕਤ ਨਾਮ ਜਪਣ ਦੀ ਘਾਲ ਕਮਾਈ ਕਿਵੇਂ ਹੋ ਸਕੇਗੀ? ਉਸ ਵਕਤ ਸਤਿਸੰਗ ਵਿਚ ਕਿਵੇਂ ਉਠ ਕੇ ਜਾਇਆ ਜਾ ਸਕਦਾ ਹੈ? ਫਿਰ ਤਾਂ ਗੁਰੂ ਦੇ ਦਰਬਾਰ ਵਿਚ ਵੀ ਪਹੁੰਚਣਾ ਬੜਾ ਮੁਸ਼ਕਲ ਹੋਵੇਗਾ। ਇਕ ਕਦਮ ਦੀ ਚਲਣ ਦੀ ਸਮਰੱਥਾ ਨਾ ਰਹੀ ਤਾਂ ਬਹੁਤ ਦੂਰੀ ਪੈ ਜਾਵੇਗੀ।

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥ ੪੧॥

(ਪੰਨਾ ੧੩੮੦)

ਉਪਦੇਸ਼ ਦੇਣ ਦੇ ਤਿੰਨ ਮੁਖ ਤਰੀਕੇ ਹਨ। ਜਿਨ੍ਹਾਂ ਵਿਚੋਂ ਇਕ ਤਰੀਕਾ ਇਹ ਹੈ ਕਿ ਉਪਦੇਸ਼ ਕਿਸੇ ਨੂੰ ਦਿੱਤਾ ਜਾ ਰਿਹਾ ਹੈ, ਪਰ ਚਰਚਾ ਕਿਸੇ ਤੀਸਰੇ ਦੀ ਕੀਤੀ ਜਾ ਰਹੀ ਹੈ। ਉਪਦੇਸ਼ ਕਰਨ ਵਾਲਾ ਕੋਈ ਹੋਰ ਹੈ। ਇਕ ਢੰਗ ਹੋਰ ਹੈ ਕਿ ਜਿਸ ਨੂੰ ਉਪਦੇਸ਼ ਦੇਣਾ ਹੈ, ਉਸੇ ਨੂੰ ਮੁਖਾਤਬ ਕਰਕੇ, ਫਿਰ ਉਪਦੇਸ਼ ਕੀਤਾ ਜਾਂਦਾ ਹੈ। ਸਭ ਤੋਂ ਉੱਤਮ ਢੰਗ ਗਿਣਿਆ ਗਿਆ ਹੈ ਕਿ ਆਪਣੇ ਆਪ ਦਾ ਜ਼ਿਕਰ ਕਰਕੇ ਜਾਂ ਆਪਣੇ ਆਪ ਨੂੰ ਮੁਖਾਤਬ ਹੋ ਕੇ, ਉਪਦੇਸ਼ ਦੇ ਬੋਲ ਦਰਸਾਉਣੇ। ਇਸ ਦਾ ਇਹ ਲਾਭ ਹੈ ਕਿ ਜਦੋਂ ਵੀ ਕੋਈ ਵਿਅਕਤੀ ਇਨ੍ਹਾਂ ਪੰਕਤੀਆਂ ਨੂੰ ਬੋਲੇਗਾ ਜਾਂ ਪੜ੍ਹੇਗਾ, ਤਾਂ ਉਸ ਨੂੰ ਜਾਪੇਗਾ ਕਿ ਉਹ ਆਪਣੇ ਆਪ ਨੂੰ ਸੰਬੋਧਨ ਕਰਕੇ, ਜਾਂ ਆਪਣੀ ਹੀ ਅਵਸਥਾ ਨੂੰ ਜਾਣ ਕੇ ਆਪਣੇ ਪ੍ਰਤੀ ਉਪਦੇਸ਼ ਦੇ ਰਿਹਾ ਹੈ। ਏਨ੍ਹਾਂ ਪੰਕਤੀਆਂ ਵਿਚ, ਬਾਬਾ ਫਰੀਦ ਜੀ ਨੇ ਆਪਣੀ ਅਵਸਥਾ ਦਾ ਜ਼ਿਕਰ ਸਾਨੂੰ ਉਪਦੇਸ਼ ਦਰਸਾਉਣ ਹਿੱਤ ਕੀਤਾ ਹੈ। ਫੁਰਮਾਉਂਦੇ ਹਨ ਕਿ ਸ਼ੇਖ ਫਰੀਦ ਬੁਢਾਪੇ ਦੀ ਅਵਸਥਾ ਵਿਚ ਪਹੁੰਚ ਗਿਆ ਹੈ। ਬੁਢਾਪੇ ਦੀ ਅਵਸਥਾ ਵਿਚ ਕੀ ਹੁੰਦਾ ਹੈ ਕਿ ਜਿਹੜੇ ਸਰੀਰ

ਇੰਦਰੇ ਜੋਬਨ ਵਿਚ ਬੜੇ ਮਜ਼ਬੂਤ ਸਨ। ਉਨ੍ਹਾਂ ਦੀ ਸ਼ਕਤੀ ਕਿੰਨੀ ਜੀਰਕ ਹੋ ਜਾਂਦੀ ਹੈ, ਕਮਜ਼ੋਰ ਹੋ ਜਾਂਦੀ ਹੈ। ਅੱਖਾਂ ਦੀ ਰੋਸ਼ਨੀ ਕਮਜ਼ੋਰ ਹੋ ਜਾਂਦੀ ਹੈ। ਕੰਨਾਂ ਦੇ ਸੁਣਨ ਦੀ ਸ਼ਕਤੀ ਘਟ ਜਾਂਦੀ ਹੈ। ਹੱਥਾਂ ਪੈਰਾਂ ਦਾ ਬਲ ਵੀ ਕਮਜ਼ੋਰ ਪੈ ਜਾਂਦਾ ਹੈ। ਬੁਢਾਪੇ ਨੂੰ ਤੱਕ ਕੇ ਇਕ ਖਬਰ ਮਿਲਦੀ ਹੈ ਕਿ ਸਰੀਰ ਇਸ ਤਰ੍ਹਾਂ ਲੜਖੜਾ ਰਿਹਾ ਹੈ, ਜਿਸ ਤਰ੍ਹਾਂ ਕਿਸੇ ਬ੍ਰਿੱਛ ਦੀਆਂ ਜੜ੍ਹਾਂ ਤੋਂ ਜ਼ਮੀਨ ਦੀ ਪਕੜ ਘਟ ਗਈ ਹੋਵੇ। ਉਹ ਡਾਵਾਂਡੋਲ ਹੋ ਰਿਹਾ ਹੋਵੇ। ਆਦਮੀ ਨੂੰ ਉਸ ਬ੍ਰਿੱਛ ਬਾਰੇ ਪਤਾ ਹੁੰਦਾ ਹੈ ਕਿ ਇਹ ਕਿਸੇ ਵੇਲੇ ਵੀ ਗਿਰ ਸਕਦਾ ਹੈ। ਬੁਢਾਪਾ, ਇਕ ਖਬਰ ਲੈ ਕੇ ਆਉਂਦਾ ਹੈ ਕਿ ਇਹ ਸਰੀਰ ਦਾ ਬ੍ਰਿੱਛ ਕਿਸੇ ਵੇਲੇ ਵੀ ਜ਼ਮੀਨ ਤੇ ਡਿੱਗ ਜਾਏਗਾ ਇਹ ਕਾਇਆ ਮਿਟੇਗੀ। ਦੇਹ ਦਾ ਕੰਬਣਾ ਕਮਜ਼ੋਰੀ ਦਾ ਚਿੰਨ੍ਹ ਹੈ। ਅਵਸਥਾ ਇਹ ਹੈ :

ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ॥
ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ॥ ੩॥

(ਪੰਨਾ ੪੭੯)

ਜਦੋਂ ਸਿਰ ਵੀ ਕੰਬਦਾ ਹੈ, ਪੈਰ ਵੀ ਕੰਬਦੇ ਹਨ। ਸਿਰ ਤੋਂ ਪੈਰਾਂ ਤਕ ਸਾਰਾ ਸਰੀਰ ਡੋਲਦਾ ਹੈ। ਅੱਖਾਂ ਵਿਚੋਂ ਵੀ ਪਾਣੀ ਜਾਂਦਾ ਹੈ। ਨੇਤਰ ਵੀ ਕਮਜ਼ੋਰ ਹੋ ਜਾਂਦੇ ਹਨ। ਜੁਬਾਨ ਤੋਂ ਸ਼ੁਧ ਬੋਲ ਦਾ ਉਚਾਰਨ ਵੀ ਨਹੀਂ ਹੋ ਰਿਹਾ। ਦਸੋ ਇਸ ਬੁਢਾਪੇ ਵਿਚ ਧਰਮ ਕਮਾਉਣ ਦੀ ਕੀ ਆਸ ਹੋ ਸਕਦੀ ਹੈ? ਬਾਬਾ ਫਰੀਦ ਸਮਝਾਉਣਾ ਚਾਹੁੰਦੇ ਹਨ ਕਿ ਬੁਢਾਪੇ ਵਿਚ ਇਹ ਕਾਇਆ ਕੰਬਣ ਲਗ ਪਈ, ਕਮਜ਼ੋਰ ਪੈ ਗਈ ਤਾਂ ਧਰਮ ਦਾ ਅਭਿਆਸ ਵੀ ਨਹੀਂ ਹੋ ਸਕਦਾ। ਸੱਚ ਇਹ ਹੈ ਕਿ ਭਾਵੇਂ ਕੋਈ ਸੌ ਸਾਲ ਵੀ ਜਿਉ ਲਏ। ਕਿੰਨੀ ਵੀ ਲੰਮੇਰੀ ਉਮਰ ਕਿਉਂ ਨਾ ਭੋਗ ਲਏ। ਆਖਿਰ ਇਸ ਤਨ ਦਾ ਅੰਜਾਮ ਏਹੀ ਹੋਵੇਗੀ ਕਿ:

ਭੀ ਤਨੁ ਹੋਸੀ ਖੇਹ॥

ਇਸ ਸਰੀਰ ਨੇ ਇਕ ਨਾ ਇਕ ਦਿਨ ਮਿੱਟੀ ਵਿਚ ਮਿਲ ਜਾਣਾ ਹੈ, ਪਰ ਜਿੰਨਾ ਚਿਰ ਇਹ ਜੀਵਨ ਜਿਊਣਾ ਹੈ, ਓਨਾ ਚਿਰ ਸਵੈਮਾਨ ਤੇ ਸਨਮਾਨ ਨਾਲ ਜੀਊਣਾ ਚਾਹੀਦਾ ਹੈ।

ਟੀਪੂ ਸੁਲਤਾਨ ਇਕ ਬੜਾ ਬਹਾਦਰ ਵਿਅਕਤੀ ਹੋਇਆ ਹੈ। ਉਸ ਦਾ ਇਕ ਬੜਾ ਪ੍ਰਸਿੱਧ ਬਚਨ ਸੀ। ਉਹ ਆਖਦਾ ਸੀ ਕਿ "ਭੇਡ ਦੀ ਜ਼ਿੰਦਗੀ ਸੌ ਸਾਲ ਜਿਉਣ ਨਾਲੋਂ, ਸ਼ੇਰ ਦੀ ਜ਼ਿੰਦਗੀ ਦਾ ਇਕ ਦਿਨ ਜੀਵਨ ਬਿਹਤਰ ਹੈ।" ਗੁਲਾਮੀ ਨਹੀਂ ਹੈ। ਲਕੀਰ ਦਾ ਫਕੀਰ ਨਹੀਂ ਹੈ। ਸਵੈ ਚੇਤਨ ਦਾ ਮਾਲਕ ਹੈ। ਬਾਬਾ ਫਰੀਦ ਆਪਣੇ ਉਪਦੇਸ਼ ਵਿਚ ਬੰਦੇ ਨੂੰ ਦਰਸਾਉਂਦੇ ਹਨ ਕਿ ਸਰੀਰ ਤਾਂ ਭਾਵੇਂ ਸੌ ਸਾਲ ਤੱਕ ਜਿਉ ਲਏ ਤੇ ਭਾਵੇਂ ਹੋਰ ਲੰਬੀ ਉਮਰ ਜਿਉ ਲਏ, ਇਕ ਦਿਨ ਤਾਂ ਮਿੱਟੀ ਵਿਚ ਮਿਲੇਗਾ ਹੀ। ਪਰ ਜਿੰਨੀ ਦੇਰ ਜ਼ਿੰਦਗੀ ਹੈ, ਉਹ ਜ਼ਿੰਦਗੀ ਕਿਸ ਤਰ੍ਹਾਂ ਦੀ ਹੋਵੇ?

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥ ੪੨॥ (ਪੰਨਾ ੧੩੮੦)

ਹੇ ਮੇਰੇ ਮਾਲਕ! ਪਰਾਏ ਬਾਰ ਤੇ ਆਸ ਰਖ ਕੇ ਮੈਨੂੰ ਜ਼ਿੰਦਗੀ ਜਿਊਣੀ ਪਏ, ਇਹ ਜ਼ਿੰਦਗੀ ਮੈਨੂੰ ਨਹੀਂ ਚਾਹੀਦੀ। ਕਿਸੇ ਦੇ ਹੱਥਾਂ ਦੀ ਝਾਕ ਬਣਾ ਕੇ ਜਿਊਣਾ ਪਏ ਇਹ ਤਾਂ ਗੁਲਾਮੀ ਹੈ। ਮੈਂ ਕਿਸੇ ਦਾ ਦਰ ਮਲ ਕੇ ਬੈਠਾਂ। ਐਸੀ ਜ਼ਿੰਦਗੀ ਮੈਨੂੰ ਨਾ ਦੇਹ। ਪਰਾਏ ਦੁਆਰਾਂ ਦੀ ਆਸ ਵਿਚ ਹੀ ਤੂੰ ਮੈਨੂੰ ਰਖਣਾ ਹੈ ਤਾਂ ਏਸ ਜੀਵਨ ਨਾਲੋਂ ਚੰਗਾ ਹੈ ਤੂੰ ਏਸ ਸਰੀਰ ਵਿਚੋਂ ਜਿੰਦ ਕੱਢ ਲੈ। ਬਾਬਾ ਫਰੀਦ ਸਾਨੂੰ ਇਹ ਦਰਸਾ ਰਹੇ ਹਨ ਕਿ ਗੁਲਾਮੀ ਦਾ ਜੀਵਨ ਜਿਊਣ ਨਾਲੋਂ ਮੌਤ ਬਿਹਤਰ ਹੈ। ਦਰ ਦਰ ਦੀ ਗੁਲਾਮੀ ਤੇ ਦੂਜਿਆਂ ਦੀ ਓਟ ਤੱਕਣ ਦੇ ਨਾਲੋਂ ਤਾਂ ਜ਼ਿੰਦਗੀ ਨਾ ਰਹੇ ਤਾਂ ਬਿਹਤਰ ਹੈ। ਬੇ-ਗੈਰਤਾਂ ਦਾ ਜੀਵਨ ਕੋਈ ਜੀਵਨ ਨਹੀਂ ਹੁੰਦਾ:

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥ ੫੪॥
(ਪੰਨਾ ੧੩੮੦)

ਜੋਬਨ ਦੀ ਆਰਜਾ ਗੁਆਚ ਗਈ ਹੈ, ਪਰ ਉਸ ਪ੍ਰਭੂ ਨੇ ਅਜੇ ਤਕ ਦੀਦਾਰ ਨਹੀਂ ਦਿੱਤਾ। ਫਿਰ ਬੁਢਾਪਾ ਆ ਗਿਆ ਤੇ ਨਾਲ ਹੀ ਬੁਢਾਪੇ ਦੇ ਮੌਤ ਖਲੋਤੀ ਹੈ। ਨਤੀਜਾ ਇਹ ਹੋਇਆ ਕਿ ਕਬਰ ਵਿਚ ਜਾਣ ਵੇਲੇ, ਬੰਦੇ ਦੇ ਪੱਲੇ ਪਛਤਾਵੇ ਤੋਂ ਬਿਨਾਂ ਕੁਝ ਨਹੀਂ ਰਹਿੰਦਾ। ਉਸ ਵੇਲੇ ਇਹ ਜੀਵ ਪਛਤਾਵੇ ਵਿਚ ਕੁਰਲਾਉਂਦਾ ਹੈ।

ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥ ੫੪॥

ਜੀਵ ਆਤਮਾ ਕਬਰ ਵਿਚ, ਬਿਨਾਂ ਪ੍ਰਭੂ ਮਿਲਾਪ ਤੋਂ ਹੀ ਪਹੁੰਚ ਗਈ ਹੈ। ਜ਼ਿੰਦਗੀ ਬਿਕਾਰ ਹੀ ਗਵਾਚ ਗਈ। ਜਦੋਂ ਜੋਬਨ ਦੇ ਦਿਨ ਸਨ। ਜੀਵਨ ਦਾ ਪ੍ਰਵਾਹ ਪ੍ਰਬਲ ਸੀ। ਉਸ ਵਕਤ ਇਹ ਵਾਸ਼ਨਾ ਕਰਕੇ ਪ੍ਰਭੂ ਤੋਂ ਟੁੱਟ ਗਿਆ।

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ॥ ੫੫॥
(ਪੰਨਾ ੧੩੮੦)

ਸਿਰ ਵੀ ਪਲਿਆ ਹੈ ਯਾਨੀ ਕਿ ਸਿਰ ਦੇ ਕੇਸ ਵੀ ਸਫੈਦ ਹੋ ਗਏ ਹਨ, ਪੱਕ ਗਏ ਹਨ। ਦਾੜ੍ਹੀ ਵੀ ਸੁਫੈਦ ਹੋ ਗਈ ਹੈ ਅਤੇ ਮੁੱਛਾਂ ਵੀ ਚਿਟੀਆਂ ਹੋ ਗਈਆਂ ਹਨ। ਇਹ ਸਾਰੀ ਸਫੈਦੀ ਆਦਮੀ ਨੂੰ ਕੋਈ ਖਬਰ ਦੇਂਦੀ ਹੈ ਕਿ "ਐ ਬੰਦੇ! ਅਜੇ ਵੀ ਕਾਲੇ ਕੰਮ ਛਡ ਦੇਹ। ਆਪਣੀ ਇਸ ਜ਼ਿੰਦਗੀ ਨੂੰ ਬਿਲਕੁਲ ਪਵਿੱਤਰ ਤੇ ਬੇਦਾਗ ਬਣਾ ਲੈ?" ਇਹ ਚਿੱਟਾ ਰੰਗ ਕੋਈ ਖਬਰ ਦੇ ਰਿਹਾ ਹੈ। ਚਿੱਟੇ ਰੰਗ ਦੀ ਇਕ ਬੜੀ ਮਹਾਨਤਾ ਹੈ। ਇਹ ਮਹਾਨਤਾ ਦੂਜੇ ਰੰਗਾਂ ਵਿਚ ਨਹੀਂ। ਚਿੱਟੇ ਰੰਗ ਦੀ ਮਹਾਨਤਾ

ਇਹ ਹੈ ਕਿ ਮਾਮੂਲੀ ਜਿਹਾ ਲਗਾ ਹੋਇਆ ਦਾਗ ਵੀ ਦੂਰੋਂ ਦਿਸ ਪੈਂਦਾ ਹੈ। ਚਿੱਟਾ ਰੰਗ ਦਾਗ ਨੂੰ ਛਿਪਾਉਣ ਦੇ ਸਮਰਥ ਨਹੀਂ ਹੁੰਦਾ। ਇਹ ਇਕ ਮਹਾਨਤਾ ਵੀ ਹੈ। ਦੂਰੋਂ ਹੀ ਸਚਾਈ ਦੀ ਖਬਰ ਦੇਂਦਾ ਹੈ ਕਿ ਏਥੇ ਦਾਗ ਲਗ ਗਿਆ ਹੈ। ਇਸ ਲਈ ਚਿੱਟੇ ਵਸਤਰਾਂ ਨੂੰ ਬਹੁਤ ਸੰਭਾਲ ਪੂਰਵਕ ਪਹਿਨਣਾ ਪੈਂਦਾ ਹੈ ਕਿ ਕਿਤੇ ਦਾਗ ਨਾ ਲਗ ਜਾਵੇ।

ਜ਼ਿੰਦਗੀ ਦੀ ਇਹ ਚਾਦਰ ਵੀ ਕੋਰੀ ਹੈ। ਇਸ ਨੂੰ ਇਕ ਇਕ ਕਦਮ ਤੇ ਸੰਭਾਲ ਕੇ ਰਖਣ ਦੀ ਜ਼ਰੂਰਤ ਹੈ। ਤਾਂਕਿ ਇਸ ਨੂੰ ਕੋਈ ਦਾਗ ਨ ਲਗ ਜਾਵੇ। ਜੇ ਇਸ ਨੂੰ ਦਾਗ ਲਗ ਗਿਆ ਤਾਂ ਪ੍ਰਮਾਤਮਾ ਦੇ ਸਾਹਮਣੇ ਛਿਪਾਇਆ ਨਹੀਂ ਜਾ ਸਕਣਾ। ਜਿਵੇਂ ਚਿੱਟੇ ਰੰਗ ਤੇ ਲਗਾ ਹੋਇਆ ਧੱਬਾ ਦੂਰੋਂ ਦਿਖਾਈ ਦੇਂਦਾ ਹੈ। ਇਸ ਤਰ੍ਹਾਂ ਜ਼ਿੰਦਗੀ ਦੇ ਅੰਦਰ ਕਮਾਏ ਗਏ ਕਾਲੇ ਕਰਮ ਦੂਰੋਂ ਹੀ ਦਿਸ ਪੈਣਗੇ।

ਇਨ੍ਹਾਂ ਚਿੱਟੇ ਕੇਸਾਂ ਦਾ ਆਉਣਾ। ਦਾੜ੍ਹੀ ਦਾ ਰੰਗ ਕਾਲਿਆਂ ਤੋਂ ਚਿੱਟਾ ਹੋ ਜਾਣਾ। ਮੁੱਛਾਂ ਚਿੱਟੀਆਂ ਹੋ ਜਾਣੀਆਂ। ਇਕ ਸੂਚਨਾ ਹੈ ਕਿ ਹੁਣ ਵਕਤ ਬੰਦੇ ਦੇ ਕੋਲ ਬਹੁਤਾ ਨਹੀਂ। ਜ਼ਿੰਦਗੀ ਦਾ ਤੰਦਰੁਸਤ ਤੇ ਲੰਮਾਂ ਸਮਾਂ ਬੀਤ ਗਿਆ ਹੈ। ਸਿਰ ਤੇ ਬੁਢਾਪਾ ਆ ਗਿਆ ਹੈ ਅਤੇ ਬੁਢਾਪੇ ਤੋਂ ਅਗੇ ਕੇਵਲ ਮੌਤ ਹੈ। ਹੋਰ ਕੁਝ ਵੀ ਨਹੀਂ। ਜੁਆਨੀ ਤਾਂ ਫਿਰ ਕਦੇ ਆਵੇਗੀ ਹੀ ਨਹੀਂ। ਇਸ ਤੋਂ ਬਾਅਦ ਕੇਵਲ ਮੌਤ ਹੈ। ਇਹ ਬੰਦੇ ਨੂੰ ਖਬਰਦਾਰ ਕਰਦੇ ਹਨ। ਇਹ ਹੰਸਾਂ ਦਾ ਰੰਗ ਬੰਦੇ ਲਈ ਇਕ ਪ੍ਰੇਰਣਾ ਲੈ ਕੇ ਆਉਂਦਾ ਹੈ। ਇਹ ਖਬਰ ਹੈ ਕਿ ਅਜੇ ਵੀ ਜ਼ਿੰਦਗੀ ਵਿਚ ਕੋਈ ਕਾਲਾ ਦਾਗ ਹੈ ਤਾਂ ਧੋ ਸੁਟੋ? ਐ ਇਨਸਾਨ! ਜੇ ਬਾਹਰੋਂ ਚਿੱਟਾ ਹੋ ਗਿਆ ਹੈਂ ਤਾਂ ਮਨ ਨੂੰ ਵੀ ਸਫੈਦ ਕਰ ਲੈ? ਪਰ ਬੰਦਾ ਕਰਦਾ ਕੀ ਹੈ? ਧੌਲੇ ਆ ਗਏ ਤੇ ਕੁਝ ਸਮਝਣ ਦੀ ਥਾਂ ਉਲਟਾ ਚਲਦਾ ਹੈ? ਜੇ ਤਾਂ ਆਦਮੀ ਸਮਝੇ ਕਿ ਧੌਲੇ ਆ ਗਏ ਹਨ ਤਾਂ ਸੋਚੇ ਕਿ ਬਜ਼ੁਰਗੀ ਵਾਲੀ ਅਕਲ ਮੈਂ ਅਜੇ ਤਕ ਵੀ ਗ੍ਰਹਿਣ ਨਹੀਂ ਕੀਤੀ, ਤਾਂ ਆਦਮੀ ਨੂੰ ਆਪਣੇ ਆਪ ਤੇ ਲੱਜਾ ਆਵੇਗੀ। ਬੁਢਾਪਾ ਆ ਗਿਆ ਹੈ ਪਰ ਆਦਤਾਂ ਅਜੇ ਵੀ ਬਚਪਨੀਆਂ ਹਨ। ਮਨ ਅਜੇ ਵੀ ਵਾਸ਼ਨਾਵਾਂ ਵਿਚ ਭਟਕਿਆ ਫਿਰਦਾ ਹੈ। ਸਮਾਂ ਮੁਕਦਾ ਜਾ ਰਿਹਾ ਹੈ। ਇਸ ਤਰ੍ਹਾਂ ਸੋਚਣ ਨਾਲ ਆਦਮੀ ਦਾ ਜੀਵਨ ਬਦਲ ਜਾਵੇਗਾ। ਪਰ ਆਦਮੀ ਉਲਟਾ ਕਰਦਾ ਹੈ। ਧੌਲਿਆਂ ਨੂੰ ਤੱਕ ਕੇ ਵੀ ਆਦਮੀ ਇਹ ਲਾਭ ਨਹੀਂ ਲੈਂਦਾ ਕਿ ਮੈਂ ਜ਼ਿੰਦਗੀ ਵਿਚੋਂ ਕਾਲਖ ਧੋ ਲਵਾਂ। ਸਗੋਂ ਚਿੱਟੇ ਕੇਸਾਂ ਨੂੰ ਦੁਬਾਰਾ ਕਾਲਾ ਕਰਨ ਦਾ ਯਤਨ ਕਰਦਾ ਹੈ। ਜੇ ਕਾਲੇ ਨਾ ਵੀ ਕਰੇ ਤੇ ਫਿਰ ਹੰਕਾਰ ਦਾ ਦਾਗ ਹੋਰ ਲਾਉਂਦਾ ਹੈ ਕਿ ਮੈਂ ਹੁਣ ਦੂਜਿਆਂ ਨਾਲੋਂ ਵੱਡਾ ਹਾਂ। ਇਸ ਕਰਕੇ ਦੂਜਿਆਂ ਨੂੰ ਮੇਰੇ ਅਗੇ ਝੁਕਣਾ ਚਾਹੀਦਾ ਹੈ।

ਗੜ੍ਹਸ਼ੰਕਰ ਤੋਂ ਮਹੇਸ਼ ਯੋਗੀ ਭਾਈ ਤਿਲਕੂ ਦੇ ਪ੍ਰੇਰਣ ਤੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਚਲਾ ਗਿਆ। ਅਗੇ ਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨ

ਕਰਕੇ ਕਹਿਣ ਲਗਾ ਕਿ ਇਨ੍ਹਾਂ ਦੀ ਤਾਂ ਉਮਰ ਹੀ ਬੜੀ ਛੋਟੀ ਹੈ। ਮੇਰੇ ਮੁਕਾਬਲੇ ਤਾਂ ਗੁਰੂ ਅਰਜਨ ਦੇਵ ਜੀ ਬੱਚੇ ਹਨ। ਜਦੋਂ ਭਾਈ ਤਿਲਕੂ ਜੀ ਤੋਂ ਇਸ ਮਹੇਸ਼ ਯੋਗੀ ਨੇ ਗੁਰੂ ਅਰਜਨ ਦੇਵ ਜੀ ਦੀ ਉਮਰ ਪੁੱਛੀ ਤਾਂ ਉਸ ਵੇਲੇ ਹੀ ਹੰਕਾਰ ਹੋ ਗਿਆ। ਸੋਚਣ ਲੱਗਾ ਕਿ ਮੇਰੀ ਉਮਰ ਏਨੀ ਲੰਮੇਰੀ ਅਤੇ ਯੋਗ ਸਾਧਨਾ ਵੀ ਮੈਂ ਬਹੁਤ ਕੀਤੀ ਹੈ। ਜਿੰਨੀ ਕੁ ਉਮਰ ਭਾਈ ਤਿਲਕੂ, ਗੁਰੂ ਅਰਜਨ ਸਾਹਿਬ ਜੀ ਦੀ ਦੱਸਦਾ ਹੈ। ਏਨੀ ਉਮਰ ਜਿੰਨੀ ਤਾਂ ਮੈਂ ਸਾਧਨਾ ਹੀ ਕੀਤੀ ਹੈ। ਮੈਂ ਗੁਰੂ ਅਰਜਨ ਦੇਵ ਜੀ ਦੇ ਅਗੇ ਜਾ ਕੇ ਕਿਉਂ ਨਮਸ਼ਕਾਰ ਕਰਾਂ? ਆਦਮੀ ਇਸ ਤਰ੍ਹਾਂ ਹੀ ਸੋਚਦਾ ਹੈ ਕਿ ਉਮਰ ਵੱਡੀ ਹੈ ਤਾਂ ਖਵਰੇ ਮੈਂ ਵੀ ਏਨਾ ਹੀ ਮਹਾਨ ਹੋ ਗਿਆ ਹਾਂ। ਉਮਰ ਲੰਮੀ ਹੋਣ ਨਾਲ ਕੋਈ ਆਦਮੀ ਮਹਾਨ ਨਹੀਂ ਹੁੰਦਾ। ਉਮਰ ਕੋਈ ਮਹਾਨਤਾ ਦਾ ਪੈਮਾਨਾ ਨਹੀਂ ਹੈ।

ਬਜੁਰਗੀ ਬ ਅਕਲ ਨਾ ਕਿ ਬ ਸਾਲ॥ *(ਸਾਅਦੀ)*

ਬਜੁਰਗੀ ਤਾਂ ਬਾਬਾ ਬੁੱਢਾ ਵਿਚ ਸੱਤ ਸਾਲ ਦੀ ਉਮਰ ਵਿਚ ਹੀ ਆ ਗਈ ਸੀ। ਸੱਤ ਸਾਲ ਦੀ ਉਮਰ ਦਾ ਇਹ ਬੱਚਾ ਜੰਗਲ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਤੇ ਬੜੇ ਕੀਮਤੀ ਸੁਆਲ ਪੁੱਛੇ। ਇਸ ਬੱਚੇ ਦੇ ਸੁਆਲ ਸੁਣ ਕੇ ਹੀ ਗੁਰਦੇਵ ਨੇ ਕਹਿ ਦਿੱਤਾ ਸੀ ਕਿ ਤੂੰ ਬੂੜਾ ਨਹੀਂ। ਤੂੰ ਤਾਂ ਬਾਬਾ ਬੁੱਢਾ ਹੈਂ। ਤੂੰ ਬਜੁਰਗਾਂ ਵਾਲੇ ਬਚਨ ਕਰਦਾ ਹੈਂ। ਬਜੁਰਗੀ ਚਿੱਤ ਦੀ ਅਵਸਥਾ ਨਾਲ ਸਬੰਧਤ ਹੈ। ਬਾਹਰੀ ਹਾਲਤ ਭਾਵੇਂ ਬੁਢਾਪੇ ਦੀ ਆ ਗਈ, ਪਰ ਇਸ ਬੰਦੇ ਦਾ ਮਨ ਬਾਹਰਦੇ ਧੌਲਿਆਂ ਨੂੰ ਚਿੱਟੇ ਦੇਖ ਕੇ ਵੀ ਚਿੱਟਾ ਹੋਣ ਦਾ ਸੰਕਲਪ ਨਹੀਂ ਕਰਦਾ। ਅਜੇ ਵੀ ਕੀ ਕਰ ਰਿਹਾ ਹੈ?

ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ॥ ੫੫॥ *(ਪੰਨਾ ੧੩੮੦)*

ਐ ਬਉਰੇ ਪਾਗਲ ਮਨ! ਤੈਨੂੰ ਅਜੇ ਵੀ ਸਮਝ ਨਹੀਂ ਆਈ। ਸਿਰ ਵਿਚ ਕੇਸ ਚਿੱਟੇ ਹੋ ਗਏ, ਦਾੜ੍ਹੀ ਚਿੱਟੀ, ਮੁੱਛਾਂ ਵੀ ਚਿੱਟੀਆਂ ਹੋ ਗਈਆਂ, ਪਰ ਤੂੰ ਅਜੇ ਵੀ ਸੰਸਾਰ ਦੀਆਂ ਰੰਗ ਰਲੀਆਂ ਮਨਾਉਣ ਵਿਚ ਲੱਗਾ ਹੋਇਆ ਹੈਂ। ਅਜੇ ਵੀ ਦੁਨੀਆਂ ਦੀ ਐਸ਼ ਇਸ਼ਰਤ ਤੋਂ ਤੈਨੂੰ ਵਿਹਲ ਨਹੀਂ ਮਿਲਦੀ। ਅਜੇ ਵੀ ਕਿਉਂ ਖਿਆਲ ਨਹੀਂ ਕਰਦਾ ਕਿ ਮੈਂ ਪ੍ਰਲੋਕ ਸੁਆਰਨ ਲਈ ਵੀ ਕੋਈ ਖੇਚਲ ਕਰ ਲਵਾਂ? ਮਤਲਬ ਹੈ ਕਿ ਐ ਇਨਸਾਨ! ਤੂੰ ਸੰਭਲ ਜਾ?

ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਭਏ ਗਜ ਮੀਨ ਕੁਰੰਗਾ॥
(ਪੰਨਾ ੧੭੬)

ਇਹ ਸਰੀਰ ਤਾਂ ਯਾਤਰਾ ਕਰਨ ਵਾਲਾ ਰਸਤਾ ਹੈ। ਰਾਹੀ ਤਾਂ ਜੀਵ ਜੀਵ ਹੈ। ਅਸੀਂ ਸਰੀਰ ਨਹੀਂ ਹਾਂ। ਅਸੀਂ ਤਾਂ ਸਰੀਰ ਦੁਆਰਾ ਯਾਤਰਾ ਕਰਨ ਵਾਲੇ ਹਾਂ।

ਸਰੀਰ ਤਾਂ ਇਕ ਰਸਤੇ ਹਨ, ਜਿਨ੍ਹਾਂ ਦੁਆਰਾ ਜੀਵਆਤਮਾ ਸਫਰ ਕਰਦੀ ਹੈ। ਕਦੇ ਕਦਾਈ ਕੋਈ ਅਧਿਆਤਮਕ ਮਹਾਂਪੁਰਖ ਇਹ ਜਾਣ ਸਕਦਾ ਹੈ ਕਿ ਮੈਂ ਕਿੰਨੀ ਦੂਰ ਤੋਂ ਸਫਰ ਕਰਦਾ ਆਇਆ ਹਾਂ। ਉਹ ਇਸ ਦੂਰੀ ਨੂੰ ਅਨੁਭਵ ਕਰਕੇ ਗੁਰੂ ਅਗੇ ਤਰਲਾ ਲੈ ਉਠਦਾ ਹੈ ਕਿ-

ਹਉ ਆਇਆ ਦੂਰਹੁ ਚਲਿ ਕੈ, ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥
(ਪੰਨਾ ੭੬੩)

ਇਸ ਸ੍ਰਿਸ਼ਟੀ ਦੀਆਂ ਚੌਰਾਸੀ ਲੱਖ ਜੂਨਾਂ ਮੰਨੀਆਂ ਗਈਆਂ ਹਨ। ਵਿਗਿਆਨ ਦੀ ਦ੍ਰਿਸ਼ਟੀ ਵਿਚ ਜੂਨੀਆਂ ਦੀ ਗਿਣਤੀ ਚੌਰਾਸੀ ਲੱਖ ਤੋਂ ਵੀ ਜ਼ਿਆਦਾ ਹੈ। ਪਰ ਪੁਰਾਣਕ ਵੈਦਿਕ ਕਾਲ ਦੀ ਗਿਣਤੀ ਚੌਰਾਸੀ ਲੱਖ ਮੰਨੀ ਗਈ ਹੈ। ਚੌਰਾਸੀ ਲੱਖ ਜੂਨੀਆਂ ਵਿਚੋਂ ਸਭ ਤੋਂ ਉੱਤਮ ਮਨੁੱਖਾ ਜਨਮ ਹੈ। ਜੇ ਚੌਰਾਸੀ ਲੱਖ ਜੂਨਾਂ ਵਿਚੋਂ ਗੇੜਾ ਕੱਢ ਕੇ ਸਾਡੀ ਜੀਵਾਤਮਾ ਨੂੰ ਇਹ ਮਨੁੱਖਾ ਜਨਮ ਮਿਲਿਆ ਹੈ, ਤਾਂ ਵੀ ਬੜਾ ਲੰਬਾ ਸਫਰ ਤਹਿ ਕਰਨ ਤੋਂ ਬਾਅਦ ਮਿਲਿਆ ਹੈ। ਇਸ ਸਰੀਰ ਵਿਚ ਅਸੀਂ ਸਾਰੇ ਮੁਸਾਫਰ ਹਾਂ। ਕਈ ਜਨਮਾਂ ਦੀ ਸਾਡੇ ਮਨ ਨੂੰ ਮੈਲ ਲਗੀ ਹੈ। ਦਰਅਸਲ ਮੌਤ ਦੀ ਕਲਾ ਐਸੀ ਹੈ ਕਿ ਸਰੀਰ ਨੂੰ ਖਤਮ ਕਰ ਦੇਂਦੀ ਹੈ ਪਰ ਮੰਜ਼ਿਲ ਮਿਲਦੀ ਨਹੀਂ। ਯਾਤਰਾ ਕਈ ਜਨਮਾਂ ਤੋਂ ਸ਼ੁਰੂ ਹੈ। ਇਕ ਵਿਦਵਾਨ ਦਾ ਕਹਿਣਾ ਹੈ ਕਿ

ਹਰ ਗਮ ਪੇ ਦੂਰ ਹੁਈ ਜਾਤੀ ਹੈ ਮੇਰੀ ਮੰਜ਼ਿਲ॥
ਮੈਂ ਭੀ ਸਫਰ ਮੇਂ ਹੂੰ ਮੇਰੀ ਮੰਜ਼ਿਲ ਭੀ ਸਫਰ ਮੇਂ ਹੈ॥
(ਇਕ ਸਿਆਣਾ)

ਜੀਵ ਯਾਤਰੀ ਹੈ। ਜਨਮ ਜਨਮ ਦੇ ਸੰਸਕਾਰਾਂ ਦੀ ਗਰਦ ਮਨ ਤੇ ਲਗੀ ਹੈ। ਗੁਰੂ ਜੀ ਇਸ ਯਾਤਰੀ ਨੂੰ ਰੋਜ਼ ਅਵਾਜ਼ਾਂ ਮਾਰਦੇ ਹਨ ਕਿ ਤੂੰ ਮਨੋਰੰਜਨ ਦੀਆਂ ਗੱਲਾਂ ਵਿਚ ਲਗਾ ਹੋਇਆ ਹੈਂ। ਕਦੇ ਆਪਣੀ ਰਾਹ ਦੀ ਗੱਲ ਵੀ ਕਰਿਆ ਕਰ। ਤੇਰੀ ਮੰਜ਼ਿਲ ਦੂਰ ਹੈ ਪਰ ਮੌਤ ਸਿਰ ਤੇ ਖਲੋਤੀ ਹੈ। ਆਦਮੀ ਨੂੰ ਕਦੇ ਇਹ ਨਹੀਂ ਸੋਚਣਾ ਚਾਹੀਦਾ ਕਿ ਮੌਤ ਉਮਰ ਦੇ ਲਿਹਾਜ਼ ਨਾਲ ਆਵੇਗੀ। ਮੌਤ ਦਾ ਉਮਰ ਨਾਲ ਕੋਈ ਸਬੰਧ ਨਹੀਂ। ਬਾਬਾ ਬੁੱਢਾ ਸਾਹਿਬ ਨੂੰ ਆਤਮ ਗਿਆਨ ਹੀ ਇਸ ਘਟਨਾ ਤੋਂ ਹੋਇਆ ਸੀ ਕਿ ਚੁਲ੍ਹੇ ਵਿਚ ਅੱਗ ਬਾਲਣ ਸਮੇਂ ਛੋਟੀਆਂ ਲਕੜਾਂ ਨੂੰ ਪਹਿਲਾਂ ਅੱਗ ਲਗਦੀ ਹੈ। ਸੰਸਾਰ ਕਰਤਾ ਪੁਰਖ ਦੀ ਖੇਤੀ ਹੈ। ਜਦੋਂ ਉਸ ਦੀ ਮਰਜੀ ਹੁੰਦੀ ਹੈ ਕੱਟ ਲੈਂਦਾ ਹੈ।

ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ॥
ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ॥
ਜਾ ਹੋਆ ਹੁਕਮੁ ਕਿਰਸਾਣ ਦਾ ਲੁਣਿ ਮਿਣਿਆ ਖੇਤਾਰੁ॥ (ਪੰਨਾ ੪੩)

ਬਾਬਾ ਬੁੱਢਾ ਸਾਹਿਬ ਦੇ ਜੀਵਨ ਦੀ ਇਹ ਘਟਨਾ ਹੈ ਕਿ ਬਾਬਾ ਬੁੱਢਾ ਸਾਹਿਬ ਦਾ ਜਦੋਂ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਇਆ ਉਸ ਵੇਲੇ ਬਾਬਾ ਜੀ ਜੰਗਲ ਵਿਚ ਗਊਆਂ ਮੱਝਾਂ ਚਰਾਉਂਦੇ ਸਨ। ਗੁਰੂ ਨਾਨਕ ਦੇਵ ਜੀ ਕਰਤਾਰਪੁਰ ਨੂੰ ਜਾਂਦਿਆਂ ਹੋਇਆਂ ਇਥੋਂ ਦੀ ਲੰਘੇ ਜਿਥੇ ਬਾਬਾ ਬੁੱਢਾ ਸਾਹਿਬ ਜੀ ਪਸ਼ੂ ਚਾਰਦੇ ਸਨ। ਨਾਲ ਮਰਦਾਨਾ ਵੀ ਸੀ। ਬਾਬਾ ਜੀ ਦੀ ਉਮਰ ਉਸ ਵਕਤ ਹੋਵੇਗੀ ਕੋਈ ਦਸ ਗਿਆਰਾਂ ਸਾਲ। ਬਾਬਾ ਬੁੱਢਾ ਸਾਹਿਬ ਨੇ ਗੁਰੂ ਨਾਨਕ ਸਾਹਿਬ ਨੂੰ ਪ੍ਰਭੂ ਸਰੂਪ ਜਾਣਕੇ ਨਮਸਕਾਰ ਕੀਤੀ। ਨਾਲ ਹੀ ਹੱਥ ਜੋੜ ਕੇ ਪੁੱਛਿਆ ਮਹਾਰਾਜ! ਮੈਂ ਆਪ ਦੀ ਕੀ ਸੇਵਾ ਕਰ ਸਕਦਾ ਹਾਂ। ਗੁਰਦੇਵ ਕਹਿਣ ਲਗੇ ਸਾਨੂੰ ਪਿਆਸ ਲਗੀ ਹੈ। ਬਾਬਾ ਬੁੱਢਾ ਸਾਹਿਬ ਜੀ ਨੇ ਇਕ ਗਾਂ ਦਾ ਤਾਜ਼ਾ ਦੁੱਧ ਚੋ ਕੇ ਲੈ ਆਂਦਾ। ਕਿਹਾ ਗੁਰਦੇਵ! ਆਪ ਜੀ ਇਹ ਦੁੱਧ ਪੀਓ। ਗੁਰਦੇਵ ਨੇ ਮਰਦਾਨੇ ਨੂੰ ਵੀ ਦੁੱਧ ਦਿੱਤਾ ਅਤੇ ਆਪ ਵੀ ਦੁੱਧ ਪੀਤਾ। ਗੁਰਦੇਵ ਨੇ ਉਹ ਦੁੱਧ ਵਾਲਾ ਬਰਤਨ ਵਾਪਸ ਕਰਦਿਆਂ ਕਿਹਾ, ਲੈ ਬੇਟਾ! ਅਸੀਂ ਤ੍ਰਿਪਤ ਹੋ ਗਏ ਹਾਂ। ਬਾਬਾ ਬੁੱਢਾ ਜੀ ਕਹਿਣ ਲਗੇ ਕਿ ਮਹਾਰਾਜ! ਇਕ ਵਾਰ ਪਠਾਣਾਂ ਨੇ ਸਾਡੇ ਪਿੰਡ ਕਥੂਨੰਗਲ ਹੱਲਾ ਕਰ ਦਿੱਤਾ ਉਹਨਾਂ ਜਰਵਾਣਿਆਂ ਨੇ ਪੱਕੀਆਂ ਖੇਤੀਆਂ ਦੇ ਨਾਲ ਕੱਚੀਆਂ ਵੀ ਵੱਢ ਲਈਆਂ। ਉਸ ਦਿਨ ਤੋਂ ਮੈਂ ਸੋਚਦਾ ਹਾਂ ਕਿ ਮੈਂ ਵੀ ਤਾਂ ਪ੍ਰਭੂ ਦੀ ਕੱਚੀ ਖੇਤੀ ਹਾਂ। ਮੌਤ ਜਰਵਾਣੀ ਦਾ ਕੀ ਪਤਾ ਹੈ ਉਸ ਨੇ ਕਦੋਂ ਆ ਜਾਣਾ ਹੈ।

ਬਾਬਾ ਜੀ ਫਿਰ ਕਹਿਣ ਲਗੇ ਗੁਰਦੇਵ! ਇਕ ਦਿਨ ਮੇਰੀ ਮਾਂ ਨੇ ਕਿਹਾ ਬੂੜ੍ਹਿਆ! ਰੋਟੀਆਂ ਪਕਾਉਣ ਲਈ ਚੁਲ੍ਹੇ ਵਿਚ ਲਕੜਾਂ ਬਾਲ। ਮੈਂ ਲਕੜਾਂ ਬਾਲੀਆਂ ਤਾਂ ਛੋਟੀਆਂ ਲਕੜਾਂ ਨੂੰ ਅੱਗ ਪਹਿਲਾਂ ਲਗ ਪਈ। ਉਸ ਦਿਨ ਤੋਂ ਮੈਂ ਸੋਚਦਾ ਹਾਂ ਕਿ ਮੌਤ ਦਾ ਕੀ ਪਤਾ ਹੈ ਕਿ ਬਚਪਨ ਵਿਚ ਹੀ ਆ ਜਾਏ। ਇਸ ਕਰਕੇ ਉਸ ਦਿਨ ਤੋਂ ਮੈਨੂੰ ਜਲਦੀ ਤੋਂ ਜਲਦੀ ਆਤਮ ਗਿਆਨ ਪ੍ਰਾਪਤ ਕਰਨ ਦੀ ਤਾਂਘ ਹੈ। ਗੁਰੂ ਨਾਨਕ ਦੇਵ ਜੀ ਕਹਿਣ ਲਗੇ ਕਿ ਤੇਰਾ ਨਾਮ ਬੂੜ੍ਹਾ ਨਹੀਂ, ਬੁੱਢਾ ਹੈ। ਬਸ! ਉਸ ਦਿਨ ਤੋਂ ਬਾਬਾ ਬੁੱਢਾ ਸਾਹਿਬ ਹੀ ਨਾਮ ਪੱਕ ਗਿਆ।

ਇਕ ਵਿਚਾਰ ਸੀ ਕਿ ਮੌਤ ਉਮਰ ਦੇ ਲਿਹਾਜ਼ ਨਾਲ ਨਹੀਂ ਆਉਂਦੀ। ਨਹੀਂ ਤਾਂ ਇਥੇ ਹਰ ਮਾਂ ਆਪਣੇ ਪੁੱਤਰ ਨੂੰ ਦੇਖ ਕੇ ਇਹੀ ਕਹਿੰਦੀ ਹੈ ਕਿ ਮੇਰਾ ਪੁੱਤਰ ਵੱਡਾ ਹੋ ਰਿਹਾ ਹੈ। ਕਬੀਰ ਸਾਹਿਬ ਜੀ ਨੇ ਬੜਾ ਸੁੰਦਰ ਕਥਨ ਕੀਤਾ ਹੈ।

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ
ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥

(ਪੰਨਾ ੯੧)

ਇਸ ਸਬੰਧ ਵਿਚ ਕਬੀਰ ਸਾਹਿਬ ਦੀ ਜਨਮ ਸਾਖੀ ਵਿਚ ਇਕ ਕਥਾ ਹੈ। ਭਾਵ ਨੂੰ ਸਪੱਸ਼ਟ ਕਰਨ ਲਈ ਮੈਂ ਕਹਿੰਦਾ ਹਾਂ। ਇਕ ਘਰ ਵਿਚ ਇਕ ਔਰਤ

ਆਪਣੇ ਘਰ ਦਾ ਕੰਮ ਕਰਦੀ ਹੈ ਨਾਲ ਆਪਣੇ ਇਕਲੌਤੇ ਬੱਚੇ ਨੂੰ ਦੇਖਕੇ ਕੁਝ ਲਾਡ ਤੇ ਕੁਝ ਬੱਚੇ ਦੀ ਜਵਾਨੀ ਦੀਆਂ ਆਸਾਂ ਉਮੀਦਾਂ ਦੀਆਂ ਗੱਲਾਂ ਕਰ ਰਹੀ ਹੈ। ਉਹ ਸੋਚ ਰਹੀ ਸੀ ਕਿ ਮੇਰਾ ਪੁੱਤਰ ਵੱਡਾ ਹੋ ਕੇ ਮੇਰਾ ਸਹਾਰਾ ਬਣੇਗਾ। ਮੈਂ ਇਸ ਨੂੰ ਚੰਗਾ ਪੜ੍ਹਾਵਾਂਗੀ। ਇਕ ਨੇਕ ਇਨਸਾਨ ਬਣਾਵਾਂਗੀ। ਹੋਰ ਵੀ ਕਿੰਨੀਆਂ ਰੀਝਾਂ ਪੂਰੀਆਂ ਕਰਨ ਲਈ ਉਹ ਸੋਚ ਰਹੀ ਸੀ। ਬੱਚਾ ਅਜੇ ਗੇਂਦ ਨਾਲ ਖੇਲ ਰਿਹਾ ਸੀ। ਬੱਚੇ ਨੇ ਆਪਣੀ ਮਾਂ ਵੱਲ ਗੇਂਦ ਸੁੱਟੀ। ਮਾਂ ਨੇ ਉਹ ਗੇਂਦ ਫਿਰ ਜੋਰ ਨਾਲ ਬੱਚੇ ਵੱਲ ਸੁਟੀ। ਗੇਂਦ ਜ਼ਰਾ ਦੂਰ ਪੱਥਰਾਂ ਉਪਰ ਜਾ ਡਿੱਗੀ। ਬੱਚਾ ਗੇਂਦ ਦੇ ਪਿੱਛੇ ਤੇਜ਼ੀ ਨਾਲ ਦੌੜਦਾ ਹੋਇਆ ਗਿਆ। ਬੱਚੇ ਦਾ ਪੈਰ ਇਕ ਪੱਥਰ ਨਾਲ ਵਜਾ ਤੇ ਬੱਚਾ ਪੱਥਰਾਂ ਉਪਰ ਮੂੰਹ ਭਾਰ ਜਾ ਡਿੱਗਾ। ਬੱਚੇ ਦਾ ਮੱਥਾ ਇਕ ਪੱਥਰ ਤੇ ਵੱਜਾ ਅਤੇ ਨਾਲ ਹੀ ਪ੍ਰਾਣ ਨਿਕਲ ਗਏ। ਜਿਹੜੀ ਮਾਂ ਹੁਣੇ ਹੀ ਇਸ ਬੱਚੇ ਤੇ ਕਈ ਪ੍ਰਕਾਰ ਦੀਆਂ ਰੀਝਾਂ ਲਾਈ ਬੈਠੀ ਸੀ, ਉਸ ਨੂੰ ਹੁਣ ਗਸ਼ੀਆਂ ਪੈ ਪੈ ਜਾਂਦੀਆਂ ਹਨ। ਮਾਂ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਮੇਰਾ ਬੱਚਾ ਵੱਡਾ ਹੋ ਰਿਹਾ ਹੈ। ਦਰਅਸਲ ਉਮਰ ਤਾਂ ਘੱਟ ਰਹੀ ਹੁੰਦੀ ਹੈ। ਜੇ ਅੱਜ ਬੱਚੇ ਦੀ ਉਮਰ ਅਠਾਰਾਂ ਸਾਲ ਹੋਈ ਹੈ ਤਾਂ ਬੱਚੇ ਦੀ ਅਠਾਰਾਂ ਸਾਲ ਉਮਰ ਬੀਤ ਗਈ ਹੈ। ਇਸ ਤਰ੍ਹਾਂ ਹਰੇਕ ਕੋਈ ਰੋਜ਼ ਹੀ ਥੋੜਾ ਥੋੜਾ ਗੁਜਰ ਰਿਹਾ ਹੈ। ਕਬੀਰ ਸਾਹਿਬ ਦਾ ਕਥਨ ਹੈ ਕਿ ਮਾਂ ਸਮਝਦੀ ਹੈ ਕਿ ਮੇਰਾ ਬੱਚਾ ਵੱਡਾ ਹੋ ਰਿਹਾ ਹੈ, ਪਰ ਉਸ ਦੀ ਉਮਰ ਘੱਟ ਰਹੀ ਹੁੰਦੀ ਹੈ।

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ
ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥

(ਪੰਨਾ ੯੧)

ਦਰਅਸਲ ਇਹੀ ਮੌਤ ਦੀ ਕਲਾ ਹੈ। ਮੌਤ ਕਿਸ ਤਰ੍ਹਾਂ ਸਹਿਜੇ ਸਹਿਜੇ ਜੀਵ ਦੇ ਉਪਰ ਵਾਪਰਦੀ ਹੈ, ਮਨੁੱਖ ਨੂੰ ਪਤਾ ਵੀ ਨਹੀ ਲਗਦਾ।

□□□□

ਜੀਵਨ ਸੀਮਾ ਅਤੇ ਮੌਤ ਦੀ ਕਲਾ

ਜੇ ਤਾਂ ਆਦਮੀ ਦੇ ਹੰਕਾਰ ਨੂੰ ਦੇਖੀਏ ਤਾਂ ਕਹਿਣਾ ਪੈਂਦਾ ਹੈ ਆਦਮੀ ਤੋਂ ਬਿਨਾਂ ਸ੍ਰਿਸ਼ਟੀ ਤੇ ਕੋਈ ਸ਼ਕਤੀਸ਼ਾਲੀ ਅਤੇ ਵੱਡਾ ਨਹੀਂ। ਦੂਸਰੇ ਸ਼ਬਦਾਂ ਵਿੱਚ ਆਦਮੀ ਹੀ ਰਬ ਹੈ ਅਤੇ ਰਬ ਹੀ ਆਦਮੀ ਹੈ। ਪਰ ਜੇ ਆਦਮੀ ਦੇ ਸਰੀਰ ਦੀ ਬਣਤਰ ਨੂੰ ਦੇਖੀਏ ਤਾਂ ਕਹਿਣਾ ਪੈਂਦਾ ਹੈ ਕਿ ਆਦਮੀ ਬੜਾ ਨਿਰਬਲ ਹੈ। ਇਸ ਦੇ ਆਪਣੇ ਵੱਸ ਕੁਝ ਵੀ ਨਹੀਂ ਹੈ। ਸਭ ਕੁਝ ਕਿਸੇ ਹੋਰ ਦੇ ਹੱਥ ਵਸ ਹੈ ਅਤੇ ਆਦਮੀ ਉਸ ਗੁਪਤ ਹੱਥ ਦੀ ਪੁਤਲੀ ਹੈ। ਭਗਤ ਰਵਿਦਾਸ ਨੇ ਬੜੀ ਸੁੰਦਰ ਵਿਆਖਿਆ ਕੀਤੀ ਹੈ ਕਿ-

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥ ੧ ॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥

(ਪੰਨਾ ੬੫੯)

ਪਾਣੀ ਦੀ ਕੰਧ ਨੂੰ ਹਵਾ ਦਾ ਸਹਾਰਾ ਹੈ। ਮਨੁੱਖ ਦਾ ਸਰੀਰ ਲਹੂ ਮਿੱਝ ਦੀ ਮਿੱਟੀ ਨਾਲ ਬਣਿਆ ਹੋਇਆ ਹੈ। ਹੱਡ, ਮਾਸ ਦੇ ਪਿੰਜਰੇ ਵਿੱਚ ਇੱਕ ਪੰਛੀ ਵਰਗਾ ਜੀਵ ਵਸਦਾ ਹੈ। ਉਹ ਜੀਵ ਹੀ ਹੰਕਾਰੀ ਹੋਈ ਬੈਠਾ ਹੈ। ਇਸ ਪਿੰਜਰੇ ਦਾ ਹੀ ਹੰਕਾਰ ਕਰੀ ਜਾਂਦਾ ਹੈ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਇਕ ਹਵਾ ਦੇ ਸੁਆਸਾਂ ਦੀ ਧੜਕਣ ਹੈ, ਜਿਸ ਨਾਲ ਇਹ ਲਹੂ ਹੱਡ ਮਾਸ ਦਾ ਪਿੰਜਰਾ ਲਟਕਿਆ ਹੋਇਆ ਹੈ। ਮੇਰਾ ਮੇਰਾ ਤੇ ਤੇਰਾ ਤੇਰਾ ਦੀ ਧੁਨ ਬਣਾਈ ਬੈਠਾ ਹੈ। ਸੰਸਾਰ ਇਕ ਦਰੱਖਤ ਹੈ। ਜਿਵੇਂ ਬ੍ਰਿਛ ਉੱਪਰ ਕਈ ਪ੍ਰਕਾਰ ਦੇ ਪੰਛੀ ਆਪਣਾ ਘਰ ਬਣਾ ਕੇ ਰਹਿੰਦੇ ਹਨ ਠੀਕ ਏਸ ਤਰ੍ਹਾਂ ਹੀ ਹਰ ਜੀਵ ਇਸ ਸੰਸਾਰ ਦੇ ਦਰੱਖਤ ਉੱਪਰ ਵਾਸਾ ਕਰਦਾ ਹੈ। ਪਰ ਇਸ ਸੰਸਾਰ ਦੀ ਧਰਤੀ ਨੂੰ ਕਬਜ਼ੇ ਵਿੱਚ ਲੈ ਕੇ ਆਪਣੇ ਦਾਅਵੇ ਕਰ ਰਿਹਾ ਹਾਂ। ਪੰਛੀਆਂ ਨਾਲੋਂ ਏਹੀ ਮਨੁੱਖ ਦੀ ਵਿਲੱਖਣਤਾ ਹੈ ਕਿ ਕੋਈ ਪੰਛੀ ਕਿਸੇ ਦਰੱਖਤ ਦੀ ਟਾਹਣੀ ਤੇ ਆਲਣਾ ਬਣਾ ਲਏ, ਕੋਈ ਰੋਕ ਟੋਕ ਨਹੀਂ। ਪਰ ਮਨੁੱਖ ਹਰੇਕ ਥਾਂ ਤੇ ਆਪਣੀ ਮਰਜ਼ੀ ਨਾਲ ਘਰ ਨਹੀਂ ਬਣਾ ਸਕਦਾ। ਦਰਅਸਲ ਮਨੁੱਖ ਦੀ ਹਉਮੈ ਨੂੰ ਰੋਕਣ ਲਈ ਹੀ ਐਸੇ ਕਾਨੂੰਨ ਬਣਾਏ ਜਾਂਦੇ ਹਨ ਕਿ ਸਾਰੀ ਧਰਤੀ ਇਕੋ ਮਨੁੱਖ ਦੀ ਮਲਕੀਅਤ ਨਾ ਹੋ ਜਾਵੇ। ਸਾਰੇ ਹੀ ਰਹਿ ਸਕਣ। ਰਵਿਦਾਸ

ਜੀ ਕਹਿ ਰਹੇ ਹਨ ਕਿ-

ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ॥ ੨॥

(ਪੰਨਾ ੬੫੯)

ਜਦੋਂ ਮਨੁੱਖ ਨੂੰ ਇਸ ਧਰਤੀ ਤੇ ਆਪਣੇ ਘਰ ਤੇ ਦਸ-ਦਸ ਮੰਜ਼ਲੇ ਮਹੱਲ ਬਣਾਉਂਦਿਆਂ ਦੇਖਿਆ ਜਾਵੇ ਤਾਂ ਸਮਝ ਲੱਗਦੀ ਹੈ ਕਿ ਆਦਮੀ ਨੇ ਇਸ ਧਰਤੀ ਤੋਂ ਕਦੇ ਨਹੀਂ ਮਰਨਾ। ਪਰ ਜਦੋਂ ਏਸ ਦੀ ਲਾਸ਼ ਲਈ ਕਬਰ ਦੀ ਸੀਮਾਂ ਮਿਣੀ ਜਾਂਦੀ ਹੈ ਤਾਂ ਸਾਢੇ ਤਿੰਨ ਹੱਥ ਕਬਰ ਹੁੰਦੀ ਹੈ। ਕਬੀਰ ਜੀ ਕਹਿੰਦੇ ਹਨ ਕਿ ਜੇ ਬਹੁਤ ਵੱਡੀ ਲਾਸ਼ ਹੋਵੇ ਤਾਂ ਪੌਣੇ ਚਾਰ ਹੱਥ ਕਬਰ ਵੱਡੀ ਕਰ ਲਈ ਜਾਂਦੀ ਹੈ।

ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥ ੨੧੮॥

(ਸਲੋਕ ਕਬੀਰ, ਪੰਨਾ ੧੩੭੬)

ਭਗਤ ਰਵਿਦਾਸ ਜੀ, ਜੁਆਨੀ ਦੇ ਨਸ਼ੇ ਵਿੱਚ ਹੰਕਾਰੀ ਹੋਏ-ਹੋਏ ਮਨੁੱਖ ਨੂੰ ਉਪਦੇਸ਼ ਕਰਦੇ ਹੋਏ ਕਹਿੰਦੇ ਹਨ ਕਿ ਐ ਨੌਜਵਾਨ! ਅੱਜ ਤੇਰੇ ਤੇ ਜੁਆਨੀ ਹੈ ਅਤੇ ਹੰਕਾਰ ਦੇ ਨਸ਼ੇ ਵਿੱਚ ਤੂੰ ਆਪਣੀ ਜ਼ਿੰਦਗੀ ਦੀ ਪੱਗ ਬੰਨ੍ਹ ਕੇ ਚਲਦਾ ਹੈਂ। ਦੂਸਰਿਆਂ ਨੂੰ ਦੁਖੀ ਨਾ ਕਰ? ਕਿਉਂਕਿ ਜਵਾਨੀ ਸਦਾ ਨਹੀਂ ਰਹਿੰਦੀ ਅਤੇ ਇਕ ਦਿਨ ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਂਦਾ ਹੈ। ਇਹ ਤਾਂ ਮਾਇਆ ਦੀ ਕਲਾ ਦਾ ਭਰਮ ਹੈ ਕਿ ਤੂੰ ਅੱਜ ਕਿਸੇ ਨੂੰ ਕੁਝ ਸਮਝਦਾ ਨਹੀਂ ਹੈਂ, ਪਰ ਯਾਦ ਰੱਖ! ਇਹ ਸਾਰੀ ਦੁਨੀਆਂ ਹੀ ਨਾਸ਼ਵੰਤ ਹੈ ਅਤੇ ਮਾਇਆ ਦੀ ਕਲਾ ਕਰਕੇ ਦਿਵਾਨੀ ਹੈ। ਆਪਣੇ ਆਪ ਨੂੰ ਸਦੀਵੀ ਰਹਿਣ ਵਾਲਾ ਨਾ ਸਮਝ?

ਬੰਕੇ ਬਾਲ ਪਾਗ ਸਿਰਿ ਡੇਰੀ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥ ੩॥

(ਪੰਨਾ ੬੫੯)

ਦਰਅਸਲ ਜਿੰਨੀ ਦੇਰ ਆਦਮੀ ਸੰਸਾਰ ਵਿੱਚ ਰਹਿੰਦਾ ਹੈ ਤਾਂ ਉਸ ਨੂੰ ਇਹ ਯਕੀਨ ਹੁੰਦਾ ਹੀ ਨਹੀਂ ਕਿ ਇੱਕ ਦਿਨ ਸੰਸਾਰ ਨੂੰ ਛੱਡ ਜਾਣਾ ਹੈ। ਪਰ ਹਉਮੈ ਦੇ ਗਿਰਨ ਤੋਂ ਬਿਨਾਂ ਪ੍ਰਮਾਤਮਾ ਨਾਲ ਨਹੀਂ ਮਿਲਿਆ ਜਾ ਸਕਦਾ।

ਸੂਫੀ ਕਹਾਣੀਆਂ ਦੀ ਬੜੀ ਪਿਆਰੀ ਇਹ ਕਹਾਣੀ ਹੈ।

ਇਕ ਸੂਫੀ ਸੰਤ ਹੋਇਆ ਹੈ। ਬਹਿਲੋਲ ਇਸ ਦਾ ਨਾਮ ਸੀ। ਕਦੇ ਰਾਜਾ ਹੁੰਦਾ ਸੀ। ਫਿਰ ਕੋਈ ਐਸੀ ਮਨ ਨੂੰ ਚੋਟ ਲੱਗੀ ਕਿ ਬੜਾ ਤਿਆਗੀ ਸੰਤ ਬਣ ਗਿਆ। ਉਹ ਜਦੋਂ ਕੋਈ ਗੱਲ ਕਰਦਾ ਸੀ ਤਾਂ ਬੜੀ ਦੂਰ-ਅੰਦੇਸ਼ੀ ਦੀ ਗੱਲ ਕਰਦਾ ਸੀ। ਲੋਕ ਉਸ ਤੋਂ ਬੜੇ ਪ੍ਰਭਾਵਤ ਸਨ। ਅਕਸਰ ਉਹ ਸ਼ਹਿਰ ਵਿੱਚ ਆਮ ਹੀ ਘੁੰਮਦਾ ਫਿਰਦਾ ਮਿਲ ਜਾਂਦਾ ਸੀ। ਜਦੋਂ ਰਾਤ ਪੈ ਜਾਂਦੀ ਸੀ ਤਾਂ ਉਹ ਜਿਸ ਦੇ ਘਰ ਮਰਜ਼ੀ ਜਾ ਕੇ ਕਹਿ ਦੇਂਦਾ ਸੀ ਕਿ 'ਆਪਣੇ ਮੁਸਾਫਰ ਖਾਨੇ ਵਿੱਚ ਮੈਨੂੰ ਵੀ ਰਾਤ ਕੱਟ ਲੈਣ

ਦਿਉ?" ਅਕਸਰ ਲੋਕ ਉਸ ਨੂੰ ਦਰਵੇਸ਼ ਸਮਝ ਕੇ ਉਸ ਦੀ ਬੜੀ ਇੱਜ਼ਤ ਕਰਦੇ ਸਨ। ਉਹ ਲੋਕਾਂ ਨੂੰ ਕਹਿੰਦਾ ਸੀ ਕਿ "ਮੁਸਾਫਰਾਂ ਨੂੰ ਇੱਕ ਦੂਸਰੇ ਦੀ ਇੱਜ਼ਤ ਕਰਨੀ ਹੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਸਫ਼ਰ ਬੜਾ ਸੌਖਾ ਕੱਟ ਜਾਂਦਾ ਹੈ।" ਲੋਕ ਭਾਵੇਂ ਉਸ ਨੂੰ ਕਹਿੰਦੇ ਸਨ ਕਿ ਤੈਨੂੰ ਇੱਕ ਚੰਗਾ ਘਰ ਬਣਵਾ ਦੇਂਦੇ ਹਾਂ? ਪਰ ਉਹ ਕਹਿੰਦਾ ਹੁੰਦਾ ਸੀ ਕਿ "ਪਤਾ ਨਹੀਂ ਕੱਲ੍ਹ ਨੂੰ ਜਾਣਾ ਹੀ ਪੈ ਜਾਏ? ਮੁਸਾਫਰ ਅਕਸਰ ਸਫ਼ਰ ਹੀ ਕਰਦੇ ਹਨ।"

ਇਕ ਦਿਨ ਉਹ ਮਹਾਤਮਾ, ਬਾਦਸ਼ਾਹ ਸਮਰਕੰਦ ਦੇ ਮਹਿਲਾਂ ਦੇ ਬਾਹਰ ਜਾ ਖਲੋਤਾ। ਬਾਹਰਲੇ ਦਰਵਾਜ਼ੇ ਤੇ ਏਧਰ ਉਧਰ ਦੇਖ ਰਿਹਾ ਸੀ। ਕੋਈ ਦਿਖਾਈ ਨਾ ਦਿੱਤਾ ਤਾਂ ਮਹਾਤਮਾ ਨੇ ਉਹ ਵੱਡਾ ਦਰਵਾਜ਼ਾ ਖਟ ਖਟਾਇਆ। ਅੰਦਰੋਂ ਇੱਕ ਆਦਮੀ ਹੱਥ ਵਿੱਚ ਬਰਛੀ ਪਕੜੀ ਹੋਈ ਬਾਹਰ ਆਇਆ। ਸ਼ਾਮ ਦਾ ਵੇਲਾ ਸੀ। ਉਸ ਆਦਮੀ ਨੇ ਉਸ ਮਹਾਤਮਾ ਨੂੰ ਪੁਛਿਆ, "ਬਾਬਾ! ਤੂੰ ਕਿਸ ਨੂੰ ਮਿਲਣਾ ਹੈ?" ਬਹਿਲੋਲ ਕਹਿਣ ਲੱਗਾ "ਮੈਂ ਤਾਂ ਕਿਸੇ ਨੂੰ ਨਹੀਂ ਮਿਲਣਾ, ਕੇਵਲ ਅੱਜ ਦੀ ਰਾਤ ਏਸ ਮੁਸਾਫਰਖਾਨੇ ਵਿੱਚ ਰਹਿਣਾ ਹੈ।" ਉਹ ਆਦਮੀ ਕਹਿਣ ਲੱਗਾ, "ਬਾਬਾ! ਏਹ ਮੁਸਾਫਰਖਾਨਾ ਨਹੀਂ ਹੈ। ਏਹ ਤਾਂ ਬਾਦਸ਼ਾਹ ਸਮਰਕੰਦ ਦਾ ਮਹੱਲ ਹੈ। ਮੈਂ ਏਸ ਮਹੱਲ ਦਾ ਦਰਬਾਨ ਹਾਂ। ਮੈਂ ਬਾਦਸ਼ਾਹ ਸਮਰਕੰਦ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਨੂੰ ਅੰਦਰ ਨਹੀਂ ਜਾਣ ਦੇਂਦਾ।" ਉਹ ਮਹਾਤਮਾ ਕਹਿਣ ਲੱਗਾ, "ਦਰਬਾਨ! ਤੈਨੂੰ ਭਰਮ ਹੈ ਕਿ ਇਹ ਮੁਸਾਫਰਖਾਨਾ ਨਹੀਂ। ਮੈਂ ਤਾਂ ਪਹਿਲਾਂ ਵੀ ਏਥੇ ਆਇਆ ਸਾਂ। ਕਈ ਹੋਰ ਮੁਸਾਫਰਾਂ ਨੂੰ ਏਥੇ ਆਉਂਦੇ ਜਾਂਦੇ ਦੇਖਿਆ ਸੀ।" ਉਹ ਦਰਬਾਨ ਸੋਚਣ ਲੱਗਾ ਕਿ ਇਹ ਸਾਧੂ ਪਾਗਲ ਹੈ। ਦਰਬਾਨ ਮਹਾਤਮਾ ਨੂੰ ਕਹਿਣ ਲੱਗਾ ਕਿ "ਤੂੰ ਜਾ! ਏਸ ਸ਼ਹਿਰ ਵਿੱਚ ਧਰਮਸ਼ਾਲਾ ਹੈ, ਉਸ ਵਿੱਚ ਜਾ ਕੇ ਰਾਤ ਕੱਟ ਲੈ।" ਤਾਂ ਉਹ ਸਾਧੂ ਦੁਬਾਰਾ ਦਰਬਾਨ ਨੂੰ ਕਹਿਣ ਲੱਗਾ ਕਿ "ਤੈਨੂੰ ਪੂਰਾ ਯਕੀਨ ਹੈ ਕਿ ਇਹ ਸਰਾਂ ਨਹੀਂ"' ਉਹ ਦਰਬਾਨ ਬੜਾ ਉੱਚੀ ਬੋਲਿਆ ਤੇ ਕਹਿਣ ਲੱਗਾ "ਪਾਗਲ! ਮੇਰਾ ਸਿਰ ਨਾ ਖਾਹ ਤੇ ਜਾ। ਇਹ ਬਾਦਸ਼ਾਹ ਸਮਰਕੰਦ ਦਾ ਬੰਗਲਾ ਹੈ, ਸਰਾਂ ਨਹੀਂ ਹੈ। ਰਾਜਾ ਸੁਣ ਲਏਗਾ ਤਾਂ ਤੈਨੂੰ ਫਾਹੇ ਲਾ ਦਏਗਾ?" ਉਹ ਬਹਿਲੋਲ ਨਾਮ ਦਾ ਦਰਵੇਸ਼ ਥੋੜ੍ਹਾ ਦੂਰ ਤੋਂ ਫਿਰ ਵਾਪਸ ਆ ਗਿਆ ਤੇ ਦਰਬਾਨ ਨੂੰ ਕਹਿਣ ਲੱਗਾ ਕਿ "ਤੈਨੂੰ ਪੂਰਾ ਯਕੀਨ ਹੈ ਕਿ ਇਹ ਸਰਾਂ ਨਹੀਂ ਹੈ?" ਉਹ ਦਰਬਾਨ ਬੜਾ ਉੱਚਾ ਬੋਲਿਆ ਤੇ ਕਹਿਣ ਲੱਗਾ "ਪਾਗਲ! ਮੇਰਾ ਸਿਰ ਨਾ ਖਾਹ ਤੇ ਜਾ! ਇਹ ਬਾਦਸ਼ਾਹ ਸਮਰਕੰਦ ਦਾ ਬੰਗਲਾ ਹੈ, ਸਰਾਂ ਨਹੀਂ! ਰਾਜਾ ਸੁਣ ਲਏਗਾ ਤਾਂ ਤੈਨੂੰ ਫਾਹੇ ਲਾ ਦਏਗਾ?" ਉਹ ਬਹਿਲੋਲ ਨਾਮ ਦਾ ਦਰਵੇਸ਼ ਥੋੜ੍ਹਾ ਦੂਰ ਤੋਂ ਫਿਰ ਵਾਪਸ ਆ ਗਿਆ ਤੇ ਦਰਬਾਨ ਨੂੰ ਕਹਿਣ ਲੱਗਾ ਕਿ "ਮੈਨੂੰ ਯਕੀਨ ਨਹੀਂ ਹੁੰਦਾ ਕਿ ਇਹ ਮੁਸਾਫਰਖਾਨਾ ਨਹੀਂ।" ਦਰਬਾਨ ਸਮਰਕੰਦ ਮਹੱਲ ਦੀ ਉਪਰਲੀ ਖਿੜਕੀ ਖੋਹਲ

ਕੇ ਪੁਛਣ ਲੱਗਾ ਕਿ "ਦਰਵਾਜ਼ੇ ਉਪਰ ਕੌਣ ਰੌਲਾ ਪਾ ਰਿਹਾ ਹੈ?" ਦਰਬਾਨ ਨੇ ਕਿਹਾ ਕਿ "ਕੋਈ ਦਰਵੇਸ਼ ਹੈ, ਰਾਤ ਰਹਿਣ ਲਈ ਮੁਸਾਫਰਖਾਨੇ ਦਾ ਪਤਾ ਪੁੱਛਦਾ ਹੈ।" ਤਾਂ ਸਮਰਕੰਦ ਨੇ ਕਿਹਾ ਕਿ "ਰਾਜਧਾਨੀ ਵਿਚ ਮੈਂ ਕਈ ਮੁਸਾਫਰਖਾਨੇ ਬਣਵਾਏ ਹੋਏ ਹਨ। ਕਿਸੇ ਵਿਚ ਵੀ ਇਸ ਨੂੰ ਭੇਜ ਦਿਉ?" ਬਾਦਸ਼ਾਹ ਸਮਰਕੰਦ ਦੀ ਗੱਲ ਸੁਣ ਕੇ ਉਹ ਦਰਵੇਸ਼ ਬਹਿਲੋਲ, ਕਹਿਣ ਲੱਗਾ ਕਿ "ਰਾਜਨ! ਜਿਥੇ ਤੂੰ ਰਹਿ ਰਿਹਾ ਹੈਂ ਏਹ ਮੁਸਾਫਰਖਾਨਾ ਨਹੀ?" ਰਾਜਾ ਕਹਿਣ ਲੱਗਾ "ਮਹਾਤਮਾ ਜੀ! ਏਹ ਮੇਰਾ ਮਹੱਲ ਹੈ। ਮੈਂ ਏਥੋਂ ਦਾ ਰਾਜਾ ਹਾਂ। ਰਾਜਾ ਨਿਹਕਲੰਕ ਖੁਦਾ ਹੁੰਦਾ ਹੈ।" ਮਹਾਤਮਾ ਕਹਿਣ ਲੱਗਾ ਕਿ "ਮੈਂ ਏਸ ਤੋਂ ਪਹਿਲਾਂ ਵੀ ਆਇਆ ਸਾਂ। ਉਸ ਵਕਤ ਤੂੰ ਨਹੀਂ, ਕੋਈ ਹੋਰ ਇਥੇ ਰਹਿੰਦਾ ਸੀ।" ਸਮਰਕੰਦ ਕਹਿਣ ਲੱਗਾ ਕਿ "ਉਹ ਮੇਰਾ ਪਿਤਾ ਸੀ। ਉਸ ਦੀ ਮੌਤ ਹੋ ਗਈ ਹੈ।" ਮਹਾਤਮਾ ਕਹਿਣ ਲੱਗਾ ਕਿ "ਤੇਰੇ ਪਿਤਾ ਨੇ ਵੀ ਮੈਨੂੰ ਏਹੀ ਕਿਹਾ ਸੀ ਕਿ ਮੈਂ ਏਥੋਂ ਦਾ ਰਾਜਾ ਹਾਂ ਤੇ ਰਾਜਾ ਨਿਹਕੰਲਕ ਖੁਦਾ ਹੁੰਦਾ ਹੈ। ਪਰ ਉਹ ਚਲੇ ਗਿਆ ਹੈ।" ਉਸ ਤੋਂ ਪਹਿਲਾਂ ਵੀ ਮੈਂ ਆਇਆ ਸਾਂ। ਉਸ ਵਕਤ ਤੇਰਾ ਪਿਤਾ ਨਹੀਂ ਸੀ ਕੋਈ ਹੋਰ ਸੀ। ਸਮਰਕੰਦ ਕਹਿਣ ਲੱਗਾ ਕਿ "ਉਹ ਮੇਰਾ ਪਿਤਾਮਾ (ਦਾਦਾ) ਸੀ। ਉਹ ਵੀ ਏਥੋਂ ਦਾ ਰਾਜਾ ਸੀ।" ਮਹਾਤਮਾ ਕਹਿਣ ਲੱਗਾ, "ਸਮਰਕੰਦ! ਮੈਂ ਜਦੋਂ ਅਗਲੀ ਵਾਰੀ ਆਵਾਂਗਾ ਤਾਂ ਫਿਰ ਸ਼ਾਇਦ ਏਸ ਮਹੱਲ ਵਿੱਚ ਤੇਰਾ ਲੜਕਾ ਹੋਵੇ ਤੇ ਉਹ ਮੈਨੂੰ ਕਹੇ ਕਿ "ਮੈਂ ਏਥੋਂ ਦਾ ਰਾਜਾ ਹਾਂ ਤੇ ਰਾਜਾ ਨਿਹਕੰਲਕ ਅਵਤਾਰ ਹੁੰਦਾ ਹੈ।" ਇਹ ਗੱਲ ਯਾਦ ਰੱਖ! ਜਿਥੇ ਲੋਕ ਆਉਣ ਤੇ ਚਲੇ ਜਾਣ, ਉਸ ਨੂੰ ਮੁਸਾਫਰਖਾਨਾ ਹੀ ਕਹੀਦਾ ਹੈ। ਏਥੇ ਤੇਰੇ ਪਿਤਾ ਆਏ ਪਿਤਾਮੇ ਆਏ। ਪੜਦਾਦੇ ਅਤੇ ਨਗੜ ਦਾਦੇ ਆਏ ਸਭ ਚਲੇ ਗਏ। ਤੂੰ ਵੀ ਚਲੇ ਜਾਣਾ ਹੈ। ਤੇਰੇ ਤੋਂ ਪਹਿਲਾਂ ਵਾਲਿਆਂ ਨੂੰ ਤੇਰੇ ਤੋਂ ਵੀ ਜ਼ਿਆਦਾ ਹੰਕਾਰ ਸੀ।"

ਤੁਮ ਸੇ ਪਹਿਲੇ ਭੀ ਜੋ ਏਕ ਸ਼ਖਸ਼ ਯਹਾਂ ਤਖਤ-ਏ ਨਸ਼ੀਂ ਥਾ।।
ਉਸ ਕੋ ਭੀ ਆਪਨੇ ਖੁਦਾ ਹੋਨੇ ਪਰ ਇਤਨਾ ਹੀ ਯਕੀਂ ਥਾ।।

(ਹਬੀਬ ਆਬਿਦ)

ਗਰੀਬ ਕੋ ਮਤ ਸਤਾ ਵੋਹ ਦਿਲਅ ਸੇ ਰੋ-ਦੇਗਾ।।
ਉਸ ਕੇ ਮਾਲਕ ਕੋ ਖਬਰ ਹੂਈ ਤੋ ਵੋ ਜੜ੍ਹ ਸੇ ਖੋ ਦੇਗਾ।।

ਆਖਿਰ ਜਾਣ ਲੱਗਾ ਬਹਿਲੋਲ ਉਸ ਸਮਰਕੰਦ ਬਾਦਸ਼ਾਹ ਨੂੰ ਕਹਿਣ ਲੱਗਾ ਹੋਸ਼ ਕਰਕੇ ਜੀਵਨ ਯਾਤਰਾ ਕਰ। ਮੈਂ ਭੀ ਇਕ ਦਿਨ ਬਾਦਸ਼ਾਹ ਬਣ ਕੇ ਏਹੀ ਕਿਹਾ ਸੀ ਕਿ "ਮੈਂ ਏਥੋਂ ਦਾ ਰਾਜਾ ਹਾਂ। ਰਾਜਾ ਨਿਹਕੰਲਕ ਖੁਦਾ ਹੁੰਦਾ ਹੈ।" ਇਹ ਸੁਣ ਕੇ ਸਮਰਕੰਦ ਉਸ ਦਰਵੇਸ਼ ਬਹਿਲੋਲ ਨੂੰ ਪੁੱਛਣ ਲੱਗਾ ਕਿ "ਫਕੀਰ ਸਾਂਈ! ਫਿਰ ਤੂੰ ਆਪਣੀ ਬਾਦਸ਼ਾਹਤ ਕਿਉਂ ਛੱਡ ਦਿੱਤੀ।" ਬਹਿਲੋਲ ਨੇ ਬੜਾ ਸੁੰਦਰ ਜੁਆਬ ਦਿੱਤਾ।

ਚਲੇ ਜਾ ਰਹੇ थे ਏਕ ਦਿਨ ਸੈਰ ਕੋ,
ਦਿਲ ਮੇਂ ਕੁਛ ਅਰਮਾਨ ਪਤਾ ਨਹੀਂ ਕਿਆ ਧਿਆਨ ਥੇ॥
ਇਧਰ ਸ਼ਮਸ਼ਾਨ ਥੇ ਉਧਰ ਭੀ ਕਬਰਿਸਤਾਨ ਥੇ॥
ਏਕ ਮੁਰਦੇ ਕੀ ਹੱਡੀ ਮੁਝ ਸੇ ਕਹਿਨੇ ਲਗੀ,
ਹੋਸ਼ ਕਰਕੇ ਚਲ ਓਹ ਗਾਫ਼ਿਲ, ਹਮ ਭੀ ਕਭੀ ਸੁਲਤਾਨ ਥੇ॥
ਕਰ ਗਏ ਥੇ ਆਪ ਕਬਜ਼ਾ ਗੈਰ ਕੀ ਅਮਲਾਕ ਪਰ,
ਛੀਨਾ ਜਬ ਜੋਬ, ਤਬ ਸਮਝੇ ਕਿ ਹਮ ਨਿਦਾਨ ਥੇ॥

ਬਹਿਲੋਲ ਦਰਵੇਸ਼ ਨੇ ਸਮਰਕੰਦ ਨੂੰ ਕਿਹਾ ਕਿ ਬਸ ਉਸ ਦਿਨ ਤੋਂ ਬਾਅਦ ਮੈਨੂੰ ਬਾਦਸ਼ਾਹਤ ਭੁਲ ਗਈ। ਇਕ ਹੀ ਗੱਲ ਸਮਝ ਵਿੱਚ ਆਈ ਹੈ ਕਿ ਇਹ ਮੁਸਾਫਰਖਾਨਾ ਸੰਸਾਰ ਹੈ। ਇਹ ਕਰਤਾਰ ਦਾ ਆਪਣਾ ਘਰ ਹੈ। ਏਸ ਮੁਸਾਫਰਖਾਨੇ ਵਿੱਚ ਸਾਰੇ ਮੁਸਾਫਰ ਖ਼ੁਦਾ ਦੇ ਭੇਜੇ ਹੋਏ ਆਉਂਦੇ ਹਨ। ਏਸ ਕਰਕੇ ਸੰਸਾਰ ਨੂੰ ਦੁਖੀ ਨਹੀਂ ਕਰਨਾ ਚਾਹੀਦਾ।

ਖ਼ੁਦ ਪ੍ਰਸਤੀ ਅਜ਼ ਮਿਆਂ ਬਰਦਾਸ਼ਤੰਦ
ਤੁਖ਼ਮਿ ਹੱਕ ਦਰ ਕਿਸ਼ਤਿ ਦਿਲਹਾ ਕਾਸ਼ਤੰਦ॥

(ਭਾਈ ਨੰਦ ਲਾਲ ਜੀ)

ਖ਼ੁਦਾ ਦੀ ਪਛਾਣ ਕਰਨ ਵਾਲੇ ਸੰਤ ਪੁਰਖ ਬੰਦਿਆਂ ਨੇ ਆਪਣੇ ਦਿਲ ਵਿੱਚ ਪ੍ਰਭੂ ਦਾ ਨਾਮ ਰੂਪ ਬੀਜ, ਬੀਜ ਲਿਆ ਹੈ। ਹੁਣ ਤਾਂ ਉਸ ਦੀ ਯਾਦ ਵਿੱਚ ਜ਼ਿੰਦਗੀ ਬਤੀਤ ਕਰ ਰਹੇ ਹਨ।

ਦਰਮਿਆਨਿ ਨਕਸ਼ ਨੱਕਸ਼ ਅਸਤੋ ਬਸ॥
ਈਂ ਸਖ਼ੁਨ ਰਾ ਦਰ ਨੀਯਾਬਤ ਬੁਅਲ ਹਵਸ॥

(ਭਾਈ ਨੰਦ ਲਾਲ ਜੀ)

ਸੰਸਾਰ ਦੇ ਦਰਸ਼ਨ ਵਿੱਚ ਕਰਤਾਰ ਦੇ ਦਰਸ਼ਨ ਹੁੰਦੇ ਹਨ। ਪਰ ਮੌਤ ਦੀ ਕਲਾ ਦੇ ਜਾਲ ਵਿੱਚ ਫਸਿਆ ਆਦਮੀ ਹਉਮੈ ਤਾਂ ਕਰਦਾ ਹੈ, ਪਰ ਉਸ ਦਾ ਦਰਸ਼ਨ ਨਹੀਂ ਕਰ ਸਕਦਾ। ਭਾਈ ਦੇਸਾ ਸਿੰਘ ਦੇ ਰਹਿਤਨਾਮੇ ਵਿੱਚ ਜ਼ਿਕਰ ਹੈ ਕਿ-

ਧਨ ਕੀਰਤਿ ਸੁਖ ਰਾਜ ਬਡਾਈ॥ ਯੁਵਤੀ ਸੁਤ ਵਿਦਯਾ ਬਹੁ ਭਾਈ॥
ਏ ਸਭ ਦਾਤ ਗੁਰੂ ਕੀ ਜਾਨੈ॥ ਤਾਂਤੇ ਨਹਿ ਅਭਿਮਾਨਹਿ ਠਾਨੈ॥

(ਰਹਿਤਨਾਮਾ)

ਭਾਵ ਕਿ ਧਨ ਦੌਲਤ, ਸ਼ੋਭਾ ਵਡਿਆਈ ਤੇ ਰਾਜ ਭਾਗ ਦਾ ਸੁਖ। ਘਰ ਪਰਵਾਰ ਤੇ ਨੇਕ ਸੰਤਾਨ, ਇਹ ਸਭ ਗੁਰੂ ਦੀ ਦਾਤ ਸਮਝਣੀ ਚਾਹੀਦੀ ਹੈ। ਏਸ ਸਭ ਕੁਝ ਦਾ ਅਭਿਮਾਨ ਨਹੀਂ ਕਰਨਾ ਚਾਹੀਦਾ।

ਧਰਮਦਾਸ, ਡੂਗਰ, ਦੀਪਾ, ਜੇਠਾ, ਸੰਸਾਰੀ ਤੇ ਤੀਰਥਾ ਆਦਿ ਗੁਰੂ ਰਾਮਦਾਸ

ਮਹਾਰਾਜ ਦੇ ਕੁਝ ਸਿਆਣੇ ਸਿੱਖਾਂ ਨੇ ਇਕ ਦਿਨ ਗੁਰਦੇਵ ਕੋਲ ਬੇਨਤੀ ਕੀਤੀ ਕਿ ਗੁਰਦੇਵ! ਸਾਨੂੰ ਉਹ ਉਪਦੇਸ਼ ਕਰੋ, ਜਿਸ ਨਾਲ ਸਭ ਦਾ ਭਲਾ ਹੋਵੇ। ਏਸ ਉਪਦੇਸ਼ ਨੂੰ ਭਾਈ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਬੜਾ ਸੁੰਦਰ ਦਰਜ ਕੀਤਾ ਹੈ।

ਰਾਮਦਾਸ ਸਤਿਗੁਰੂ ਉਚਾਰਾ॥ ਪ੍ਰਥਮ ਤਜਹੁ ਮਨ ਕੋ ਹੰਕਾਰਾ॥
ਗਹੁ ਨੰਮ੍ਰਤਾ ਤਜਾਗਹੁ ਮਤਸਰ॥ ਕਰਹੁ ਨ ਨਿੰਦਾ ਅਵਗੁਣ ਪਰਹਰ॥

(ਗੁਰਪ੍ਰਤਾਪ ਸੂਰਜ ਗ੍ਰੰਥ ਰਾਸਿ ੧ ਅਧਿਆਇ ੬੪)

ਹਉਮੈ ਦਾ ਪੂਰਨ ਤਿਆਗ ਕੀਤੇ ਤੋਂ ਬਿਨਾਂ ਪ੍ਰਭੂ ਦੇ ਦਰਸ਼ਨ ਨਹੀਂ ਹੋ ਸਕਦੇ। ਗੁਰੂ ਅਮਰਦਾਸ ਜੀ ਮਹਾਰਾਜ ਨੂੰ ਗੁਰੂ ਅੰਗਦ ਦੇਵ ਜੀ ਨੇ ਬਹੱਤਰ ਸਾਲ ਦੀ ਉਮਰ ਵਿੱਚ ਆ ਕੇ ਕਿਹਾ ਸੀ, ਅਮਰਦਾਸ! ਹਉਮੈ ਮਾਰੇ ਤੋਂ ਬਿਨਾਂ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਹਉਮੈ ਮਰ ਜਾਏ ਤਾਂ ਹੀ ਅੰਦਰ ਸਹਿਜ ਪੈਦਾ ਹੁੰਦਾ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਇਕ ਕਥਾ ਹੈ।

ਗੁਰੂ ਅੰਗਦ ਦੇਵ ਜੀ ਜਦੋਂ ਜੋਤੀ ਜੋਤ ਸਮਾਉਣ ਲੱਗੇ ਤਾਂ ਉਹਨਾਂ ਇਕ ਆਪਣੀ ਵਸੀਹਤ ਕੀਤੀ ਸੀ। ਸਿੱਖ ਸੇਵਕ ਹੈਰਾਨ ਸਨ ਕਿ ਗੁਰੂ ਅੰਗਦ ਦੇਵ ਜੀ ਨੇ ਸਭ ਕੁਝ ਦੀ ਜ਼ਿਮੇਂਵਾਰੀ ਤਾਂ ਗੁਰੂ ਅਮਰਦਾਸ ਨੂੰ ਦੇ ਦਿੱਤੀ ਹੈ। ਹੁਣ ਸਾਨੂੰ ਸਾਰਿਆਂ ਨੂੰ ਬੁਲਾ ਕੇ ਕੀ ਵਸੀਹਤ ਆਖਣਗੇ ਤਾਂ ਗੁਰੂ ਅੰਗਦ ਦੇਵ ਜੀ ਨੇ ਸਾਰੇ ਸਿੱਖ ਸੇਵਕਾਂ ਨੂੰ ਕੋਲ ਬੁਲਾ ਕੇ ਕਿਹਾ ਕਿ ਜਦੋਂ ਮੇਰਾ ਸਰੀਰ ਛੁਟ ਜਾਵੇ ਤਾਂ ਮੇਰੇ ਸਰੀਰ ਦਾ ਸਸਕਾਰ ਉਸ ਜਗ੍ਹਾ ਤੇ ਕਰਨਾ, ਜਿਸ ਥਾਂ ਤੇ ਗੁਰੂ ਅਮਰਦਾਸ ਜੀ ਗਾਗਰ ਪਾਣੀ ਦੀ ਲਿਆਉਂਦੇ ਹੋਏ ਡਿੱਗ ਪਏ ਸਨ। ਉਹ ਜਗ੍ਹਾ ਬੜੀ ਪਵਿੱਤਰ ਹੈ। ਦਰਅਸਲ ਏਸ ਦਾ ਭਾਵ ਸੀ ਕਿ ਹੰਕਾਰ, ਹਉਮੈ, ਘੁਮੰਡ ਜਿਥੇ ਹੀ ਗਿਰ ਜਾਂਦਾ ਹੈ। ਓਥੋਂ ਹੀ ਸੁਆਮੀ ਬਣ ਜਾਂਦਾ ਹੈ। ਸੇਵਕ ਦੀ ਹਉਮੈ ਡਿੱਗ ਜਾਂਦੀ ਹੈ ਅਤੇ ਸੁਆਮੀ ਸੇਵਕ ਦੇ ਵਿੱਚ ਪ੍ਰਗਟ ਹੋ ਜਾਂਦਾ ਹੈ।

ਕੀਲਾ ਅਮਰ ਚਰਨ ਲਗ ਗਿਰਯੋ॥ ਸੁ ਤਰੁ ਹੋਇ ਭਯੋ ਅਬਿ ਹਰਯੋ॥
ਤਿਸ ਕੇ ਢਿਗ ਸਸਕਾਰ ਹਮਾਰੋ॥ ਮੰਦਰ ਸੁੰਦਰ ਬਨਹਿ ਉਦਾਰੋ॥

ਭਾਵ ਕਿ ਹੰਕਾਰੀ ਬੰਦੇ ਵਿਅਰਥ ਹੀ ਝਗੜਾ ਕਰਦੇ ਹਨ ਅਤੇ ਰਬ ਉਹਨਾਂ ਤੋਂ ਵੱਖਰਾ ਹੁੰਦਾ ਹੈ। ਹੰਕਾਰੀ, ਰਬ ਦੀ ਹੋਂਦ ਨੂੰ ਨਹੀਂ ਮੰਨਦਾ। ਏਸ ਕਰਕੇ ਨਾਸਤਕ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ–

ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਞਾਣੈ॥

(ਭਾਈ ਗੁਰਦਾਸ)

ਭਾਵ ਕਿ ਐ ਬੰਦੇ! ਆਪਣੀ ਪ੍ਰਭਤਾ ਦੇਖ ਕੇ ਹੰਕਾਰੀ ਨਾ ਹੋ। ਆਪਣੀ ਪ੍ਰਭਤਾ

ਦੇ ਹੰਕਾਰ ਵਿੱਚ ਦੂਜਿਆਂ ਦੇ ਦਿਲਾਂ ਨੂੰ ਦੁਖਾਉਣ ਵਾਲੇ ਨੂੰ ਰਬ ਕਦੇ ਮੁਆਫ ਨਹੀਂ ਕਰਦਾ। ਇਕ ਸਿਆਣੇ ਦਾ ਕਥਨ ਹੈ ਕਿ ਰਬ ਬੰਦੇ ਦੇ ਅੰਦਰ ਹੈ। ਪਰ ਬੰਦਾ ਹਉਮੈ ਦੇ ਅੰਦਰ ਹੈ। ਏਸ ਕਰਕੇ ਬੰਦੇ ਦਾ ਰਬ ਨਾਲ ਮਿਲਾਪ ਨਹੀਂ ਹੋ ਰਿਹਾ। ਖਾਲਕ ਨੇ ਖਲਕਤ ਨੂੰ ਬਣਾਇਆ ਹੈ ਅਤੇ ਆਪ ਖਲਕਤ ਵਿੱਚ ਸਮਾਇਆ ਹੋਇਆ ਹੈ। ਏਸ ਕਰਕੇ ਖਲਕਤ ਨੂੰ ਦੁਖੀ ਨਹੀਂ ਕਰਨਾ ਚਾਹੀਦਾ ਹੈ।

ਖਲਕ ਖਾਲਕ ਕੀ ਜਾਣ ਕੇ, ਖਲਕ ਦੁਖਾਵੇ ਨਾਹਿ॥
ਖਲਕ ਦੁਖੇ ਨੰਦ ਲਾਲ ਜੀ ਖਾਲਿਕ ਕੋਪੇ ਤਾਹਿ॥

(ਭਾਈ ਨੰਦ ਲਾਲ)

□□□□

ਹਉਮੈ ਦੀ ਹੱਦ ਅਤੇ ਮੌਤ ਦੀ ਕਲਾ

ਜਿਹੜੇ ਲੋਕ ਰਬ ਅੱਗੇ ਦੋ ਹੱਥ ਜੋੜ ਕੇ ਅਰਦਾਸ ਕਰਦੇ ਹਨ, ਪਰ ਰਬ ਦੀ ਬਣਾਈ ਹੋਈ ਖਲਕਤ ਤੇ ਹੱਥ ਚੁੱਕਦੇ ਹਨ। ਉਹਨਾਂ ਦੀ ਅਰਦਾਸ, ਰਬ ਕਦੇ ਨਹੀਂ ਸੁਣਦਾ। ਪੁਰਾਣੀਆਂ ਸਾਖੀਆਂ ਵਿੱਚ ਇਕ ਸਾਖੀ ਹੈ-

ਇਕ ਰਾਜੇ ਦਾ ਇਕੋ ਇਕ ਪੁੱਤਰ ਸੀ। ਰਾਜਾ ਬਹੁਤ ਬੁੱਢਾ ਹੋ ਗਿਆ ਸੀ। ਉਹ ਪੁੱਤਰ ਵੀਹ ਸਾਲ ਦਾ ਜੁਆਨ ਸੀ। ਹੁਣ ਰਾਜਾ ਸੋਚ ਰਿਹਾ ਸੀ ਕਿ ਰਾਜ ਕੁਮਾਰ ਨੂੰ ਰਾਜ ਤਿਲਕ ਦੇ ਕੇ ਰਾਜ ਦੀ ਸਾਰੀ ਜ਼ਿਮੇਂਵਾਰੀ ਸੰਭਾਲ ਦਿੱਤੀ ਜਾਵੇ।

ਅਚਾਨਕ ਹੀ ਇਕ ਦਿਨ ਉਹ ਰਾਜ ਕੁਮਾਰ ਬੀਮਾਰ ਹੋ ਗਿਆ। ਸਾਰੇ ਡਾਕਟਰਾਂ ਤੇ ਵੈਦਾਂ ਨੇ ਉਸ ਦਾ ਇਲਾਜ ਕਰਨਾ ਆਰੰਭ ਕਰ ਦਿੱਤਾ। ਪਰ ਰਾਜ ਕੁਮਾਰ ਦੀ ਬੀਮਾਰੀ ਵਧਦੀ ਹੀ ਗਈ। ਦੋ ਤਿੰਨ ਦਿਨਾਂ ਵਿਚ ਹੀ ਰਾਜ ਕੁਮਾਰ ਆਖਰੀ ਸਾਹਾਂ ਤੇ ਆ ਗਿਆ। ਸਾਰੇ ਹਕੀਮਾਂ ਤੇ ਵੈਦਾਂ ਨੇ ਰਾਜੇ ਕੋਲ ਕਹਿ ਦਿੱਤਾ ਕਿ ਸਾਡੇ ਵਸ ਦੀ ਹੁਣ ਇਹ ਬੀਮਾਰੀ ਨਹੀਂ ਰਹੀ। ਦਵਾਈ ਦਾ ਕੋਈ ਅਸਰ ਹੀ ਨਹੀਂ ਹੋ ਰਿਹਾ। ਰਾਜਾ ਬੜਾ ਘਬਰਾਇਆ ਸੋਚਣ ਲੱਗਾ ਕਿ ਇਕੋ ਇਕ ਹੀ ਮੇਰਾ ਪੁੱਤਰ ਹੈ। ਮੈਂ ਬਜ਼ੁਰਗ ਹੋ ਗਿਆ ਹਾਂ। ਜੇ ਇਹ ਰਾਜ ਕੁਮਾਰ ਨਾ ਬਚਿਆ, ਤਾਂ ਮੇਰੇ ਰਾਜ ਦਾ ਵਾਰਿਸ ਕੌਣ ਬਣੇਗਾ? ਸਾਰੀ ਰਾਜ ਸਭਾ ਨੂੰ ਇਕੱਠਿਆਂ ਕਰਕੇ ਰਾਜੇ ਨੇ ਕਿਹਾ ਕਿ ਮੇਰੇ ਪੁੱਤਰ ਨੂੰ ਬਚਾਉਣ ਲਈ ਕੋਈ ਉਪਾਅ ਦਸੋ? ਰਾਜੇ ਦਾ ਹੌਸਲਾ ਡਿੱਗਦਾ ਦੇਖ ਕੇ ਇਕ ਨੇਕ ਸਿਪਾਹੀ ਨੇ ਆਖਿਆ "ਰਾਜਨ! ਸੁਣਿਆ ਹੈ ਕਿ ਜਿਥੇ ਦਵਾਈ ਕੰਮ ਨਾ ਕਰੇ ਉਥੇ ਦੁਆ ਕੰਮ ਕਰ ਜਾਂਦੀ ਹੈ। ਯਾਨੀ ਕਿ ਅਰਦਾਸ ਕੰਮ ਕਰ ਜਾਂਦੀ ਹੈ। ਕਿਸੇ ਰਬ ਦੇ ਬੰਦੇ ਕੋਲੋਂ ਦੁਆ ਕਰਾਉਣੀ ਚਾਹੀਦੀ ਹੈ।" ਰਾਜਾ ਕਹਿਣ ਲੱਗਾ ਕਿ ਜਾਓ, ਕਿਸੇ ਖੁਦਾਪ੍ਰਸਤ ਆਦਮੀ ਨੂੰ ਲੈ ਕੇ ਆਉ? ਉਹ ਮੇਰੇ ਬੱਚੇ ਲਈ ਅਰਦਾਸ ਕਰੇ। ਕੁਝ ਸਿਪਾਹੀ ਗਏ, ਵਾਪਸ ਖਾਲੀ ਹੱਥ ਆ ਗਏ। ਰਾਜਾ ਉਹਨਾਂ ਨੂੰ ਪੁੱਛਣ ਲੱਗਾ ਕਿ ਕਿਸੇ ਮਹਾਤਮਾ ਨੂੰ ਨਾਲ ਨਹੀਂ ਲਿਆਏ। ਸਿਪਾਹੀ ਕਹਿਣ ਲੱਗੇ ਕਿ "ਐਸਾ ਖੁਦਾਪ੍ਰਸਤ ਕੋਈ ਨਹੀਂ ਲੱਭਾ ਜਿਹੜਾ ਏਥੇ ਰਾਜ ਮਹਿਲਾਂ ਵਿੱਚ ਆਵੇ ਤੇ ਅਰਦਾਸ ਕਰੇ।" ਰਾਜਾ ਕਹਿਣ ਲੱਗਾ ਕਿ "ਕੀ ਮੇਰੇ ਸਾਰੇ ਰਾਜ ਵਿਚ ਕੋਈ ਖੁਦਾਪ੍ਰਸਤ ਸਾਧੂ ਹੀ ਨਹੀਂ? ਜੋ ਮੇਰੇ ਘਰ ਆ ਕੇ ਦੁਆ ਕਰੇ?" ਸਿਪਾਹੀ ਕਹਿਣ ਲੱਗੇ ਕਿ "ਆਉਣ ਨੂੰ ਤਾਂ ਬਹੁਤ ਰਾਜ਼ੀ ਹਨ, ਪਰ ਉਹ ਖੁਦਾ ਪ੍ਰਸਤ ਨਹੀਂ-ਉਹ ਭੇਖੀ ਹਨ। ਜੋ ਖੁਦਾਪ੍ਰਸਤ ਹਨ ਉਹ ਆਉਣ ਨੂੰ ਰਾਜ਼ੀ ਨਹੀਂ। ਉਹ ਕਹਿੰਦੇ ਹਨ ਕਿ ਸਾਨੂੰ ਕੀ ਗਰਜ਼ ਹੈ। ਜਿਸ ਨੂੰ ਗਰਜ਼ ਹੈ ਉਹ ਸਾਡੇ ਕੋਲ ਆਵੇ।" ਰਾਜੇ ਨੇ

ਕਿਹਾ "ਚਲੋ! ਜਲਦੀ ਚਲੋ! ਰਾਜ ਕੁਮਾਰ ਦਾ ਮੰਜਾ ਚੁੱਕ ਕੇ ਕਿਸੇ ਖੁਦਾਪ੍ਰਸਤ ਸਾਧੂ ਦੇ ਕੋਲ ਲੈ ਚਲੋ?" ਸੈਨਿਕਾਂ ਨੇ ਰਾਜ ਕੁਮਾਰ ਦਾ ਮੰਜਾ ਚੁਕਿਆ ਤੇ ਇਕ ਮਹਾਤਮਾ ਦੀ ਕੁਟੀਆ ਵਿੱਚ ਲੈ ਗਏ। ਅੱਗੇ ਉਹ ਮਹਾਤਮਾ ਆਪਣੇ ਰੰਗ ਵਿੱਚ ਰੰਗਿਆ ਹੋਇਆ, ਰਾਜੇ ਨੂੰ ਵੇਖ ਕੇ ਕਹਿਣ ਲੱਗਾ "ਆ ਗਿਆ ਹੈ, ਕੰਗਾਲ ਭਿਖਾਰੀ, ਭਿਖਿਆ ਮੰਗਣ ਵਾਸਤੇ।" ਭਿਖਾਰੀ ਵੀ ਦਾਨੀ ਹੋਣ ਦਾ ਦਾਅਵਾ ਕਰਦੇ ਹਨ।

ਉਹ ਰਾਜਾ, ਉਸ ਸਾਧੂ ਦੇ ਚਰਨ ਪਕੜ ਕੇ ਬੜਾ ਗਿੜ ਗਿੜਾਇਆ। ਕਹਿਣ ਲੱਗਾ ਕਿ ਮੇਰੇ ਪੁੱਤਰ ਨੂੰ ਬਚਾ ਲਉ, ਤੁਹਾਡੀ ਰਬ ਨਾਲ ਗੱਲ ਹੈ। ਕ੍ਰਿਪਾ ਕਰਕੇ ਮੈਨੂੰ ਮੇਰੇ ਪੁੱਤਰ ਨੂੰ ਭਿਖਿਆ ਵਜੋਂ ਵਾਪਸ ਲੈ ਦਿਉ। ਉਹ ਮਹਾਤਮਾ ਬੜਾ ਦਾਰਸ਼ਨਿਕ, ਦੂਰਦਰਸ਼ੀ, ਖੁਦਾਪ੍ਰਸਤ ਬੰਦਾ ਸੀ। ਉਹ ਕਹਿਣ ਲੱਗਾ "ਰਾਜਨ! ਮੈਂ ਤੇਰੇ ਬੱਚੇ ਲਈ ਦੁਆ ਤਾਂ ਜ਼ਰੂਰ ਕਰਾਂ, ਮਗਰ ਮੇਰੇ ਕੇਵਲ ਦੋ ਹੱਥ ਹਨ?" ਉਹ ਰਾਜਾ ਕਹਿਣ ਲੱਗਾ ਕਿ "ਅਕਸਰ ਦੋ ਹੱਥਾਂ ਨਾਲ ਹੀ ਅਰਦਾਸ ਕਰਨੀ ਹੈ।" ਉਹ ਸਾਧੂ ਕਹਿਣ ਲੱਗਾ, "ਰਾਜਨ! ਦੁਆ ਦਾ ਅਰਥ ਹੈ ਅੰਦਰਲਾ ਤਰਲਾ। ਖੁਦਾ ਕੋਲੋਂ ਤਰਲਾ ਕਰਕੇ ਕੁਝ ਮੰਗਣਾ। ਦੋਵੇਂ ਹੱਥ ਖੁਦਾ ਅੱਗੇ ਜੋੜਕੇ ਕਹਿਣਾ ਕਿ ਮੈਂ ਕੁਝ ਨਹੀਂ ਕਰ ਸਕਦਾ। ਪਰ ਤੂੰ ਏਨਾ ਹੰਕਾਰੀ ਹੈ ਕਿ ਲੋਕ ਤੇਰੇ ਤੋਂ ਬਹੁਤ ਦੁਖੀ ਹਨ। ਤੂੰ ਹੰਕਾਰ ਦੇ ਨਸ਼ੇ ਵਿੱਚ ਏਨੀ ਅਤਿ ਕੀਤੀ ਹੈ ਕਿ ਸਾਰੇ ਲੋਕ ਤੈਨੂੰ ਦੋਵੇਂ-ਦੋਵੇਂ ਹੱਥਾਂ ਨਾਲ ਬਦ-ਦੁਆਵਾਂ ਦੇਣ ਲੱਗ ਪਏ ਹਨ। ਹੁਣ ਤੂੰ ਹੀ ਦਸ ਕਿ ਰਬ ਮੇਰੀ ਦੁਆ ਸੁਣੇਗਾ ਕਿ ਮਜ਼ਲੂਮਾਂ ਦੀਆਂ ਬਦ-ਦੁਆਵਾਂ ਸੁਣੇਗਾ? ਉਹ ਮਹਾਤਮਾ ਕਹਿ ਰਿਹਾ ਸੀ ਰਾਜਨ! ਜੇ ਤੂੰ ਦੁਆ ਕਰਾਉਣੀ ਚਾਹੁੰਦਾ ਹੈ, ਤਾਂ ਤੂੰ ਉਹਨਾਂ ਗਰੀਬਾਂ ਤੇ ਮਜਬੂਰ ਲੋਕਾਂ ਦੀਆਂ ਦੁਆਵਾਂ ਪ੍ਰਾਪਤ ਕਰ, ਜਿਹੜੇ ਤੇਰੇ ਤੋਂ ਦੁਖੀ ਹੋ ਕੇ ਘਰਾਂ ਤੋਂ ਬੇ-ਘਰ ਹੋ ਗਏ ਹਨ। ਰੋਟੀ ਤੋਂ ਅਵਾਜ਼ਾਰ ਹਨ। ਸਰੀਰਾਂ ਤੋਂ ਨੰਗੇ ਹਨ। ਜੇ ਤੂੰ ਰਬ ਦੀ ਹੋਂਦ ਨੂੰ ਮੰਨਦਾ ਹੈਂ, ਤਾਂ ਰਬ ਦਾ ਘਰ ਖਲਕਤ ਦਾ ਦਿਲ ਹੁੰਦਾ ਹੈ। ਜੋ ਬੰਦਾ ਰਬ ਅੱਗੇ ਹੱਥ ਜੋੜੇ ਅਤੇ ਨਿਹੱਥਿਆਂ ਉੱਤੇ ਹੱਥ ਚੁੱਕੇ, ਉਸ ਦੀ ਦੁਆ ਰਬ ਦੀ ਦਰਗਾਹੇ ਕਬੂਲ ਨਹੀਂ ਹੁੰਦੀ।

ਹੇ, ਹੰਕਾਰ ਦੇ ਨਸ਼ੇ ਵਿੱਚ ਰਹਿਣ ਵਾਲੇ ਇਨਸਾਨ! ਤੂੰ ਕਿਸੇ ਮਜਬੂਰ ਤੇ ਮਜ਼ਲੂਮ ਦਾ ਦਿਲ ਨਾ ਦੁਖਾ। ਮਜ਼ਲੂਮਾਂ ਦੇ ਦਿਲ ਵਿਚ ਰਬ ਹੁੰਦਾ ਹੈ। ਮਜ਼ਲੂਮ ਨੂੰ ਦੁਖਾਉਣਾ ਰਬ ਨੂੰ ਦੁਖਾਉਣਾ ਹੀ ਹੈ। ਬਾਬਾ ਫਰੀਦ ਜੀ ਕਹਿੰਦੇ ਹਨ ਕਿ ਜੇ ਤੂੰ ਰਬ ਨੂੰ ਆਪਣਾ ਦੁਖ ਸੁਨਾਉਣਾ ਚਾਹੁੰਦਾ ਹੈਂ, ਤਾਂ ਫਿਰ ਕਿਸੇ ਨੂੰ ਦੁਖੀ ਨਾ ਕਰ?

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥ ੧੨੯॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ ੧੩੦॥

(ਸਲੋਕ ਫਰੀਦ, ਪੰਨਾ ੧੩੮੪)

ਹੰਕਾਰ ਇਕ ਉੱਚਾ ਰੇਤ ਦਾ ਟਿੱਬਾ ਹੈ। ਰੇਤ ਦੇ ਟਿੱਬੇ ਉੱਪਰ ਨਾ ਖੇਤੀ ਅਤੇ ਹਰਾ ਘਾਹ ਵੀ ਨਹੀਂ ਉੱਗਦਾ। ਬਾਰਸ਼ ਆਵੇ ਤਾਂ ਰੇਤ ਦੇ ਟਿੱਬੇ ਉੱਪਰ ਪਾਣੀ ਵੀ ਨਹੀਂ ਰੁੱਕਦਾ। ਫਰੀਦ ਜੀ ਕਹਿੰਦੇ ਹਨ ਕਿ ਜਿਹੜੇ ਲੋਕ ਧਨ, ਜੋਬਨ ਆਦਿ ਦੇ ਹੰਕਾਰ ਵਿੱਚ ਆਪਣੀ ਵਡਿਆਈ ਸਮਝਦੇ ਹਨ, ਉਹ ਇਸ ਦੁਨੀਆਂ ਤੋਂ ਇਸ ਤਰ੍ਹਾਂ ਖਾਲੀ ਚਲੇ ਜਾਂਦੇ ਹਨ ਜਿਵੇਂ ਰੇਤ ਦੇ ਟਿੱਬੇ, ਵਰਖਾ ਹੋਣ ਦੇ ਬਾਵਜੂਦ ਪਾਣੀ ਤੋਂ ਖਾਲੀ ਰਹਿ ਜਾਂਦੇ ਹਨ।

ਮ: ੫॥ ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥ ੧੦੫॥

(ਸਲੋਕ ਫਰੀਦ ਜੀ, ਪੰਨਾ ੧੩੮੩)

ਬਾਬਾ ਫਰੀਦ ਸਾਹਿਬ ਦੀ ਜਨਮ ਕਥਾ ਵਿੱਚ ਇੱਕ ਕਥਾ ਹੈ। ਇਕ ਬੜਾ ਧਨਾਢ ਸੇਠ ਸੀ। ਸੋਨੇ ਦੇ ਜ਼ੰਜੀਰ ਨਾਲ ਆਪਣਾ ਤੰਬਾ ਬੰਨ੍ਹਦਾ ਹੁੰਦਾ ਸੀ। ਆਪਣੇ ਪਲੰਘ ਤੋਂ ਸਿਰਹਾਣਾ ਵੀ ਚੁੱਕ ਕੇ ਦੂਜੇ ਪਾਸੇ ਕਰਨਾ ਹੁੰਦਾ ਸੀ ਤਾਂ ਆਪਣੇ ਨੌਕਰਾਂ ਨੂੰ ਆਵਾਜ਼ ਮਾਰਦਾ ਸੀ ਕਿ ਸਿਰਹਾਣਾ ਦੂਜੇ ਪਾਸੇ ਰੱਖ ਦਿਉ? ਏਨਾ ਹੰਕਾਰੀ ਸੀ ਕਿ ਜੇ ਕੋਈ ਉਸ ਨੂੰ ਕਹਿਣ ਆਉਂਦਾ ਸੀ "ਕੋਈ ਆਦਮੀ ਚਲਾਣਾ ਕਰ ਗਿਆ ਹੈ, ਉਸ ਦੇ ਜਨਾਜ਼ੇ ਨਾਲ ਕਬਰਿਸਤਾਨ ਤੱਕ ਚਲੋ। ਤਾਂ ਇਹ ਸੇਠ ਆਪਣੇ ਹੱਥ ਵਿੱਚ ਪਕੜਨ ਵਾਲੀ ਖੂੰਡੀ ਦੇ ਦੇਂਦਾ ਸੀ ਕਿ ਇਹ ਲੈ ਜਾਉ-ਸਮਝ ਲਉ ਕਿ ਸੇਠ ਇਸ ਖੂੰਡੀ (ਡੰਗੋਰੀ) ਨਾਲ ਹਾਜ਼ਰ ਹੋ ਗਿਆ ਹੈ। ਗਰੀਬਾਂ ਦਾ ਤਾਂ ਇਸ ਦੇ ਦਿਲ ਵਿੱਚ ਜ਼ਰਾ ਜਿੰਨਾ ਵੀ ਦਰਦ ਨਹੀਂ ਸੀ।"

ਅਚਾਨਕ ਇਕ ਦਿਨ ਅਜ਼ਰਾਈਲ ਫਰਿਸ਼ਤਾ ਉਸ ਦੀ ਮੌਤ ਦਾ ਸੁਨੇਹਾ ਲੈ ਕੇ ਆ ਗਿਆ। ਸਾਰੇ ਸ਼ਹਿਰ ਵਿੱਚ ਖ਼ਬਰ ਫੈਲ ਗਈ ਕਿ ਸੇਠ ਦੀ ਮੌਤ ਹੋ ਗਈ ਹੈ। ਪਰ ਕਿਸੇ ਨੇ ਵੀ ਉਸ ਦੀ ਮੌਤ ਉੱਪਰ ਅਫ਼ਸੋਸ ਜ਼ਾਹਰ ਨਾ ਕੀਤਾ। ਕੁਝ ਚੰਦ ਲੋਕ ਹੀ ਮੂੰਹ ਦਿਖਾਵੇ ਲਈ ਉਸ ਸੇਠ ਦੇ ਜਨਾਜ਼ੇ ਉੱਪਰ ਪਹੁੰਚੇ। ਬਹੁਤਿਆਂ ਨੇ ਤਾਂ ਆਪਣੀਆਂ ਖੂੰਡੀਆਂ ਹੀ ਭੇਜ ਦਿੱਤੀਆਂ। ਫਿਰ ਉਸ ਸੇਠ ਦੀ ਮ੍ਰਿਤਕ ਦੇਹ ਨੂੰ ਕਬਰ ਵਿੱਚ ਦਫ਼ਨ ਕਰਨ ਲੱਗੇ। ਕਬਰ ਪੁੱਟੀ ਗਈ। ਉਸ ਦੀ ਲਾਸ਼ ਨੂੰ ਵਿੱਚ ਰੱਖ ਕੇ ਇੱਟ ਦਾ ਸਿਰਹਾਣਾ ਰੱਖ ਕੇ, ਉਸ ਉੱਪਰ ਲਾਸ਼ ਦਾ ਸਿਰ ਟਿਕਾਇਆ ਗਿਆ। ਸ਼ਾਇਦ ਇਹ ਘਟਨਾ ਫਰੀਦ ਸਾਹਿਬ ਦੀ ਅੱਖੀਂ ਵੇਖੀ ਹੋਈ ਹੈ। ਫਰੀਦ ਸਾਹਿਬ ਕਹਿੰਦੇ ਹਨ ਕਿ ਆਦਮੀ ਕਿਸ ਚੀਜ ਦਾ ਸਾਰੀ ਉਮਰ ਗਰੂਰ ਕਰਦਾ ਹੈ? ਅੱਜ ਉਸੇ ਸਰੀਰ ਨੂੰ ਇੱਟ ਦੇ ਸਿਰਹਾਣੇ ਉੱਪਰ ਟਿਕਾਇਆ ਜਾ ਰਿਹਾ ਹੈ। ਜਿਹੜਾ ਸਰੀਰ ਆਪਣਾ ਨਰਮ ਰੂੰ ਦਾ ਸਿਰਹਾਣਾ ਵੀ ਆਪਣੇ ਹੱਥੀਂ ਚੁੱਕ ਕੇ ਦੂਜੇ ਪਾਸੇ ਨਹੀਂ ਸੀ ਰੱਖ ਸਕਦਾ। ਬਾਬਾ ਫਰੀਦ ਜੀ ਨੇ ਬੜਾ ਸੁੰਦਰ ਇਸ ਵਿਥਿਆ ਨੂੰ ਆਪਣੀ ਬਾਣੀ ਵਿੱਚ ਰੂਪਮਾਨ ਕੀਤਾ ਹੈ। ਕਹਿੰਦੇ ਹਨ ਕਿ ਹੁਣ ਏਸ ਲਾਸ਼ ਨੂੰ ਏਸ

ਕਬਰ ਵਿੱਚ ਕਈ ਜੁਗ ਬੀਤ ਜਾਣਗੇ। ਪਰ ਕੋਈ ਇਹ ਨਹੀਂ ਕਹੇਗਾ ਕਿ ਪਾਸਾ ਬਦਲ ਲਓ?

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ॥ ੬੭॥

(ਸਲੋਕ ਫਰੀਦ, ਪੰਨਾ ੧੩੮੧)

ਸ੍ਰਿਸ਼ਟੀ ਵਿਚ ਰਮੇ ਹੋਏ ਰਾਮ ਦੇ ਗੁਣ ਗਾਉਣੇ ਚਾਹੀਦੇ ਹਨ। ਕੀ ਗੁਣ ਗਾਉਣ ਲਈ ਵੀ ਕਿਸੇ ਵਿਧੀ ਦੀ ਜ਼ਰੂਰਤ ਹੈ? ਦੁਨੀਆਂ ਵਿਚ ਝਾਤ ਮਾਰ ਕੇ ਦੇਖੀਏ ਤਾਂ ਗੁਣ ਗਾਉਣ ਵਾਲੇ ਇਕ ਨਹੀਂ ਅਨੇਕਾਂ ਮਿਲਦੇ ਹਨ। ਪਰ ਸਾਰਿਆਂ ਨੂੰ ਗਾਉਂਦੇ ਤੱਕ ਕੇ ਫਿਰ ਵੀ ਗੁਰਦੇਵ ਨੇ ਇਹ ਸਵਾਲ ਉਪਜਾਇਆ ਹੈ ਕਿ ਗਾਉਣ ਦੀ ਵਿਧੀ ਕੀ ਹੈ? ਜ਼ਰੂਰ ਇਸ ਵਿਚ ਕੋਈ ਰਾਜ਼ ਹੈ। ਆਮ ਤੌਰ ਤੇ ਅਸੀਂ ਜਿਸ ਨੂੰ ਗੁਣ ਗਾਉਣਾ ਆਖਦੇ ਹਾਂ। ਸਤਿਗੁਰੂ ਜੀ ਨੇ ਇਸਨੂੰ ਕੋਈ ਤਸਲੀਮ ਹੀ ਨਹੀਂ ਕੀਤਾ। ਕਿਉਂਕਿ ਇਸ ਭਗਤੀ ਕਰਨ ਤੇ ਕੀਰਤਨ ਕਰਨ ਪਿਛੇ ਵੀ ਮਾਇਆ ਦੀ ਕਲਾ ਹੀ ਕੰਮ ਕਰ ਰਹੀ ਦਿੱਸਦੀ ਹੈ। ਬਹੁਤ ਥੋੜ੍ਹੇ ਲੋਕ ਕਰਤੇ ਦੇ ਗੁਣ ਗਾਉਂਦੇ ਹਨ। ਬਹੁਤ ਮਾਇਆ ਦੇ ਭਰਮ ਵਿੱਚ ਹੀ ਹਨ। ਜਦੋਂ ਸੰਸਾਰ ਦੇ ਲੋਕਾਂ ਨੂੰ ਗੁਣ ਗਾਉਂਦੇ ਹੋਏ ਤੱਕੀਏ ਤਾਂ ਉਹ ਕੇਵਲ ਗੁਣ ਹੀ ਨਹੀਂ ਗਾਉਂਦੇ-ਉਹਨਾਂ ਦੇ ਗੁਣ ਗਾਉਣ ਪਿਛੇ ਮਨੋਰਥ ਕੁਝ ਹੋਰ ਹੁੰਦੇ ਹਨ। ਕੋਈ ਮਨੁੱਖ ਗਾਉਂਦਾ ਹੈ ਕਿ ਹੇ ਪ੍ਰਭੂ! ਤੂੰ ਦੁਖ ਹਰਤਾ ਹੈਂ। ਤੇਰੇ ਨਾਮ ਦਾ ਗੁਣ ਗਾਉਣ ਨਾਲ ਦੁਖ ਦੂਰ ਹੋ ਜਾਂਦੇ ਹਨ। ਦਰਅਸਲ ਗੁਣ ਗਾਇਆ ਹੀ ਇਸ ਵਾਸਤੇ ਹੈ ਕਿ ਉਹ ਦੁਖ ਹਰਤਾ ਹੈ। ਪਰ ਉਸ ਨੇ ਪ੍ਰਭੂ ਦੇ ਗੁਣ ਕਿਸੇ ਵਿਸਮਾਦੀ ਰਸ ਵਿਚ ਉੱਤਰ ਕੇ ਨਹੀਂ ਗਾਂਏ ਕਿ ਹੇ ਪ੍ਰਭੂ! ਤੂੰ ਬੇਅੰਤ ਹੈ ਵੱਡਾ ਹੈ। ਉਸ ਨੇ ਗਾਇਆ ਹੈ ਕਿ ਮੈਂ ਲੋੜਵੰਦ ਹਾਂ ਤੇ ਤੂੰ ਮੇਰੀ ਲੋੜ ਪੂਰੀ ਕਰ, ਮੇਰੇ ਦੁਖ ਦੂਰ ਕਰ। ਤੂੰ ਦੁਖ ਹਰਤਾ ਹੈ। ਮੈਂ ਦੁਖੀ ਹਾਂ। ਮੇਰੇ ਦੁਖ ਕੱਟੇ ਤਾਂ ਠੀਕ ਹੈ, ਨਹੀਂ ਤਾਂ ਮੈਂ ਤੇਰਾ ਨਾਮ ਕਿਉਂ ਜਪਾਂ? ਬਹੁਤ ਵਾਰੀ ਦੇਖਿਆ ਗਿਆ ਹੈ ਕਿ ਆਦਮੀ ਆਸਤਕ ਬਣ ਕੇ ਗੁਣ ਗਾਉਂਦਾ ਹੈ ਅਤੇ ਨਾਸਤਕ ਬਣ ਜਾਂਦਾ ਹੈ। ਫਿਰ ਲੋਕ ਤੱਕ ਕੇ ਹੈਰਾਨ ਵੀ ਹੁੰਦੇ ਹਨ, ਕਿ ਹੱਦ ਹੋ ਗਈ। ਕੱਲ੍ਹ ਤੱਕ ਤਾਂ ਪ੍ਰਭੂ ਦੀਆਂ ਸਿਫਤਾਂ ਕਰ-ਕਰ ਕੇ ਇਹ ਥਕਦਾ ਨਹੀਂ ਸੀ, ਪਰ ਅੱਜ ਇਸ ਦੀ ਬੁੱਧੀ, ਪ੍ਰਭੂ ਦੀ ਹੋਂਦ ਉੱਪਰ ਵੀ ਸ਼ੱਕ ਕਰ ਰਹੀ ਹੈ। ਬਹੁਤ ਐਸੇ ਇਤਿਹਾਸਕ ਹਵਾਲੇ ਹਨ। ਇਸ ਦੇ ਪਿਛੇ ਇਕ ਅਰਥ ਹੈ। ਅਰਥ ਇਹ ਹੈ ਕਿ ਬੰਦੇ ਨੇ ਪ੍ਰਭੂ ਦੇ ਗੁਣ ਕਦੇ ਗਾਏ ਸਨ, ਪਰ ਗੁਣਾਂ ਨੂੰ ਅਨੁਭਵ ਕਰਕੇ ਨਹੀਂ ਸੀ ਗਾਇਆ। ਰਾਮ-ਰਾਮ ਆਖਦਾ ਰਿਹਾ, ਪਰ ਰਮਿਆ ਹੋਇਆ ਤੱਕ ਕੇ ਨਹੀਂ ਆਖਦਾ ਰਿਹਾ। ਹਰੀ-ਹਰੀ ਆਖਿਆ, ਪਰ ਉਸ ਵਲੋਂ ਬਖਸ਼ਿਆ ਗਿਆ ਖੇੜਾ ਇਸ ਨੇ ਨਹੀਂ ਤੱਕਿਆ। ਰਹਿਮੰ ਨੂੰ ਜਾਣਿਆ ਨਹੀਂ ਪਰ ਰਹਿਮ ਆਖਿਆ ਜ਼ਰੂਰ। ਫਿਰ ਜ਼ਿੰਦਗੀ ਵਿਚ ਕੋਈ

ਘਟਨਾ ਐਸੀ ਘਟ ਗਈ ਕਿ ਜਦ ਇਸ ਨੇ ਆਪਣੀ ਲਾਲਸਾ ਨੂੰ ਪੂਰੀ ਕਰਨ ਲਈ ਰੱਬ ਨੂੰ ਪੁਕਾਰਿਆ, ਪਰ ਲਾਲਸਾ ਪੂਰੀ ਨਾ ਹੋਈ। ਇਸ ਦਾ ਅਕੀਦਾ ਟੁੱਟ ਗਿਆ। ਪੰਜਾਬੀ ਦੇ ਸਾਹਿਤ ਵਿਚ ਇਕ ਕਾਵਿ ਹੈ। ਜਿਸ ਦਾ ਨਾਮ ਹੈ "ਬਗਾਵਤ"। ਉਹ "ਬਗਾਵਤ" ਦਾ ਲਿਖਾਰੀ ਕਦੇ ਬਹੁਤ ਹੀ ਪ੍ਰਭੂ ਦੇ ਗੁਣ ਗਾਉਣ ਵਾਲਾ ਆਦਮੀ ਸੀ। ਐਸੇ ਲੋਕ ਹਰ ਸਾਹਿਤ ਵਿਚੋਂ ਮਿਲ ਜਾਣਗੇ। ਪੰਜਾਬੀ ਨਾਲ ਸਬੰਧ ਹੈ। ਇਸ ਲਈ ਆਪ ਕਿਤਾਬ ਪੜ੍ਹ ਸਕਦੇ ਹੋ। ਕਾਫੀ ਸਾਲ ਪਹਿਲਾਂ ਉਹ ਕਿਤਾਬ ਛਪੀ ਸੀ। ਉਸ ਕਿਤਾਬ ਵਿਚ ਲੇਖਕ ਵਲੋਂ ਰਬ ਉੱਪਰ ਕੁਝ ਕਿੰਤੂ ਕੀਤੇ ਗਏ ਹਨ। ਕਿੰਤੂ ਕਰਨ ਵਾਲਾ ਉਹ ਕਵੀ ਹੈ, ਜਿਸ ਨੇ ਜ਼ਿੰਦਗੀ ਦੇ ਕਈ ਸਾਲ ਪ੍ਰਭੂ ਦੀਆਂ ਸਿਫਤਾਂ ਗਾਈਆਂ ਸਨ। ਪਰ ਜੀਵਨ ਵਿਚ ਇਕ ਮੋੜ ਆਇਆ। ਦੋ ਉਸ ਦੇ ਪੁੱਤਰ ਸਨ। ਪਹਿਲੇ ਦੀ ਮੌਤ ਹੋ ਗਈ। ਕੁਝ ਦੇਰ ਬਾਅਦ ਦੂਜੇ ਦੀ ਵੀ ਮੌਤ ਹੋ ਗਈ। ਬਸ! ਰਬ ਤੋਂ ਯਕੀਨ ਉੱਠ ਗਿਆ। ਉਸ ਨੇ ਆਪਣੀ ਕਾਵਿ ਰਚਨਾ ਵਿਚ ਇਹ ਮੰਨਿਆ ਹੈ ਕਿ ਮੇਰੇ ਦੋ ਪੁੱਤਰ ਸਨ। ਹੇ ਰਬ! ਮੈਂ ਤੇਰੇ ਅੱਗੇ ਅਰਦਾਸ ਕੀਤੀ ਕਿ ਮੇਰੇ ਪੁੱਤਰ ਤੰਦਰੁਸਤ ਕਰ ਦੇ? ਪਰ ਮੇਰੇ ਪੁੱਤਰ ਨਹੀਂ ਬਚੇ। ਤਾਂ ਮੈਂ ਤੈਨੂੰ ਕਿਵੇਂ ਮੰਨ ਲਵਾਂ ਕਿ ਤੂੰ ਹੈਂ?

ਆਦਮੀ ਸੰਸਾਰ ਦੇ ਪਦਾਰਥਾਂ ਨਾਲ ਪ੍ਰਮਾਤਮਾ ਨੂੰ ਤੋਲਦਾ ਹੈ। ਗੁਣ ਗਾਉਣ ਦੇ ਪਿਛੇ ਮਨੋਰਥ ਕੁਝ ਹੋਰ ਹਨ। ਦਰਅਸਲ ਏਹੀ ਮਾਇਆ ਦੀ ਕਲਾ ਹੈ। ਬੰਦਾ, ਭਗਤੀ ਵੀ ਮਾਇਆ ਦੇ ਭਰਮ ਵਿੱਚ ਹੀ ਕਰਦਾ ਹੈ। ਕੋਈ ਗਾਉਂਦਾ ਹੈ, ਇਸ ਲਈ ਕਿ ਲੋਕ ਵਾਹ-ਵਾਹ ਕਰਨ। ਉਸ ਦੇ ਗਾਉਣ ਦਾ ਮਤਲਬ ਹੈ ਕਿ ਸੰਸਾਰ ਦੇ ਲੋਕਾਂ ਨੂੰ ਪ੍ਰਸੰਨ ਕਰਨਾ ਜੇ ਸ਼ਬਦ ਕੀਰਤਨ ਕਰਨ ਪਿਛੇ, ਕੇਵਲ ਧਨ ਦੀ ਭਾਵਨਾ ਹੈ ਤਾਂ ਇਸ ਨੂੰ ਵੀ ਸਤਿਗੁਰੂ ਗੁਣ ਗਾਉਣਾ ਨਹੀਂ ਆਖਦੇ। ਇਸ ਲਈ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ, ਇਕ ਹੋਰ ਸ਼ਬਦ ਵਿਚ ਵੀ ਪ੍ਰਸ਼ਨ ਉਠਾਏ ਹਨ।

ਤੀਰਥਿ ਜਾਉ ਤ ਹਉ ਹਉ ਕਰਤੇ॥ ਪੰਡਿਤ ਪੂਛਉ ਤ ਮਾਇਆ ਰਾਤੇ॥ ੧॥
ਸੋ ਅਸਥਾਨੁ ਬਤਾਵਹੁ ਮੀਤਾ॥ ਜਾ ਕੈ ਹਰਿ ਹਰਿ ਕੀਰਤਨੁ ਨੀਤਾ॥

(ਪੰਨਾ ੩੮੫)

ਮੇਰੇ ਮਿਤਰੋ! ਕੋਈ ਉਹ ਥਾਂ ਦੱਸੋ? ਜਿਥੇ ਸੱਚ-ਮੁੱਚ ਹੀ ਹਰੀ ਦਾ ਕੀਰਤਨ ਹੁੰਦਾ ਹੋਵੇ। ਸੁਭਾਵਕ ਹੀ ਲੋਕਾਂ ਆਖਿਆ ਹੋਵੇਗਾ ਕਿ ਤੀਰਥ ਅਸਥਾਨਾਂ ਤੇ ਹਰੀ ਗੁਣ ਗਾਏ ਜਾਂਦੇ ਹਨ। ਦਰਅਸਲ ਤੀਰਥ ਉੱਪਰ ਵੀ ਧੋਖਾ ਜ਼ਿਆਦਾ ਹੁੰਦਾ ਅਤੇ ਸਚਾਈ ਘੱਟ। ਜਿਨ੍ਹਾਂ ਹੱਥ ਤਾਕਤ ਹੁੰਦੀ ਹੈ, ਉਹ ਹੰਕਾਰੀ ਹੁੰਦੇ ਹਨ। ਜਿਹੜੇ ਪੰਡਿਤ ਪੁਜਾਰੀ ਹੁੰਦੇ ਹਨ, ਉਹ ਕੇਵਲ ਧਨ ਦੀ ਖ਼ਾਤਰ ਗਾਉਂਦੇ ਹਨ। ਗੁਰਦੇਵ ਕਹਿੰਦੇ ਹਨ ਕਿ ਮੈਨੂੰ ਉਹ ਜਗ੍ਹਾ ਦੱਸੋ ਜਿਥੇ ਬੰਦਾ ਹਿਰਦੇ ਤੋਂ ਹਰੀ ਦੇ ਗੁਣ ਗਾਉਂਦਾ ਹੋਵੇ? ਸਤਿਗੁਰੂ ਏਸ ਗੱਲ ਦੇ ਖਿਲਾਫ ਨਹੀਂ ਕਿ ਗਾਉਣ ਵਾਲੇ ਕੀਰਤਨੀਏ

ਨੂੰ ਜਾਂ ਵਿਖਿਆਨ ਕਰਨ ਵਾਲੇ ਪੰਡਿਤ ਨੂੰ ਕੋਈ ਭੇਟਾ ਨਾ ਦਿੱਤੀ ਜਾਵੇ? ਉਹਨਾਂ ਦਾ ਮਤਲਬ ਹੈ ਕਿ ਗਾਉਣ ਵਾਲੇ ਦਾ ਮਕਸਦ ਕੇਵਲ ਧਨ ਪ੍ਰਾਪਤੀ ਨਾ ਹੋਵੇ। ਵਿਖਿਆਨ ਕਰੇ ਤਾਂ ਆਪਣੀ ਕਿਸੇ ਮਸਤੀ ਵਿਚ ਕਰੇ। ਧਨ ਹੋਰ ਚੀਜ਼ ਹੈ ਪਰ ਭਗਤੀ ਰਸ ਹੋਰ ਹੈ। ਗੁਰਦੇਵ ਨੇ ਇਹ ਪ੍ਰਸ਼ਨ ਉਠਾਏ ਹਨ ਕਿ ਉਹ ਕਿਹੜੀ ਵਿਧੀ ਹੈ ਜਿਸ ਦੁਆਰਾ ਪ੍ਰਭੂ ਦੇ ਗੁਣ ਗਾਏ ਜਾਣ? ਕੋਈ ਅੱਖਾਂ ਬੰਦ ਕਰਦਾ ਹੈ। ਕੋਈ ਮੋਨ ਧਾਰਦਾ ਹੈ। ਕੋਈ ਵਿਖਿਆਨ ਕਰਦਾ ਹੈ। ਕੋਈ ਕਰ ਨਹੀਂ ਸਕਦਾ ਤੇ ਪੈਸੇ ਦੇ ਕੇ ਕਰਵਾ ਰਿਹਾ ਹੈ। ਪਾਠ ਪੂਜਾ ਬਹੁਤ ਚਲਦੀ ਹੈ। ਲੋਕ ਕਰ ਨਾ ਸਕਣ ਤਾਂ ਕਰਵਾਉਂਦੇ ਹਨ। ਪਰ ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਉਹੀ ਸੁਆਲ ਕਹਿੰਦੇ ਹਨ ਕਿ ਉਹ ਵਿਧੀ ਕਿਹੜੀ ਹੈ? ਜਿਸ ਨਾਲ ਪ੍ਰਭੂ ਦਾ ਗੁਣ ਗਾਇਆ ਜਾਏ। ਵਿਧੀਆਂ ਵੀ ਮਨੁੱਖਾਂ ਨੇ ਆਪਣੀਆਂ-ਆਪਣੀਆਂ ਪ੍ਰਚਲਤ ਕੀਤੀਆਂ ਹਨ।

ਮਨੁੱਖ ਦੀਆਂ ਬਣਾਈਆਂ ਹੋਈਆਂ ਵਿਧੀਆਂ ਦੇਖ ਕੇ ਹੈਰਾਨ ਹੋਈਦਾ ਹੈ। ਤਿਬਤ ਦੇ ਲਾਮਿਆਂ ਨੇ ਗਾਉਣ ਦਾ ਇਕ ਨਵਾਂ ਢੰਗ ਇਜਾਦ ਕੀਤਾ ਹੈ। ਉਹਨਾਂ ਨੇ ਇਕ ਪ੍ਰੇਅਰ ਵੀਲ੍ਹ (ਚੱਕਰ) ਬਣਾਇਆ ਹੈ। ਓਸ ਚੱਕਰ ਦੇ ਉੱਪਰ ਉਹਨਾਂ ਆਪਣੀ ਪ੍ਰਾਰਥਨਾ ਲਿਖੀ ਹੈ। ਹੁਣ ਉਹਨਾਂ ਨੂੰ ਗਾਉਣ ਦੀ ਵੀ ਜ਼ਰੂਰਤ ਨਹੀਂ। ਉਸ ਚੱਕਰ ਨੂੰ ਘੁਮਾ ਦੇਂਦੇ ਹਨ। ਜਿੰਨੇ ਚੱਕਰ ਉਹ ਵੀਲ੍ਹ ਕੱਟ ਲਏ, ਓਨੀਆਂ ਹੀ ਪ੍ਰਾਰਥਨਾਵਾਂ ਦਾ ਫਲ ਮਿਲੇਗਾ। ਅੱਜ ਤਾਂ ਨਹੀਂ, ਪਰ ਕਲ੍ਹ ਸਹੀ ਜਾਂ ਆਉਣ ਵਾਲੇ ਜ਼ਮਾਨੇ ਵਿਚ ਹੱਥ ਨਾਲ ਕਮਾਈ ਨਹੀਂ ਕਰਨੀ ਪਵੇਗੀ। ਬਿਜਲੀ ਸਾਡੇ ਪਾਸ ਹੈ। ਸਵਿੱਚ ਲਗਾ ਦਿੱਤਾ ਜਾਏਗਾ। ਸਵਿੱਚ ਔਨ ਕੀਤਾ ਤੇ ਪ੍ਰਾਰਥਨਾ ਹੁੰਦੀ ਰਹੇਗੀ। ਅੱਜ ਜਿੰਨੀ ਰੌਸ਼ਨੀ ਇਕ ਆਮ ਆਦਮੀ ਦੇ ਘਰ ਹੁੰਦੀ ਹੈ। ਏਨੀ ਤਾਂ ਉਸ ਵਕਤ ਦੇ ਅਕਬਰ ਦੇ ਘਰ ਵੀ ਨਹੀਂ ਹੁੰਦੀ ਸੀ। ਲਾਮੇ ਕਹਿੰਦੇ ਹਨ ਕਿ ਆਪ ਜੋ ਮਰਜ਼ੀ ਕਰੋ। ਪਰ ਪ੍ਰਾਰਥਨਾ ਦਾ ਬਟਨ ਦਬਾ ਕੇ ਰਖੋ। ਪ੍ਰਾਰਥਨਾ ਦਾ ਚੱਕਰ ਆਪੇ ਚਲਦਾ ਰਹੇਗਾ। ਰਬ ਨਾਲ ਇਹ ਕਿਸ ਤਰ੍ਹਾਂ ਦਾ ਸੌਦਾ ਹੈ?

ਅੱਜ ਸਿੱਖ ਵੀ ਤਾਂ ਏਸ ਤਰ੍ਹਾਂ ਦੇ ਹੀ ਸੌਦੇ ਕਰਨ ਲੱਗ ਗਏ ਹਨ। ਅਖੰਡ ਪਾਠ ਰਖਵਾ ਕੇ ਆਪ ਆਪਣੇ ਕੰਮ ਕਰਦੇ ਰਹਿੰਦੇ ਹਨ। ਪਾਠ ਚਲਦਾ ਰਹਿੰਦਾ ਹੈ, ਜਿਵੇਂ ਟੇਪ ਰਿਕਾਰਡਰ ਦਾ ਬਟਨ ਦਬਾਇਆ ਹੁੰਦਾ ਹੈ। ਏਸ ਤਰ੍ਹਾਂ ਹੀ ਪਾਠ ਚਲਦੇ ਹਨ। ਲੋਕ ਪ੍ਰਦੇਸ਼ ਵਿਚ ਹੁੰਦੇ ਹਨ, ਪਰ ਪਾਠ ਪੰਜਾਬ ਵਿਚ ਹੋ ਰਹੇ ਹੁੰਦੇ ਹਨ। ਅੱਜ ਦਾ ਬੰਦਾ ਧਰਮ ਦੇ ਨਾਮ ਤੇ ਸੌਦਾ ਕਰ ਰਿਹਾ ਹੈ। ਗੁਰਮਤਿ ਤਾਂ ਇਹ ਪ੍ਰਵਾਨ ਨਹੀਂ ਕਰਦੀ।

ਬਿਦ ਸ਼ਬਦ ਦਾ ਅਰਥ ਹੈ "ਬੁਧੀ"। ਬੁਧੀ ਕੀਮਤੀ ਸ਼ਬਦ ਹੈ। ਬੁਧੀ ਸ਼ਬਦ ਉਹਨਾਂ ਲੋਕਾਂ ਵਾਸਤੇ ਵਰਤਿਆ ਜਾਂਦਾ ਹੈ, ਜਿਹੜੇ ਮਨੁੱਖਾ ਜਨਮ ਵਿੱਚ ਆ ਕੇ ਰਬ ਨਾਲ ਮਿਲ ਸਕਦੇ ਹਨ। ਉਹਨਾਂ ਨੂੰ ਹੀ "ਬੁੱਧ ਪੁਰਸ਼" ਆਖਿਆ ਜਾਂਦਾ ਹੈ।

ਏਸ ਬੁਧ ਸ਼ਬਦ ਤੋਂ "ਪ੍ਰਬੁਧਤਾ" ਸ਼ਬਦ ਬਣਿਆ ਹੈ। ਵੈਸੇ ਬੁਧੀ ਦਾ ਸਾਧਾਰਨ ਅਰਥ 'ਅਕਲ' ਹੈ। ਅਕਲ ਦੇ ਦਾਇਰੇ ਵੀ ਅਲੱਗ ਅਲੱਗ ਹਨ। ਹਰ ਆਦਮੀ ਦੀ ਅਕਲ ਆਪਣੀ ਹੈ। ਜਦੋਂ ਬੁੱਧ ਕਬੁੱਧ ਬਣ ਜਾਏ ਤਾਂ ਜ਼ਿੰਦਗੀ ਦਾ ਸਾਰਾ ਖੇਲ ਵਿਗੜ ਜਾਂਦਾ ਹੈ। ਭੈੜੀ ਬੁੱਧੀ ਵਿਚੋਂ ਜਿਹੜਾ ਗਿਆਨ ਪੈਦਾ ਹੁੰਦਾ ਹੈ, ਉਹ ਚੰਗਾ ਨਹੀਂ ਹੁੰਦਾ। ਏਸ ਵਾਸਤੇ ਬੁਨਿਆਦੀ ਪ੍ਰਸ਼ਨ ਗਿਆਨ ਨੂੰ ਬਦਲਣ ਦਾ ਨਹੀਂ ਹੈ, ਬੁੱਧੀ ਨੂੰ ਬਦਲਣ ਦਾ ਹੈ। ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਰੀ ਸਿੱਧੀ, ਬੁੱਧੀ ਦੀ ਤਬਦੀਲੀ ਵਿੱਚ ਹੈ। ਬੁੱਧ ਕਬੁੱਧ ਤੋਂ ਬਦਲ ਕੇ, ਸਬੁਧ ਹੋ ਜਾਏ, ਤਾਂ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ।

ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ॥
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥

(ਪੰਨਾ ੩੩੯)

ਇਸ ਲਈ ਗੁਰਦੇਵ ਨੇ ਭੁਲੇਖਾ ਨਹੀਂ ਰਹਿਣ ਦਿੱਤਾ–

ਕਿਉਂਕਿ ਗੁਣ ਗਾਇਨ ਕਰਨ ਲਈ ਕਿਸੇ "ਬਿਦ" ਦੀ ਲੋੜ ਸੀ, ਯਾਨਿ ਕਿ ਗਿਆਨ ਦੀ ਲੋੜ ਸੀ। ਪਰ ਨਾਲ ਹੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸ਼ੁਧ ਗਿਆਨ, ਸ਼ੁਧ ਬੁੱਧੀ ਵਿਚੋਂ ਹੀ ਪੈਦਾ ਹੁੰਦਾ ਹੈ। ਗੁਰਦੇਵ ਦਾ ਕਹਿਣਾ ਹੈ,

ਕਵਨ ਸੁ ਮਤਿ ਜਿਤੁ ਤਰੈ ਇਹ ਮਾਇ॥ *(ਪੰਨਾ ੧੮੦)*

ਕਿਉਂਕਿ ਮੱਤ ਵਿਚੋਂ ਗਿਆਨ ਪੈਦਾ ਹੁੰਦਾ ਹੈ। ਬੁੱਧੀ ਵਿਚੋਂ "ਵਿਧੀ" ਨਿਕਲਦੀ ਹੈ। ਯਾਨੀ ਕਿ ਗਿਆਨ ਨਿਕਲਦਾ ਹੈ। ਜਿਹੋ ਜਿਹੀ ਮਨੁੱਖ ਦੀ ਬੁੱਧ ਹੁੰਦੀ ਹੈ, ਉਹੋ ਜਿਹੀਆਂ ਉਹ ਵਿਧੀਆਂ ਇਜਾਦ ਕਰ ਲੈਂਦਾ ਹੈ। ਓਹੋ ਜਿਹੇ ਖਿਆਲ ਉਹ ਸੰਸਾਰ ਨੂੰ ਦਿੰਦਾ ਹੈ। ਓਹੋ ਜਿਹੀਆਂ ਪ੍ਰੰਪਰਾਵਾਂ ਤੇ ਰੀਤੀਆਂ ਉਹ ਘੜਦਾ ਤੇ ਬਣਾਉਂਦਾ ਹੈ। ਜਿਸ ਤਰ੍ਹਾਂ ਦੀ ਉਸ ਦੀ ਮੱਤ ਹੁੰਦੀ ਹੈ। ਸੁਆਲ ਬੁੱਧ ਬਦਲਣ ਦਾ ਹੈ। ਬੁੱਧ, ਸਬੁੱਧ ਵੀ ਹੋ ਸਕਦੀ ਹੈ ਤੇ ਬੁੱਧ ਕਬੁੱਧ ਵੀ ਹੋ ਸਕਦੀ ਹੈ। ਕੁਮੱਤ ਵੀ ਤੇ ਸੁਮੱਤ ਵੀ ਹੋ ਸਕਦੀ ਹੈ। ਜਦੋਂ ਵਿਅਕਤੀ ਦੀ ਮੱਤ, ਕੁਮੱਤ ਬਣ ਜਾਏ ਤਾਂ ਸਮਝੋ ਕਿ ਮਾਇਆ ਦਾ ਪਰਦਾ ਪਿਆ ਹੈ। ਜਦੋਂ ਵਿਅਕਤੀ ਦੀ ਮੱਤ ਕੁਮੱਤ ਬਣ ਜਾਏ ਤਾਂ ਉਹੀ ਗੱਲ ਜਿਹੜੀ ਇੱਕ ਬੁੱਧ ਪੁਰਸ਼ ਲਈ ਬਿਲਕੁਲ ਠੀਕ ਸੀ। ਕੁਮੱਤ ਤੇ ਚਲਣ ਵਾਲੇ ਲਈ ਉਹੀ ਬੜੀ ਖਤਰਨਾਕ ਬਣ ਜਾਂਦੀ ਹੈ। ਗੁਰੂ ਅਮਰਦਾਸ ਜੀ ਮਹਾਰਾਜ ਦਾ ਕਥਨ ਹੈ ਕਿ–

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥

(ਪੰਨਾ ੯੨੨)

ਗੁਰਦੇਵ ਸਰੀਰ ਨੂੰ ਆਪਣਾ ਸਰੀਰ ਮੰਨ ਰਹੇ ਹਨ। ਆਪਣੇ ਆਪ ਨੂੰ ਸਰੀਰ

ਤੋਂ ਅਲੱਗ ਸਮਝ ਰਹੇ ਹਨ। ਭਾਵ ਕਿ ਆਪ ਉਹ ਸਰੀਰ ਦੇ ਮਾਲਕ ਹਨ। ਗੁਰਦੇਵ ਕਹਿੰਦੇ ਹਨ ਕਿ ਮਨੁੱਖ ਆਪ ਆਪਣੇ ਸਰੀਰ ਦਾ ਮਾਲਕ ਨਹੀਂ, ਬਲਕਿ ਸਰੀਰ ਹੀ ਮਨੁੱਖ ਦਾ ਮਾਲਕ ਹੈ। ਕਿਉਂਕਿ ਮਨੁੱਖ ਦਾ ਮਨ ਸਰੀਰ ਦੀਆਂ ਕਾਮਨਾਵਾਂ ਤੇ ਵਾਸ਼ਨਾਵਾਂ ਨੂੰ ਪੂਰੀਆਂ ਕਰਨ ਲਈ ਸਰੀਰ ਦੇ ਪਿੱਛੇ ਚਲ ਰਿਹਾ ਹੈ।

ਪ੍ਰਾਣੀ ਜਾਣੈ ਇਹੁ ਤਨੁ ਮੇਰਾ॥ ਬਹੁਰਿ ਬਹੁਰਿ ਉਆਹੂ ਲਪਟੇਰਾ॥
ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥ ਹੋਨੁ ਨ ਪਾਈਐ ਰਾਮ ਕੇ ਦਾਸਾ॥

(ਪੰਨਾ ੧੯੦)

ਆਮ ਆਦਮੀ ਵੀ ਆਖਦਾ ਹੈ ਕਿ ਇਹ ਸਰੀਰ ਮੇਰਾ ਹੈ ਤੇ ਗੁਰੂ ਅਮਰ ਦਾਸ ਵੀ ਕਹਿੰਦੇ ਹਨ ਕਿ ਇਹ ਸਰੀਰ ਮੇਰਾ ਹੈ। ਪਰ ਦੋਵਾਂ ਦੇ ਮੇਰਾ ਆਖਣ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਇੱਕ ਆਦਮੀ ਸਰੀਰ ਨੂੰ ਮੇਰਾ ਆਖਦਾ ਹੈ, ਮੈਂ ਰੂਪ ਜਾਣ ਕੇ। ਪਰ ਸਰੀਰ ਬੰਦੇ ਦਾ ਪੂਰਾ ਰੂਪ ਨਹੀਂ ਹੈ। ਇਹ ਭੁੱਲ ਹੈ ਤੇ ਦੂਰ ਕਰਨ ਵਾਲੀ ਹੈ। ਮਨੁੱਖ ਸਰੀਰ ਨਹੀਂ, ਬਲਕਿ ਮਨੁੱਖ ਦਾ ਅਸਲੀ ਰੂਪ ਮਨ ਹੈ। ਮੈਂ ਤੋਂ ਬਾਅਦ ਦੂਜੀ ਅਵਸਥਾ ਹੈ ਕਿ ਸਰੀਰ ਮੇਰਾ ਹੈ। ਬੰਦਾ ਇਕੱਲਾ ਸਰੀਰ ਨਹੀਂ ਹੈ। ਬੰਦੇ ਦਾ ਅਸਲੀ ਰੂਪ ਆਤਮਾ ਹੈ। ਪਰ ਇਹ ਸਰੀਰ ਬੰਦੇ ਦਾ ਹੈ। ਬੰਦਾ, ਜਦੋਂ ਸਰੀਰ ਨੂੰ ਮੇਰਾ ਸਮਝਦਾ ਹੈ ਤਾਂ ਉਥੇ ਦੋ ਸੰਭਾਵਨਾਵਾਂ ਨਵੀਆਂ ਪੈਦਾ ਹੁੰਦੀਆਂ ਹਨ। ਇੱਕ ਹੈ ਸੁਮੱਤ ਵਾਲੇ ਪੁਰਸ਼ ਦੀ, ਜਿਸ ਨੇ ਕਿ ਗੁਰੂ ਕ੍ਰਿਪਾ ਦੁਆਰਾ ਸੁਮੱਤ ਪ੍ਰਾਪਤ ਕੀਤੀ ਹੈ। ਜੇ ਸਰੀਰ ਨੂੰ ਮੇਰਾ ਜਾਨਣਾ ਹੈ ਤਾਂ ਇਸ ਦੀ ਵਰਤੋਂ ਕਿਵੇਂ ਕਰਨੀ ਹੈ? ਸਰੀਰ ਤਾਂ ਬੜਾ ਕੀਮਤੀ ਅਵਸਰ ਹੈ, ਪ੍ਰਮਾਤਮਾ ਨਾਲ ਮਿਲਣ ਦਾ ਹੈ।

ਇੱਕ ਹੈ ਕੁਮੱਤ ਵਿੱਚ ਫਸਿਆ ਹੋਇਆ ਬੰਦਾ। ਸਮਝਿਆ ਉਸ ਨੇ ਵੀ ਕਿ ਸਰੀਰ ਮੇਰਾ ਹੈ। ਪਰ ਉਸ ਨੇ ਸਰੀਰ ਨੂੰ ਆਪਣਾ ਸਦੀਵੀ ਸਾਥੀ ਜਾਣ ਲਿਆ ਹੈ। ਲੱਖ ਆਖੇ ਕਿ ਸਰੀਰ ਮੇਰਾ ਨਹੀਂ, ਪਰ ਅੰਦਰੋਂ ਇਉਂ ਸਰੀਰ ਨਾਲ ਮੋਹ ਬਣਾ ਲਿਆ ਕਿ ਜਿਵੇਂ ਸਰੀਰ ਹੀ ਸਭ ਕੁਝ ਹੋਵੇ। ਉਸ ਨੂੰ ਸਰੀਰ ਦਾ ਇਸਤੇਮਾਲ, ਜਿਸ ਕੰਮ ਲਈ ਕਰਨਾ ਚਾਹੀਦਾ ਸੀ, ਨਹੀਂ ਕੀਤਾ। ਉਸ ਨੇ ਸਰੀਰ ਮੇਰਾ ਹੈ ਤਾਂ ਇਸ ਸਰੀਰ ਨੂੰ ਮੈਂ ਕਿਵੇਂ ਸੁਖ ਦੇਣੇ ਹਨ? ਇਸ ਦੀਆਂ ਵਾਸ਼ਨਾਵਾਂ ਤੇ ਤ੍ਰਿਸ਼ਨਾਵਾਂ ਨੂੰ ਕਿਵੇਂ ਪੂਰਿਆਂ ਕਰਨਾ ਹੈ? ਇਸ ਗੱਲ ਨੂੰ ਮੁੱਖ ਰੱਖ ਕੇ ਉਸ ਨੇ ਜ਼ਿੰਦਗੀ ਦੀ ਦੌੜ ਇਸ ਪਾਸੇ ਵੱਲ ਸ਼ੁਰੂ ਕਰ ਦਿੱਤੀ ਕਿ ਸਰੀਰ ਮੇਰਾ ਹੈ। ਸਰੀਰ ਦੀਆਂ ਕੁਝ ਖਾਹਸ਼ਾਂ ਹਨ। ਇੰਦਰਿਆਂ ਵਿਚੋਂ ਉੱਠੀਆਂ ਹੋਈਆਂ ਵਾਸ਼ਨਾਵਾਂ ਦੀਆਂ ਲਾਲਸਾਵਾਂ ਨੂੰ ਮੈਂ ਕਿਵੇਂ ਪੂਰਿਆਂ ਕਰਨਾ ਹੈ? ਕਿਉਂਕਿ ਸਰੀਰ ਮੇਰਾ ਹੈ। ਇੰਦਰਿਆਂ ਦੀ ਆਪਣੀ-ਆਪਣੀ ਖਾਹਸ਼ ਹੈ। ਇਹ ਤਰੰਗਾਂ, ਪਿੱਛੇ ਬੈਠੇ, ਮਨ ਦੀ ਕੁਮੱਤ ਵਿਚੋਂ ਪੈਦਾ ਹੁੰਦੀਆਂ ਹਨ। ਮਨ ਨੇ ਸਾਰਾ ਖੇਲ ਹੀ ਵਿਗਾੜ ਛਡਿਆ ਹੈ ਜਿਨ੍ਹਾਂ ਜਾਣਿਆ ਹੈ ਕਿ ਇਹ ਸਰੀਰ ਇੱਕ ਦਿਨ ਖਾਕ ਵਿੱਚ ਮਿਲ ਜਾਣਾ ਹੈ। ਇਸ ਸਰੀਰ ਦੀਆਂ ਤ੍ਰਿਸ਼ਨਾਵਾਂ ਨੂੰ ਕੌਣ

ਕਦੋਂ ਸ਼ਾਂਤ ਕਰ ਸਕਿਆ ਹੈ? ਜਿਨ੍ਹਾਂ ਨੇ ਯਤਨ ਕੀਤੇ ਸਭ ਹਾਰ ਗਏ। ਕੋਈ ਪੂਰੀਆਂ ਨਹੀਂ ਕਰ ਸਕਿਆ। ਏਨਾ ਜ਼ਰੂਰ ਹੋਇਆ ਹੈ ਕਿ ਇਨ੍ਹਾਂ ਤ੍ਰਿਸ਼ਨਾਵਾਂ ਨੂੰ ਪੂਰੀਆਂ ਕਰਨ ਲਈ, ਮਨੁੱਖ ਨੇ ਉਹ ਗਲਤ ਰਸਤਾ ਚੁਣ ਲਿਆ ਹੈ, ਜਿਹੜਾ ਕਿ ਪ੍ਰਮਾਤਮਾ ਤੋਂ ਹੋਰ ਵਿੱਥ ਵਧਾਉਂਦਾ ਹੈ। ਮਾਇਆ ਵਿੱਚ ਵਸੇ ਹੋਏ ਪ੍ਰਾਣੀ ਨੇ ਇਸ ਸਰੀਰ ਨਾਲ ਕੀ ਕੀਤਾ? ਗੁਰਦੇਵ ਕਥਨ ਕਰਦੇ ਹਨ-

ਚਿਤਵਤ ਪਾਪ ਨ ਆਲਕੁ ਆਵੈ ॥ *(ਪੰਨਾ ੧੧੬੩)*

ਪਾਪ ਦੀ ਭਾਵਨਾ ਉਠੇ ਤਾਂ ਮਨੁੱਖ ਆਲਸ ਨਹੀਂ ਕਰਦਾ। ਤਨ ਨੂੰ ਸੁੱਖ ਮਿਲੇ ਤੇ ਧਨ ਬਹੁਤ ਆਵੇ, ਇਹ ਵਾਸ਼ਨਾ ਉੱਠੀ ਤਾਂ ਫਿਰ ਧਨ ਪਰਾਇਆ ਦ੍ਰਿਸ਼ਟੀ ਪਏ ਤਾਂ ਵੀ ਚੁਰਾ ਲਿਆਉਂਦਾ ਹੈ। ਧੋਖੇ ਨਾਲ ਮਿਲਿਆ ਤੇ ਤਾਂ ਵੀ ਲੈ ਆਉਂਦਾ ਹੈ। ਜਿਵੇਂ ਵੀ ਮਿਲਿਆ, ਲੈ ਆਉਂਦਾ ਹੈ। ਹਾਲਾਂਕਿ ਧਨ ਪ੍ਰਾਪਤ ਕਰਕੇ ਵੀ ਕਿਸੇ ਨੂੰ ਕਦੇ ਸੁੱਖ ਮਿਲਿਆ ਨਹੀਂ। ਪਰ ਇੱਕ ਤਰੰਗ ਉੱਠੀ ਮਾਇਆ ਦੀ, ਜਿਸ ਕਰਕੇ ਪਰਾਇਆ ਧਨ ਵੀ ਤੇ ਪਰਾਇਆ ਤਨ ਵੀ ਆਪਣੇ ਕਾਬੂ ਵਿੱਚ ਕਰਨ ਦਾ ਯਤਨ ਕੀਤਾ। ਵਾਸ਼ਨਾ ਉੱਠੀ ਤਾਂ ਪਰਾਏ ਤਨ ਨੂੰ ਕਾਬੂ ਕਰਨ ਦਾ ਯਤਨ ਕੀਤਾ। ਮਾਇਆ ਦੀ ਤਰੰਗ ਉੱਠੀ ਤਾਂ ਸਤਸੰਗ ਵਿੱਚ ਜਾਣ ਦੀ ਥਾਂ ਵੇਸਵਾ ਦੇ ਘਰ ਵੱਲ ਚਲਾ ਜਾਂਦਾ ਹੈ। ਤਨ ਉਹੀ ਹੈ। ਸਰੀਰ ਇਸ ਨੇ ਵੀ ਆਪਣਾ ਹੀ ਜਾਣਿਆ ਹੈ, ਪਰ ਇਹ ਸਰੀਰ ਦਾ ਗੁਲਾਮ ਹੋ ਗਿਆ ਹੈ। ਹਜ਼ੂਰ ਕਹਿੰਦੇ ਹਨ ਕਿ-

ਚਿਤਵਤ ਪਾਪ ਨ ਆਲਕੁ ਆਵੈ ॥ ਬੇਸੁਆ ਭਜਤ ਕਿਛੁ ਨਹ ਸਰਮਾਵੈ ॥
ਸਾਰੋ ਦਿਨਸੁ ਮਜੂਰੀ ਕਰੈ ॥ ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥ ੧ ॥
ਮਾਇਆ ਲਗਿ ਭੂਲੋ ਸੰਸਾਰੁ ॥
ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ ॥
(ਪੰਨਾ ੧੧੬੩)

ਸੰਸਾਰ ਦੀਆਂ ਪ੍ਰਾਪਤੀਆਂ ਲਈ ਤਾਂ ਸਾਰਾ ਦਿਨ ਮਜਦੂਰੀ ਕਰਦਾ ਹੈ। ਦੌੜ ਭਜ ਕਰਦਾ ਹੈ। ਪਰ ਜਦੋਂ ਸਿਮਰਨ ਦਾ ਵਕਤ ਹੋਵੇ, ਓਦੋਂ ਸਿਰ ਤੇ ਜਿਵੇਂ ਬਜਰ ਪੈ ਗਿਆ ਹੋਵੇ। ਆਲਸ ਕਰ ਲੈਂਦਾ ਹੈ। ਸਿਮਰਨ ਬਾਰੇ ਇਸ ਤਨ ਨੂੰ ਪ੍ਰੇਰਿਆ ਗਿਆ ਹੈ। ਇੱਕੋ ਹੀ ਗੱਲ ਦਾ ਬੁਨਿਆਦੀ ਫਰਕ ਹੈ। ਜੇ ਤਾਂ ਤਨ ਨੂੰ ਆਪਣਾ ਜਾਨਣਾ ਹੈ ਤਾਂ ਵੀ, ਜੇ ਨਹੀਂ ਜਾਨਣਾ ਤਾਂ ਵੀ, ਦੋਵਾਂ ਰਸਤਿਆਂ ਰਾਹੀਂ ਮੰਜ਼ਿਲ ਪਾਈ ਜਾ ਸਕਦੀ ਹੈ। ਮੰਜ਼ਿਲ ਇੱਕ ਹੈ। ਰਸਤੇ ਅਨੇਕਾਂ ਹਨ। ਸਿਆਣੇ ਆਖਦੇ ਹਨ ਕਿ-

"ਬਹੁਤੇਰੇ ਹੈਂ ਘਾਟ"

ਇੱਕ ਨਦੀ ਤੇ ਅਨੇਕਾਂ ਘਾਟ ਹਨ, ਜਿਨ੍ਹਾਂ ਤੋਂ ਪਾਰ ਉਤਰਿਆ ਜਾ ਸਕਦਾ ਹੈ। ਪਰ ਚੋਣ ਕਰਕੇ ਉਸ ਘਾਟ ਤੋਂ ਪਾਰ ਜਾਣ ਦੀ ਜੁਗਤੀ ਅਪਣਾਉਣੀ ਪਵੇਗੀ।

ਇਉਂ ਵੀ ਪਾਰ ਜਾਇਆ ਜਾ ਸਕਦਾ ਹੈ ਕਿ ਇਹ ਤਨ ਮੇਰਾ ਹੈ ਅਤੇ ਇਉਂ ਵੀ ਪਾਰ ਜਾਇਆ ਜਾ ਸਕਦਾ ਹੈ ਕਿ ਇਹ ਤਨ ਮੇਰਾ ਨਹੀਂ। ਇਸ ਵਿੱਚ ਕੋਈ ਵੱਡੀ ਗੱਲ ਨਹੀਂ, ਪਰ ਸਮਝਣ ਦੀ ਗੱਲ ਇੱਕ ਹੈ। ਜੇ ਤਨ ਆਪਣਾ ਜਾਣਿਆ ਹੈ ਤਾਂ ਇਸ ਤਨ ਨੂੰ ਉਹ ਸੁਆਲ ਖੜੇ ਕਰ ਦਿੱਤੇ ਜਾਣ, ਜਿਹੜੇ ਕਿ ਗੁਰੂ ਅਮਰਦਾਸ ਜੀ ਮਹਾਰਾਜ ਨੇ ਖੜੇ ਕਰ ਦਿੱਤੇ ਹਨ। ਕਿ ਹੇ ਮੇਰੇ ਸਰੀਰ! ਜੇ ਤੂੰ ਮੇਰਾ ਹੈ, ਤਾਂ ਮੈਂ ਤੈਨੂੰ ਪੁੱਛ ਸਕਦਾ ਹਾਂ ਕਿ ਸੰਸਾਰ ਵਿੱਚ ਤੈਨੂੰ ਨਿਰੰਕਾਰ ਨੇ ਭੇਜ ਦਿੱਤਾ ਹੈ ਨਾਲ ਤੈਨੂੰ ਕਰਮ ਇੰਦਰੇ, ਗਿਆਨ ਇੰਦਰੇ ਤੇ ਬੁੱਧ ਆਦਿ ਬੜਾ ਕੁਝ ਦਿੱਤਾ ਹੈ। ਜ਼ਿੰਦਗੀ ਪ੍ਰਦਾਨ ਕੀਤੀ ਹੈ। ਇੱਕ ਗੱਲ ਦੱਸ? ਕਿ ਜਿਸ ਨੇ ਤੈਨੂੰ ਸੰਸਾਰ ਵਿੱਚ ਭੇਜਿਆ ਹੈ, ਸੰਸਾਰ ਵਿੱਚ ਆ ਕੇ, ਉਸ ਦੇ ਰਸਤੇ ਦਾ ਕਿਹੜਾ ਕੰਮ ਕੀਤਾ ਹੈ? ਸੁਆਲ ਤਾਂ ਏਨਾ ਹੀ ਹੈ। ਅਕਲਮੰਦ ਬੰਦਾ ਜ਼ਰੂਰ ਪੁੱਛੇਗਾ, ਕਿ ਹੇ ਮੇਰੇ ਸਰੀਰ! ਤੂੰ ਸਦਾ ਤਾਂ ਰਹਿਣਾ ਨਹੀਂ। ਪਰ ਕੁਝ ਸਮੇਂ ਲਈ ਤੇਰਾ ਮੇਰਾ ਸਬੰਧ ਬਣਿਆ ਹੈ ਤੂੰ ਮੇਰਾ ਸਰੀਰ ਹੈਂ। ਮੈਂ ਤੈਨੂੰ ਪੁੱਛਦਾ ਹਾਂ ਕਿ ਜ਼ਿੰਦਗੀ ਦੇ ਏਨੇ ਸਾਲ ਬੀਤ ਗਏ ਹਨ। ਹਰ ਮਨੁੱਖ ਨੂੰ ਇਹ ਪ੍ਰਸ਼ਨ ਪੁੱਛਣਾ ਚਾਹੀਦਾ ਹੈ ਕਿ ਐ, ਮੇਰੇ ਸਰੀਰ! ਤੂੰ ਸੰਸਾਰ ਵਿੱਚ ਆ ਕੇ ਕੀ ਕੀਤਾ ਹੈ?

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
(ਪੰਨਾ ੯੨੨)

ਜਦੋਂ ਦਾ ਤੂੰ ਜਗ ਵਿੱਚ ਆਇਆ ਹੈਂ। ਤਦੋਂ ਦਾ ਤੂੰ ਕੀ ਕੀਤਾ ਹੈ? ਜਦੋਂ ਮੈਂ ਤੇਰੀ ਹਾਲਤ ਦੇਖਦਾ ਹਾਂ ਤਾਂ ਮੈਂ ਹੈਰਾਨ ਹੁੰਦਾ ਹਾਂ।

ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
(ਪੰਨਾ ੯੨੨)

ਜਿਸ ਪ੍ਰਭੂ ਨੇ ਤੈਨੂੰ ਜੀਵਨ ਪ੍ਰਦਾਨ ਕੀਤਾ ਹੈ। ਉਸ ਦੀ ਤਾਂ ਯਾਦ ਤੈਨੂੰ ਆਈ ਕੋਈ ਨਹੀਂ।

ਅਗਰ ਕੋਈ ਮਨੁੱਖ ਇਸ ਤਨ ਨੂੰ ਆਪਣਾ ਜਾਣ ਕੇ, ਇਸ ਪ੍ਰਸ਼ਨ ਦੇ ਰਸਤੇ ਚਲ ਪਏ ਤਾਂ ਉਹ ਪ੍ਰਮਾਤਮਾ ਤੱਕ ਪੁੱਜ ਜਾਏਗਾ। ਕਿਉਂਕਿ ਸ਼ਰਮਿੰਦਗੀ ਆਵੇਗੀ ਕਿ ਜ਼ਿੰਦਗੀ ਦੇ ਏਨੇ ਸਾਲ ਬੀਤ ਗਏ ਹਨ ਤੇ ਕਰਮ ਕੋਈ ਵੀ ਠੀਕ ਕਮਾਇਆ ਨਹੀਂ। ਫਿਰ ਇਹ ਗੁਰੂ ਦੀ ਲੋੜ ਨੂੰ ਮਹਿਸੂਸ ਕਰੇਗਾ। ਰਸਤਾ ਮਿਲ ਗਿਆ ਤਾਂ ਮੰਜ਼ਿਲ ਵੀ ਮਿਲ ਜਾਏਗੀ।

ਜਾਂ ਫਿਰ ਬੰਦਾ ਇਉਂ ਜਾਣੇ ਕਿ ਇਹ ਤਨ ਮੇਰਾ ਨਹੀਂ। ਫਿਰ ਉਸ ਪੱਖ ਦੇ ਤਰਕ ਲੈਣੇ ਪੈਣਗੇ ਕਿ ਤਨ, ਨਾਲ ਆਇਆ ਜ਼ਰੂਰ ਹੈ। ਪਰ ਨਾਲ ਜਾਏਗਾ ਨਹੀਂ। ਇੱਕੋ ਹੀ ਵਸਤੂ ਹੈ ਜੋ ਨਾਲ ਆਈ ਹੈ, ਉਹ ਹੈ ਸਿਰਫ ਤਨ। ਗੁਰੂ ਤੇਗ ਬਹਾਦਰ ਜੀ ਨੇ ਸੁਚੇਤ ਵੀ ਕੀਤਾ ਹੈ ਕਿ ਤਨ, ਨਾਲ ਆਇਆ ਜ਼ਰੂਰ ਹੈ, ਪਰ

ਜਾਏਗਾ ਨਹੀਂ। ਜਾਗ ਕੇ ਦੇਖੋ। ਜਿਸ ਤਨ ਨੂੰ ਆਪਣਾ ਸਮਝ ਕੇ, ਜਿਸ ਦੀਆਂ ਵਾਸ਼ਨਾਵਾਂ ਪੂਰੀਆਂ ਕਰਨ ਲਈ ਮਨੁੱਖ ਲਗਾ ਹੋਇਆ ਹੈ। ਇਹ ਤਨ ਕਦੇ ਕਿਸੇ ਨਾਲ ਨਹੀਂ ਨਿਭਿਆ।

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ।।
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ।।

(ਪੰਨਾ ੭੨੬)

ਜਾਣ ਵੇਲੇ ਤਨ ਤੇ ਆਦਮੀ ਦਾ ਕੋਈ ਸਾਥ ਨਹੀਂ ਜਾਂਦਾ । ਜੀਵਨ ਬੀਤ ਜਾਂਦਾ ਹੈ ਤੇ ਤਨ ਇੱਥੇ ਰਹਿ ਜਾਂਦਾ ਹੈ। ਇਸ ਵਾਸਤੇ ਇਹ ਤਨ ਕਿੰਨਾ ਕੁ ਬੰਦੇ ਦਾ ਹੋ ਸਕਦਾ ਹੈ? ਇਸ ਤਰ੍ਹਾਂ ਜੋ ਕੋਈ ਸੋਚੇ ਤਾਂ ਸਰੀਰ ਦੀਆਂ ਵਾਸ਼ਨਾਵਾਂ ਤੋਂ ਕਾਫੀ ਉੱਚਾ ਉੱਠ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਦੋਵੇਂ ਰਸਤੇ ਆਏ ਹਨ।

ਦੋਵਾਂ ਦੇ ਸੰਬੰਧ ਵਿੱਚ ਗੁਰਦੇਵ ਨੇ ਖੂਬ ਰਸਤਾ ਦਰਸਾਇਆ ਹੈ। ਕੋਈ ਇਸ ਮਾਰਗ ਤੇ ਚੱਲਦਾ ਹੈ ਕਿ ਇਹ ਤਨ ਮੇਰਾ ਹੈ। ਫਿਰ ਇਸ ਦੀ ਯਾਤਰਾ ਇਉਂ ਸ਼ੁਰੂ ਕਰਵਾਓ, ਕਿ ਜੇ ਤੂੰ ਮੇਰਾ ਹੈਂ, ਤਾਂ ਫਿਰ ਮੈਨੂੰ ਅਧਿਕਾਰ ਹੈ, ਤੈਨੂੰ ਪੁੱਛਣ ਦਾ ਕਿ ਤੂੰ ਕੀ ਕੀਤਾ ਹੈ? ਜਦੋਂ ਜੁਆਬ ਮਿਲੇ ਕਿ ਮੈਂ ਕੁਝ ਚੰਗਾ ਨਹੀਂ ਕੀਤਾ। ਦਰਅਸਲ ਆਪਣੇ ਪਾਸੋਂ ਕੋਈ ਕਿਵੇਂ ਛੁਪਾ ਸਕੇਗਾ? ਲੋਕਾਂ ਦੀਆਂ ਨਿਗਾਹਾਂ ਵਿੱਚ ਭਾਵੇਂ ਕੋਈ ਕੁਝ ਘੱਟਾ ਪਾ ਹੀ ਲਏ। ਬੁਰੇ ਕਰਮ ਕਮਾ ਕੇ ਵੀ ਚੰਗਾ ਬਣਨ ਦੀ ਕੋਸ਼ਿਸ਼ ਕਰੇਗਾ। ਧੋਖਾ ਕਰ ਸਕਦਾ ਹੈ। ਆਪਣੇ ਆਪ ਤੋਂ ਦੱਸੋ, ਕਿ ਕਿਵੇਂ ਕੋਈ ਛਿਪਾ ਲਏਗਾ? ਆਪਣੇ ਆਪ ਨੂੰ ਕੋਈ ਧੋਖਾ ਨਹੀਂ ਦੇ ਸਕਦਾ।

ਰਹੀ ਗੱਲ ਵਿਧੀ ਦੀ। ਵਿਧੀ ਦਾ ਵਰਨਣ ਗੁਰਬਾਣੀ ਅੰਦਰ ਅਨੇਕ ਢੰਗਾਂ ਨਾਲ ਕੀਤਾ ਗਿਆ ਹੈ। ਮਿਸਾਲ ਦੇ ਤੌਰ ਤੇ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਸੂਹੀ ਰਾਗ ਵਿੱਚ ਪਹਿਲਾ ਸ਼ਬਦ ਉਚਾਰਿਆ ਹੈ ਕਿ-

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ।।
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ।। ੧।।
ਜਪਹੁ ਤ ਏਕੋ ਨਾਮਾ।। ਅਵਰਿ ਨਿਰਾਫਲ ਕਾਮਾ।।

(ਪੰਨਾ ੭੨੮)

ਦਰਅਸਲ ਕੰਮ ਤਾਂ ਨਾਮ ਜਪਣ ਦਾ ਹੀ ਅਸਲੀ ਕੰਮ ਹੈ। ਬਾਕੀ ਪਦਾਰਥ ਦੀ ਨਿਆਈਂ ਹਨ। ਅੰਤ ਕਾਲ ਨਾਲ ਨਹੀਂ ਨਿਭਦੇ । ਪਰ ਜਪਣਾ ਕਿਵੇਂ ਹੈ? ਇਹ ਇੱਕ ਸਧਾਰਨ ਸੁਆਣੀ ਪੇਂਡੂ ਇਸਤਰੀ ਦੇ ਜੀਵਨ ਵਿਚੋਂ ਇੱਕ ਮਿਸਾਲ ਦਿੱਤੀ ਹੈ। ਭਾਂਡਾ ਸਾਫ ਕੀਤਾ ਜਾਂਦਾ ਹੈ। ਉਸ ਨੂੰ ਧੂਪ ਆਦਿਕ ਵੀ ਸੁਆਣੀਆਂ ਦਿੰਦੀਆਂ ਹਨ। ਫਿਰ ਉਸ ਵਿੱਚ ਦੁੱਧ ਪਾਇਆ ਜਾਂਦਾ ਹੈ। ਜਦੋਂ ਨਾਮ ਅੰਮ੍ਰਿਤ ਹਿਰਦੇ ਵਿੱਚ

ਪਾਉਣਾ ਹੈ ਤਾਂ ਕੁਝ ਵਿਕਾਰਾਂ ਦੀ ਮੈਲ ਦੂਰ ਕਰਨੀ ਹੈ। ਸ਼ੁੱਭ ਗੁਣਾਂ ਦੀ ਧੂਪ ਦੇਣੀ ਹੈ। ਗੁਣਾਂ ਦੀ ਸੁਗੰਧ ਆਉਣੀ ਚਾਹੀਦੀ ਹੈ। ਬਦਬੂ ਦਾ ਭਰਿਆ ਹੋਇਆ ਨਾ ਹੋਵੇ ਬੰਦਾ, ਤਾਂ ਫਿਰ-

ਤਉ ਦੂਧੈ ਕਉ ਜਾਵਹੁ (ਪੰਨਾ ੭੨੮)

ਫਿਰ ਗੁਰੂ ਕੋਲ ਨਾਮ ਪ੍ਰਾਪਤ ਕਰਨ ਲਈ।

ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥ (ਪੰਨਾ ੭੨੮)

ਦੁੱਧ ਨੂੰ ਫਿਰ ਜਾਗ ਲਾਉਣੀ ਹੈ। ਭਾਵ ਕਿ ਜਿਹੜੇ ਸੰਸਾਰ ਵਿੱਚ ਕਰਮ ਕਰਨੇ ਹਨ। ਜੇ ਇਨ੍ਹਾਂ ਨੂੰ ਇੱਕ ਢੰਗ ਨਾਲ ਦੁੱਧ ਕਹਿ ਲਿਆ ਜਾਏ ਤਾਂ ਸੁਰਤੀ ਦਾ ਜਾਗ ਲਾਉਣ ਦੀ ਲੋੜ ਹੈ। ਜਾਗ ਸ਼ਬਦ ਬੜਾ ਕੀਮਤੀ ਹੈ। ਜਾਗ ਦਾ ਇੱਕ ਅਰਥ ਤਾਂ ਇਹ ਹੈ ਕਿ ਜਿਵੇਂ ਦਹੀਂ ਦੀ ਫੁੱਟੀ, ਦੁੱਧ ਵਿੱਚ ਪਾ ਦੇਂਦੇ ਹਾਂ ਤਾਂ ਉਹ ਦਹੀਂ ਜਮਾਉਣ ਵਿੱਚ ਸਹਿਯੋਗੀ ਬਣਦੀ ਹੈ। ਜਾਗ ਦਾ ਇੱਕ ਅਰਥ ਹੈ ਜਾਗਣਾ। ਭਾਵ ਕਿ ਹੋਸ਼ ਵਿੱਚ ਰਹਿਣਾ। ਜਾਗ੍ਰਿਤ ਹੋ ਜਾਣਾ। ਸਾਧੂ ਪੁਰਸ਼ ਕੌਣ ਹੈ? ਭਾਵ ਕਿ ਜਿਹੜਾ ਜਾਗ੍ਰਿਤ ਹੈ। ਮਹਾਂਵੀਰ ਨੂੰ ਕਿਸੇ ਨੇ ਪੁਛਿਆ ਕਿ ਮੁਨੀ ਕੌਣ? ਤਾਂ ਉਹ ਆਖਣ ਲੱਗੇ ਕਿ ਅਸੁੱਤਾ ਮੁਨੀ। ਜੋ ਸੁੱਤਾ ਨਹੀਂ। ਜੋ ਜਾਗਦਾ ਹੈ, ਉਹ ਮੁਨੀ ਹੈ। ਸੁੱਤਾ ਅਮੁਨੀ ਹੈ। ਜੋ ਬੇਹੋਸ਼ ਹੈ। ਉਹ ਅਮੁਨੀ ਹੈ। ਉਹ ਮਾਰਗ ਤੋਂ ਥਿੜਕਿਆ ਹੋਇਆ ਹੈ। ਜ਼ਿੰਦਗੀ ਵਿੱਚ ਇੱਕ-ਇੱਕ ਕਦਮ ਹੋਸ਼ ਪੂਰਬਕ ਉਠਾਉਣਾ ਹੈ। ਜਾਗਦੇ ਰਹਿਣਾ ਹੈ। ਗੁਰਦੇਵ ਤਾਂ ਆਵਾਜ਼ ਦੇਂਦੇ ਹਨ।

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥ (ਪੰਨਾ ੭੨੬)

ਸੁਰਤੀ ਦਾ ਜਾਗ ਲਾਉਣ ਦਾ ਮਤਲਬ ਹੈ ਕਿ ਬੰਦਾ ਹਰ ਕਰਮ ਜਾਗ੍ਰਿਤ ਹੋ ਕੇ ਕਰੇ। ਜਦੋਂ ਵੀ ਮਨੁੱਖ ਜਾਗ੍ਰਿਤ ਹੋ ਕੇ ਕੋਈ ਕਰਮ ਕਰਦਾ ਹੈ ਤਾਂ ਉਹ ਨਿਸ਼ਚਿਤ ਹੀ ਬੁਰਾ ਨਹੀਂ ਹੋ ਸਕਦਾ। ਜਦੋਂ ਵੀ ਬੰਦਾ ਬੁਰਾਈ ਕਮਾਉਂਦਾ ਹੈ ਤਾਂ ਉਦੋਂ ਕਿਸੇ ਨਾ ਕਿਸੇ ਮਾਤਰਾ ਵਿੱਚ ਹੋਸ਼ ਦੀ ਸਤਾ ਤੋਂ ਹੇਠਾਂ ਡਿੱਗ ਪੈਂਦਾ ਹੈ। ਕ੍ਰੋਧ ਵਿੱਚ ਮਨੁੱਖ ਬਹੁਤ ਕੁਝ ਕਰ ਗੁਜਰਦਾ ਹੈ। ਬਾਅਦ ਵਿੱਚ ਪਛਤਾਉਂਦਾ ਹੈ। ਸਬੂਤ ਇਕੋ ਗੱਲ ਦਾ ਹੈ ਕਿ ਇਹ ਜਾਗ੍ਰਿਤ ਨਹੀਂ ਸੀ। ਜਪਣ ਵੇਲੇ ਉਹ ਸੰਸਾਰ ਦੇ ਹਰ ਕਰਮ ਵਿੱਚ ਸੁਰਤੀ ਦੀ ਜਾਗ ਲਾਉਂਦਾ ਹੈ।

ਆਸਾ ਅਤੇ ਤ੍ਰਿਸ਼ਨਾ ਤੋਂ ਮੁਕਤ ਹੋ ਕੇ ਇਸ ਨੂੰ ਜਮਾ ਲੈਣਾ ਚਾਹੀਦਾ ਹੈ। ਜਗੀ ਹੋਈ ਸੁਰਤ ਬੰਦੇ ਨੂੰ ਸਮਝਾ ਦੇਂਦੀ ਹੈ ਕਿ ਦੁੱਧ ਤੇ ਰੁੱਕ ਜਾਣਾ ਹੀ ਤੇਰੀ ਜ਼ਿੰਦਗੀ ਨਹੀਂ। ਤੂੰ ਦਹੀਂ ਹੋ ਸਕਦਾ ਹੈਂ। ਦਹੀਂ ਤੋਂ ਅੱਗੇ ਵੀ ਯਾਤਰਾ ਹੈ। ਫਿਰ ਉਸ ਨੂੰ

ਰਿੜਕਿਆ ਜਾਂਦਾ ਹੈ। ਫਿਰ ਸਾਰ ਤਤ ਪ੍ਰਾਪਤ ਹੁੰਦਾ ਹੈ।

ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥ ੧॥ ਰਹਾਉ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥
(ਪੰਨਾ ੭੨੮)

ਗਫ਼ਲਤ ਦੀ ਨੀਂਦ ਤੇਰਾ ਨੇਤਰਾ ਬਣ ਜਾਏ। ਨੀਂਦ ਮਨੁੱਖ ਨੂੰ ਸੁਆ ਦੇਂਦੀ ਹੈ ਤੇ ਬੰਦਾ ਸੱਚਾਈ ਤੋਂ ਦੂਰ ਹੋ ਜਾਂਦਾ ਹੈ। ਨੇਤਰਾ ਭਾਵ ਜਿਹੜਾ ਮਧਾਣੀ ਨੂੰ ਪਾਇਆ ਜਾਂਦਾ ਹੈ। ਉਹ ਜਾਗ੍ਰਿਤ ਦਾ ਹੋਵੇ। ਜਿਹੜੀਆਂ ਉਸ ਦੀਆਂ ਗੁੱਲੀਆਂ (ਈਂਟੀਆਂ) ਹਨ। ਬੰਦਾ ਮਨ ਨੂੰ ਪਕੜ ਲਏ ਤਾਂ ਸਮਝੋ ਕਿ ਗੁੱਲੀਆਂ ਪਕੜ ਲਈਆਂ ਹਨ। ਈਂਟੀਆਂ ਪਕੜ ਲਈਆਂ ਹਨ। ਹੁਣ ਮਧਾਣੀ ਚਲ ਸਕਦੀ ਹੈ। ਮਾਇਆ ਦੀ ਕਲਾ ਨੂੰ ਸਮਝਣ ਲਈ ਮਨ ਨੂੰ ਪਕੜਨਾ ਹੀ ਵੱਡੀ ਕਲਾ ਹੈ। ਇਹ ਵਿਧੀ ਜਪਣ ਦੀ ਹੈ। ਜਪਣ ਦੀ ਵਿਧੀ ਨੂੰ ਜਾਨਣਾ ਹੈ।

ਨੋਟ– ਜਪਣ ਦੀ ਪੂਰੀ ਵਿਧੀ ਸਿੱਖਣ ਲਈ ਮੇਰੀ ਲਿਖੀ ਹੋਈ ਪੁਸਤਕ "ਕੁਦਰਤ ਦੀ ਕਲਾ" ਪੜ੍ਹੋ?

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥ ੨॥
(ਪੰਨਾ ੭੨੮)

ਫਿਰ ਜ਼ੁਬਾਨ ਨਾਲ ਜਪਣਾ ਹੈ। ਮਨ ਕਿਤੇ ਹੋਰ ਹੈ ਪਰ ਜ਼ੁਬਾਨ ਜਪਦੀ ਹੈ। ਫਿਰ ਇਹ ਜਪਣਾ, ਜਪਣਾ ਨਹੀਂ। ਇਸ ਤਰ੍ਹਾਂ ਤਾਂ–

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥
(ਪੰਨਾ ੫੫੫)

ਰਾਮ ਰਾਮ ਆਖਿਆਂ ਹੀ ਰਾਮ ਨਹੀਂ ਮਿਲਦਾ। ਮਨ ਨੂੰ ਪਕੜਨਾ ਬੜਾ ਜ਼ਰੂਰੀ ਹੈ। ਉਸ ਇਕਾਗਰਤਾ ਵਿੱਚ ਸੁਰਤ ਸ਼ਬਦ ਦਾ ਮਿਲਾਪ ਕਰਕੇ, ਜਪਣਾ ਹੈ। ਗੁਰਦੇਵ ਇਹ ਕਹਿੰਦੇ ਹਨ ਕਿ ਉਹ ਕਿਹੜੀ ਵਿਧੀ ਹੈ, ਜਿਸ ਦੁਆਰਾ ਨਾਮ ਸਿਮਰਨ ਕੀਤਾ ਜਾਏ? ਉਹ ਵਿਧੀ ਪੈਦਾ ਕਰਨ ਵਾਲੀ ਕਿਹੜੀ ਮੱਤ ਹੈ? ਕਿਹੜੀ ਬੁੱਧ ਹੈ?

ਜਿਸ ਦੁਆਰਾ ਇਸ ਮਾਇਆ ਦੇ ਸਾਗਰ ਨੂੰ ਤਰਿਆ ਜਾ ਸਕਦਾ ਹੈ।

□□□□

ਸ਼ੈਤਾਨ ਤੇ ਮੌਤ ਦੀ ਕਲਾ

ਹਰ ਰੋਜ਼ ਇਸ ਦੁਨੀਆਂ ਵਿਚ ਥਾਂ-ਥਾਂ ਉਪਦੇਸ਼ ਕੀਤੇ ਜਾ ਰਹੇ ਹਨ। ਮਗਰ ਜਿਸ ਦੇ ਮਨ ਨੂੰ ਸ਼ੈਤਾਨ ਨੇ ਭਟਕਾ ਦਿੱਤਾ ਹੋਵੇ ਉਸ ਤੇ ਗੁਰ ਉਪਦੇਸ਼ ਦਾ ਅਸਰ ਬੜਾ ਘਟ ਹੁੰਦਾ ਹੈ। ਸ਼ੈਤਾਨ ਦੇ ਸਬੰਧ ਵਿਚ ਗੁਰਮਤਿ ਦਾ ਉਪਦੇਸ਼, ਦੁਨੀਆਂ ਦੇ ਉਪ੍ਰਦੇਸ਼ਾਂ ਨਾਲੋਂ ਬੜਾ ਅਨੋਖਾ ਹੈ। ਇਸਲਾਮ ਅਤੇ ਈਸਾਈ ਮੱਤ ਦੋਨਾਂ ਵਿਚ ਸ਼ੈਤਾਨ ਦੀ ਚਰਚਾ ਕੁਝ ਹੋਰ ਢੰਗ ਨਾਲ ਆਈ ਹੈ। ਸੰਖੇਪ ਜਿਹਾ ਵਿਚਾਰ ਕਰ ਲੈਂਦੇ ਹਾਂ ਕੰਮ ਆਵੇਗਾ।

ਕੁਰਾਨ ਵਿਚ ਜੋ ਚਰਚਾ ਹੈ ਉਹ ਇਸ ਤਰ੍ਹਾਂ ਹੈ ਕਿ ਖੁਦਾ ਨੇ ਜਦੋਂ ਪਹਿਲਾਂ ਪਹਿਲਾਂ ਆਦਮੀ ਦੀ ਸਿਰਜਣਾ ਕੀਤੀ। ਯਾਨੀ ਕਿ ਆਦਮੀ ਨੂੰ ਸਿਰਜਿਆ ਤਾਂ ਸਾਰੇ ਫਰਿਸ਼ਤਿਆਂ ਨੂੰ ਖੁਦਾ ਨੇ ਹਦਾਇਤ ਕੀਤੀ ਕਿ ਇਸ ਆਦਮ ਨੂੰ ਤੁਸੀਂ ਸਾਰੇ ਸੱਯਦਾ ਕਰੋ? ਨਮਸ਼ਕਾਰ ਕਰੋ? ਸ਼ੈਤਾਨ ਵੀ ਸਾਰੇ ਫਰਿਸ਼ਤਿਆਂ ਵਿਚੋਂ ਇਕ ਸੀ। ਕਹਿੰਦੇ ਹਨ ਕਿ ਸ਼ੈਤਾਨ ਕੇਵਲ ਅਗਨੀ ਦੇ ਤਤ ਤੋਂ ਬਣਿਆ ਸੀ। ਇਹ ਕੁਰਾਨ ਦਾ ਉਲੇਖ ਹੈ। ਕੁਰਾਨ ਵਿਚ ਜ਼ਿਕਰ ਹੈ ਕਿ ਸ਼ੈਤਾਨ ਕੇਵਲ ਅਗਨ ਦਾ ਬਣਿਆ ਸੀ। ਆਦਮ ਮਿੱਟੀ ਤੋਂ ਪੈਦਾ ਹੋਇਆ ਸੀ। ਬਾਕੀ ਸਾਰੇ ਫਰਿਸ਼ਤਿਆਂ ਨੇ ਖੁਦਾ ਦੀ ਆਗਿਆ ਨੂੰ ਮੰਨ ਕੇ ਆਦਮ ਦੇ ਅਗੇ ਨਮਸ਼ਕਾਰ ਕਰ ਦਿੱਤੀ। ਸੱਯਦਾ ਕੀਤਾ, ਮਗਰ ਸ਼ੈਤਾਨ ਨੇ ਇਨਕਾਰ ਕਰ ਦਿੱਤਾ। ਸ਼ੈਤਾਨ ਨੇ ਕਿਹਾ ਕਿ ਮੈਂ ਆਦਮ ਨੂੰ ਸੱਯਦਾ ਨਹੀਂ ਕਰਾਂਗਾ। ਖੁਦਾ ਨੇ ਪੁਛਿਆ ਕਿਉਂ? ਤਾਂ ਸ਼ੈਤਾਨ ਨੇ ਜੁਆਬ ਦਿੱਤਾ ਕਿ ਮੈਂ ਆਦਮ ਨਾਲੋਂ ਵੱਡਾ ਹਾਂ। ਮੈਂ ਅਗਨੀ ਦੇ ਤੱਤ ਤੋਂ ਬਣਿਆ ਹਾਂ। ਇਹ ਮਿੱਟੀ ਦਾ ਪੁਤਲਾ ਮੇਰੇ ਤੋਂ ਬਹੁਤ ਥੱਲੇ ਹੈ। ਮੈਂ ਮਿੱਟੀ ਦੇ ਬਣੇ ਇਨਸਾਨ ਨੂੰ ਨਮਸ਼ਕਾਰ ਨਹੀਂ ਕਰ ਸਕਦਾ। ਮੈਂ ਐਸਾ ਨਹੀਂ ਕਰ ਸਕਦਾ। ਖੁਦਾ ਨੇ ਸ਼ੈਤਾਨ ਨੂੰ ਕਿਹਾ ਕਿ ਤੂੰ "ਮਲਊਨ" ਹੈਂ ਭਾਵ ਕਿ ਧ੍ਰਿਗਾਰਤ ਕਹਿ ਕੇ ਸ਼ੈਤਾਨ ਨੂੰ ਆਪਣੇ ਬਹਿਸ਼ਤ ਵਿਚੋਂ ਨਿਕਲ ਜਾਣ ਲਈ ਹੁਕਮ ਦੇ ਦਿੱਤਾ। ਸ਼ੈਤਾਨ ਨੇ ਨਿਕਲਣ ਵੇਲੇ ਖੁਦਾ ਨੂੰ ਆਖਿਆ ਕਿ ਤੁਸੀਂ ਮੇਰਾ ਅਪਮਾਨ ਕਰ ਰਹੇ ਹੋ। ਏਸ ਦਾ ਬਦਲਾ ਮੈਂ ਲਵਾਂਗਾ। ਬਦਲਾ ਮੈਂ ਇਸ ਤਰ੍ਹਾਂ ਲਵਾਂਗਾ ਕਿ ਏਸੇ ਆਦਮੀ ਨੂੰ, ਮੈਂ ਤੁਹਾਡੀ ਇਬਾਦਤ ਤੋਂ ਦੂਰ ਲੈ ਜਾਵਾਂਗਾ। ਭਟਕਾ ਦਿਆਂਗਾ। ਤੁਹਾਡੇ ਅਹਿਸਾਨਾਂ ਦੀ ਕਲਾ ਨੂੰ ਤੱਕ ਕੇ ਵੀ ਇਹ ਆਦਮੀ ਤੁਹਾਡਾ ਸ਼ੁਕਰ ਗੁਜ਼ਾਰ ਨਹੀਂ ਬਣੇਗਾ। ਸ਼ੈਤਾਨ ਨੇ ਖੁਦਾ ਨੂੰ ਕਿਹਾ ਕਿ ਮੈਂ ਏਸ ਆਦਮ ਨੂੰ ਐਸਾ ਹੀ ਭਟਕਾਵਾਂਗਾ। ਇਹ ਇਕ ਛੋਟੀ ਜਿਹੀ ਕਥਾ, ਕੁਰਾਨ ਦੀਆਂ

ਆਇਤਾਂ ਵਿਚ ਇਸ ਤਰ੍ਹਾਂ ਹੀ ਦਰਜ ਹੈ। ਬੜੀ ਭਾਵਪੂਰਤ ਹੈ। ਇਹ ਕਥਾ, ਸਮਝਣ ਯੋਗ ਹੈ। ਏਸ ਕਥਾ ਨੂੰ ਸਮਝ ਲਿਆ ਜਾਵੇ ਤਾਂ ਆਦਮੀ ਨੂੰ ਆਪਣੇ ਮੂਲ ਦਾ ਹੀ ਪਤਾ ਲੱਗ ਸਕਦਾ ਹੈ। ਇਸ ਕਥਾ ਦੇ ਦੋ ਭਾਗ ਬਣੇ ਹਨ। ਇਕ ਇਹ ਹੈ ਕਿ ਪ੍ਰਮਾਤਮਾ ਦੇ ਮੁਕਾਬਲੇ ਤੇ ਕੋਈ ਫਰਿਸ਼ਤਾ ਖੜ੍ਹ ਕੇ ਚੈਲੰਜ ਕਰਦਾ ਹੈ ਕਿ ਤੁਸਾਂ ਮੈਨੂੰ ਅਪਮਾਨਤ ਕੀਤਾ ਹੈ ਤੇ ਮੈਂ ਤੁਹਾਡੀ ਖਲਕਤ ਨੂੰ ਏਨਾ ਭਟਕਾ ਦਿਆਂਗਾ ਕਿ ਖਲਕਤ ਤੁਹਾਡੀ ਇਬਾਦਤ ਨਹੀਂ ਕਰੇਗੀ। ਵੈਸੇ ਖੁਦਾ ਦਾ ਕੋਈ ਸ਼ਰੀਕ ਹੈ ਨਹੀਂ। ਕੁਰਾਨ ਦਾ ਹੀ ਏਹ ਵੀ ਫੈਸਲਾ ਹੈ ਕਿ ਖੁਦਾ ਲਾ-ਸ਼ਰੀਕ ਹੈ। ਪ੍ਰਮਾਤਮਾ ਦੇ ਮੁਕਾਬਲੇ ਦੀ ਕੋਈ ਹਸਤੀ ਨਹੀਂ। ਸ਼ੈਤਾਨ ਕੇਵਲ ਇਨਸਾਨ ਦਾ ਸ਼ਰੀਕ ਹੈ, ਭਗਵਾਨ ਦਾ ਸ਼ਰੀਕ ਨਹੀਂ ਹੈ। ਖੁਦਾ ਨੇ ਹੀ ਇਹ ਵਿਧੀ ਵੀ ਵਿਧਾਨ ਵਿਚ ਲਿਆਂਦੀ ਹੈ ਕਿ ਇਨਸਾਨ ਦੇ ਨਾਲ ਸ਼ੈਤਾਨ ਦਾ ਹੋਣਾ ਜ਼ਰੂਰੀ ਹੈ ਤਾਂਕਿ ਸ੍ਰਿਸ਼ਟੀ ਦੇ ਖੇਲ ਨੂੰ ਚਲਾਇਆ ਜਾ ਸਕੇ। ਹੈਰਾਨਗੀ ਦੀ ਗੱਲ ਇਹ ਹੈ ਕਿ ਜਦੋਂ ਇਸ ਸੰਸਾਰ ਦੀ ਹਾਲਤ ਨੂੰ ਪੜਚੋਲਿਆ ਜਾਵੇ ਤਾਂ ਇਨਸਾਨ ਨਾਲੋਂ ਸ਼ੈਤਾਨ ਜ਼ਿਆਦਾ ਤਾਕਤਵਰ ਤੇ ਜੇਤੂ ਦਿਖਾਈ ਦੇਂਦਾ ਹੈ। ਬੁਰਾਈ ਦਾ ਬੋਲ-ਬਾਲਾ ਜ਼ਿਆਦਾ ਹੈ। ਕਿਉਂਕਿ ਖੁਦਾ ਦੀ ਇਬਾਦਤ ਵਿਚ ਤਾਂ ਕਰੋੜਾਂ ਵਿਚੋਂ ਕੋਈ ਇਕ ਹੀ ਲਭਦਾ ਹੈ। ਪਰ ਜਿਨ੍ਹਾਂ ਨੂੰ ਸ਼ੈਤਾਨ ਨੇ ਆਪਣੇ ਰਸਤੇ ਤੋਰ ਲਿਆ ਹੈ ਉਹ ਅਨੇਕਾਂ ਹਨ। ਏਸ ਦਾ ਮਤਲਬ ਏਨਾ ਹੋਵੇਗਾ ਕਿ ਸ਼ੈਤਾਨ ਦੀ ਸ਼ਕਤੀ ਇਨਸਾਨ ਦੀ ਸ਼ਕਤੀ ਨਾਲੋਂ ਵਧੇਰੇ ਹੈ। ਖੁਦਾ ਨੇ ਤਾਂ ਇਕ ਸ਼ੈਤਾਨ ਨੂੰ ਝਿੜਕ ਕੇ ਬਹਿਸ਼ਤ ਵਿਚੋਂ ਕੱਢਿਆ ਸੀ। ਪਰ ਸ਼ੈਤਾਨ ਨੇ ਪੂਰੀ ਆਦਮ ਜਾਤ ਨੂੰ ਖੁਦਾ ਤੋਂ ਤੋੜ ਕੇ ਰਖ ਦਿੱਤਾ ਹੈ। ਖੁਦਾ ਦੇ ਬਚਿਆਂ ਨੂੰ ਖੁਦਾ ਤੋਂ ਦੂਰ ਕਰ ਦਿੱਤਾ ਹੈ। ਦਰਅਸਲ ਕਹਾਣੀ ਹੈ, ਸ੍ਰਿਸ਼ਟੀ ਦੇ ਖੇਲ ਦੀ। ਇਸਾਈਅਤ ਵਿਚ ਵੀ ਮਾਮੂਲੀ ਜਿਹੇ ਫਰਕ ਨਾਲ ਇਹ ਕਹਾਣੀ ਆਉਂਦੀ ਹੈ। ਇਸਾਈਅਤ ਵੀ ਸ਼ੈਤਾਨ ਦੀ ਧਾਰਨਾ ਨੂੰ ਮੰਨਦੀ ਹੈ। ਜਿਸ ਨੂੰ ਉਹ ਡੈਬਲ ਆਖਦੇ ਹਨ। ਇਸਾਈਅਤ ਦੀ ਪ੍ਰੇਰਨਾ ਦਾ ਸਰੋਤ ਵਖਰਾ ਹੈ। ਕਥਨ ਹੈ ਕਿ ਅਦਨ ਦੇ ਬਾਗ ਵਿਚ (ਐਡਮ ਐਂਡ ਈਵ) ਅੰਮਾ ਹਵਾ ਅਤੇ ਆਦਮ ਦੋ ਹਨ। ਇਨ੍ਹਾਂ ਦੋਵਾਂ ਨੂੰ ਪ੍ਰਮਾਤਮਾ ਆਖਿਆ ਸੀ ਕਿ ਤੁਸੀਂ ਇਸ ਬਾਗ ਵਿਚੋਂ ਸਭ ਕੁਝ ਖਾ ਸਕਦੇ ਹੋ ਪਰ ਇਕ ਦਰੱਖਤ ਦਾ ਫਲ ਨਾ ਖਾਣਾ ਅਤੇ ਨਾ ਹੀ ਇਸ ਦੀ ਜਾਣਕਾਰੀ ਕਰਨੀ। (Tree of Knowledge) ਇਹ ਗਿਆਨ ਦਾ ਬ੍ਰਿਛ ਹੈ। ਤੁਸੀਂ ਗਿਆਨ ਦੇ ਬ੍ਰਿਛ ਦਾ ਫਲ ਬਿਲਕੁਲ ਨਹੀਂ ਖਾਣਾ। ਖੁਦਾ ਨੇ ਆਦਮ ਤੇ ਹਵਾ ਨੂੰ ਇਹ ਮਨਾਹੀ ਕੀਤੀ ਸੀ। ਕੁਦਰਤੀ ਆਦਮੀ ਦਾ ਸੁਭਾਅ ਹੈ ਕਿ ਆਦਮੀ ਨੂੰ ਜਿਥੋਂ ਬਾਰ-ਬਾਰ ਰੋਕਿਆ ਜਾਵੇ ਤਾਂ ਆਦਮੀ ਬਾਰ-ਬਾਰ ਉਹੀ ਸੋਚਦਾ ਹੈ ਕਿ ਇਸ ਵਿਚ ਜ਼ਰੂਰ ਕੋਈ ਰਾਜ਼ ਹੋਵੇਗਾ। ਮਨ ਦੀ ਪ੍ਰੇਰਣਾ ਬਨਾਉਣ ਦਾ ਵਸੀਲਾ ਡੈਬਲ ਵਿਚ ਬਣਾ ਦਿੱਤਾ। ਸ਼ੈਤਾਨ ਆਦਮ ਤੇ ਹਵਾ ਕੋਲ ਆ ਗਿਆ। ਸ਼ੈਤਾਨ ਨੇ ਖੁਦਾ ਦੇ ਫੈਸਲੇ ਦੇ ਵਿਰੁੱਧ ਆਦਮ ਨੂੰ ਪ੍ਰੇਰਿਆ ਕਿ ਫਲ ਤਾਂ

ਅਸਲ ਵਿਚ ਇਸੇ ਦਰੱਖਤ ਦਾ ਖਾਣ ਵਾਲਾ ਹੈ। ਮਨ ਆਦਮ ਦਾ ਵੀ ਚਾਹੁੰਦਾ ਸੀ। ਸ਼ੈਤਾਨ ਦੀ ਪ੍ਰੇਰਣਾ ਨਾਲ ਆਦਮ ਤੇ ਹਵਾ ਨੇ ਗਿਆਨ ਦੇ ਬ੍ਰਿੱਛ ਦਾ ਫਲ ਖਾ ਲਿਆ। ਖਾਣ ਦਾ ਨਤੀਜਾ ਇਹ ਹੋਇਆ ਕਿ ਖੁਦਾ ਨਰਾਜ਼ ਹੋ ਗਿਆ। ਸੋਚਣ ਦੀ ਗੱਲ ਇਹ ਹੈ ਕਿ ਗਿਆਨ ਦੇ ਦਰੱਖਤ ਦਾ ਫਲ ਬੁਰਾ ਕਿਉਂ ਹੈ? ਕੀ ਗਿਆਨ ਬੁਰਾ ਹੈ? ਐਸਾ ਵੀ ਕੋਈ ਬਾਪ ਹੋਵੇਗਾ ਕਿ ਜੋ ਇਹ ਚਾਹੇ ਕਿ ਮੇਰਾ ਬੱਚਾ ਅਗਿਆਨੀ ਹੀ ਰਹਿ ਜਾਵੇ। ਹਰ ਬਾਪ ਦੀ ਇਹ ਤਮੰਨਾ ਹੈ ਕਿ ਮੇਰਾ ਬੱਚਾ ਵਧ ਤੋਂ ਵੱਧ ਗਿਆਨ ਦਾ ਫਲ ਚੱਖੇ। ਦਰਅਸਲ ਇਹ ਕਹਾਣੀ ਤਾਂ ਪ੍ਰਮਾਤਮਾ ਦੇ ਸ੍ਰਿਸ਼ਟੀ ਨੂੰ ਚਲਾਉਣ ਦੀ ਵਿਧੀ ਹੈ। ਵਿਧੀ ਦਾ ਗਿਆਨ ਹੀ ਵਿਧਾਤਾ ਦਾ ਗਿਆਨ ਹੋ ਸਕਦਾ ਹੈ। ਇਹ ਗਿਆਨ ਹੀ ਅਗਰ ਮਨੁੱਖ ਦੀ ਜ਼ਿੰਦਗੀ ਵਿਚੋਂ ਕੱਢ ਦਿੱਤਾ ਜਾਏ ਤਾਂ ਬਾਕੀ ਬਚਦਾ ਕੀ ਹੈ? ਇਹ ਗਿਆਨ ਹੀ ਹੈ ਕਿ ਮਨੁੱਖ ਨੇ ਆਪਣੇ ਤਨ ਨੂੰ ਢੱਕਣ ਤੋਂ ਲੈ ਕੇ ਸੂਰਜ ਚੰਦ ਤੇ ਸਾਰੇ ਬ੍ਰਹਿਮੰਡ ਦੀ ਜਾਣਕਾਰੀ ਕੀਤੀ ਹੈ। ਗਿਆਨ ਹੀ ਪ੍ਰਮਾਤਮਾ ਦੇ ਘਰ ਦਾ ਦਰਵਾਜ਼ਾ ਹੈ। ਬਿਨਾਂ ਗਿਆਨ ਤੋਂ ਆਦਮੀ ਅਧੂਰਾ ਹੈ। ਇਸ ਗਿਆਨ ਦਾ ਹੋਣਾ ਸਤਿਗੁਰ ਨੇ ਪ੍ਰਭੂ ਦੀ ਕ੍ਰਿਪਾ ਆਖਿਆ ਹੈ। ਗੁਰਦੇਵ ਨੇ ਕਥਨ ਕੀਤਾ ਹੈ:

ਸੋਈ ਭਗਤੁ ਗਿਆਨੀ ਧਿਆਨੀ ਤਪਾ ਸੋਈ ਨਾਨਕ ਜਾ ਕਉ ਕਿਰਪਾ ਕੀਜੈ॥

(ਪੰਨਾ ੬੭੮)

ਜਿਸ ਤੇ ਪ੍ਰਭੂ ਦੀ ਰਹਿਮਤ ਹੋ ਜਾਵੇ ਉਹੀ ਗਿਆਨਵਾਨ ਹੁੰਦਾ ਹੈ।

ਜ਼ਰਾ ਗੁਰਮਤਿ ਦੇ ਫਲਸਫੇ ਅਨੁਸਾਰ ਵੀ ਇਹ ਸਮਝੀਏ ਕਿ ਸ਼ੈਤਾਨ ਕੀ ਹੈ? ਗੁਰਦੇਵ ਨੇ ਅਨੇਕਾਂ ਰੂਪ ਵਿਚ ਉਪਦੇਸ਼ ਕੀਤਾ ਹੈ। ਇਕ ਉਪਦੇਸ਼ ਵਿਚ ਇਸ ਤਰ੍ਹਾਂ ਗੁਰਦੇਵ ਨੇ ਫੁਰਮਾਣ ਕੀਤਾ ਹੈ।

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥

ਸ਼ੈਤਾਨ ਦੀ ਪ੍ਰੀਭਾਸ਼ਾ ਹੈ ਕਿ ਜਿੰਨ ਜੰਗਲ ਨੂੰ ਸ਼ਹਿਰ ਮੰਨ ਲਿਆ ਹੈ। ਭਾਵ ਕਿ ਉਲਟੀ ਬਿਰਤੀ।

ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥

ਸ਼ੈਤਾਨ ਝੂਠ ਨੂੰ ਸੱਚ ਸਾਬਤ ਕਰਦਾ ਹੈ। ਬੰਦਾ ਸੰਸਾਰ ਦੀ ਸਾਰੀ ਝੂਠੀ ਸਮਗਰੀ ਨੂੰ ਤਾਂ ਮੰਨਦਾ ਹੈ। ਪਰ ਜੋ ਪ੍ਰਭੂ ਸਦੀਵੀ ਸੱਚ ਹੈ। ਉਸ ਤੇ ਇਸ ਦਾ ਵਿਸ਼ਵਾਸ ਨਹੀਂ ਬੱਝਦਾ।

ਕਾਮ ਕ੍ਰੋਧਿ ਅੰਹਕਾਰਿ ਫਿਰਹਿ ਦੇਵਾਨਿਆ॥
ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ॥
ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ॥੯॥

(ਪੰਨਾ ੭੦੭)

ਸਤਿਗੁਰ ਤੋਂ ਟੁਟ ਕੇ ਇਹ ਜੀਵ ਜਦੋਂ ਉਲਟੀ ਦਿਸ਼ਾ ਵਿਚ ਡੁਬ ਪੈਂਦਾ ਹੈ ਤਾਂ ਸ਼ੈਤਾਨ ਹੋ ਜਾਂਦਾ ਹੈ। ਜਦੋਂ ਗੁਰਮਤਿ ਗੁਆ ਬੈਠਦਾ ਹੈ ਤਾਂ ਰਸਤਾ ਪੁੱਠਾ ਅਖਤਿਆਰ ਕਰ ਲੈਂਦਾ ਹੈ। ਬਸ ! ਏਹੀ ਸ਼ੈਤਾਨ ਦਾ ਪ੍ਰਭਾਵ ਹੈ। ਏਸ ਤੋਂ ਬਚਣ ਦੀ ਜ਼ਰੂਰਤ ਹੈ। ਕਾਮ-ਕ੍ਰੋਧ ਆਦਿ ਵਿਕਾਰਾਂ ਨੇ ਇਸ ਆਦਮੀ ਨੂੰ ਬਉਰਾ ਬਣਾ ਦਿੱਤਾ ਹੈ। ਇਸ ਦੇ ਕਾਰਨ ਹੀ ਜੀਵ ਦੀ ਅਵਸਥਾ ਇਹ ਹੋ ਜਾਂਦੀ ਹੈ ਕਿ ਇਹ ਸ਼ੈਤਾਨ ਦੇ ਦਰਜੇ ਤੇ ਆਪ ਹੀ ਜਾ ਪਹੁੰਚਦਾ ਹੈ। ਇਨਸਾਨ ਹੋ ਕੇ ਵੀ ਸ਼ੈਤਾਨ ਹੋ ਜਾਂਦਾ ਹੈ। ਆਦਮੀ ਵਿਕਾਰਾਂ ਵਿਚ ਪੈ ਕੇ ਭਟਕ ਜਾਂਦਾ ਹੈ। ਫਿਰ ਇਹ ਪ੍ਰਮਾਤਮਾ ਤੋਂ ਜਨਮ ਦਰ ਜਨਮ ਦੂਰ ਹੀ ਹੁੰਦਾ ਜਾਂਦਾ ਹੈ। ਜਿਸ ਦੇ ਅੰਦਰ ਵਿਕਾਰ ਆਣ ਬੈਠਦੇ ਹਨ ਤਾਂ ਉਹ ਗਿਆਨ ਦੀ ਗੱਲ ਕਦੇ ਸੁਣਦਾ ਹੀ ਨਹੀਂ। ਉਪਦੇਸ਼ ਦੀ ਕਮੀ ਨਹੀਂ। ਉਪਦੇਸ਼ ਨਾਲ ਧਰਮ ਗ੍ਰੰਥ ਭਰਪੂਰ ਹਨ। ਪਰ ਵਿਕਾਰਾਂ ਦੀ ਗਰਦ ਆਦਮੀ ਨੂੰ ਏਨਾ ਭਟਕਾ ਰਹੀ ਹੈ ਕਿ ਇਸ ਆਦਮੀ ਦੇ ਚਿੱਤ ਵਿਚ ਸੱਚ ਵਸਦਾ ਹੀ ਨਹੀਂ ਹੈ। ਸਦਾ ਪੁੱਠਾ ਚਲਦਾ ਹੈ।

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥ ੫੦॥

ਮੁਸੱਲਾ ਦਾ ਅਰਥ ਹੈ, ਜਿਸ ਆਸਣ ਨੂੰ ਵਿਛਾ ਕੇ ਉਪਰ ਮੁਸਲਮਾਨ ਨਿਮਾਜ ਅਦਾ ਕਰਦਾ ਹੈ। ਮੁਸਲਮਾਨ ਆਪਣਾ ਮੁਸੱਲਾ ਹਮੇਸ਼ਾ ਆਪਣੇ ਕੋਲ ਯਾਤਰਾ ਦੌਰਾਨ ਰੱਖਦਾ ਹੈ। ਸੂਫ ਦਾ ਅਰਥ ਹੈ ਕਿ ਕਾਲੀ ਕਫਣੀ ਜੋ ਸੂਫੀ ਮੁਸਲਮਾਨਾਂ ਦਾ ਆਮ ਪਹਿਰਾਵਾ ਹੁੰਦਾ ਹੈ। ਦਰਅਸਲ ਫਰੀਦ ਸਾਹਿਬ ਜੀ ਬਾਹਰਲੇ ਧਾਰਮਿਕ ਭੇਸ ਬਾਰੇ ਅਤੇ ਅੰਦਰਲੀ ਅਸਲੀਅਤ ਬਾਰੇ ਦਰਸਾਉਣਾ ਚਾਹੁੰਦੇ ਹਨ, ਕਿ ਐ ਸੂਫੀ! ਤੂੰ ਆਪਣੇ ਮੋਢੇ ਤੇ ਮੁਸੱਲਾ ਰਖ ਲਿਆ। ਗਲ ਕਾਲੀ ਸੂਫ ਦਾ ਚੋਲਾ ਪਾਇਆ ਹੈ। ਮਗਰ ਦਿਲ ਵਿਚ ਧੋਖੇ ਦੀ ਕਾਤੀ ਯਾਨੀ ਛੁਰੀ ਰੱਖ ਲਈ ਹੈ। ਮੂੰਹੋਂ ਬੜਾ ਮਿਠੀਆਂ ਗੁੜ ਵਰਗੀਆਂ ਗੱਲਾਂ ਕਰਦਾ ਹੈ। ਲੋਕ ਤੇਰਾ ਭੇਸ ਦੇਖ ਕੇ, ਅਤੇ ਮੂੰਹੋਂ ਮਿਠੀਆਂ ਗੱਲਾਂ ਗੁੜ ਵਰਗੀਆਂ ਸੁਣ ਕੇ ਆਖਦੇ ਹਨ ਕਿ ਬੜਾ ਵੱਡਾ ਧਰਮਾਤਮਾ ਹੈ। ਪਰ ਫਰੀਦ ਸਾਹਿਬ ਕਹਿੰਦੇ ਹਨ ਨਹੀਂ:

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥ ੫੦॥

(ਸਲੋਕ ਫਰੀਦ ਜੀ, ਪੰਨਾ ੧੩੮੦)

ਬਾਹਰੋਂ ਜਿਹੜਾ ਪਹਿਰਾਵਾ ਹੈ, ਉਹ ਤਾਂ ਹੈ ਦਿਨ ਦੀ ਤਰ੍ਹਾਂ ਰੌਸ਼ਨ ਚਮਕਣ ਵਾਲਾ। ਲੇਕਿਨ ਅੰਦਰੋਂ ਏਸ ਧਰਮਾਤਮਾ ਦੀ ਅਵਸਥਾ ਅੰਧਿਆਰੀ ਰਾਤ ਵਰਗੀ ਕਾਲੀ ਹੈ। ਸਾਧੂ ਦੀ ਪਛਾਣ ਭੇਸ ਤੋਂ ਨਹੀਂ ਹੁੰਦੀ। ਅਵਸਥਾ ਤੋਂ ਹੁੰਦੀ ਹੈ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਕ ਜ਼ਿਕਰ ਕੀਤਾ ਹੈ:

ਗੁਛਾ ਹੋਇ ਧ੍ਰਿਕਾਣੂਆ ਕਿਉ ਵੜੀਐ ਦਾਖੈ।

ਨਿਰੇ ਰੂਪ ਤੋਂ ਹੀ ਦੇਖਣਾ ਹੋਵੇ ਤਾਂ, ਧਰੇਕ ਨੂੰ ਲਗੇ ਹੋਇ ਧ੍ਰਿਕੋਨਿਆਂ ਦੇ ਗੁਛੇ ਅਤੇ ਅੰਗੂਰਾਂ ਦੀਆਂ ਵੇਲਾਂ ਨੂੰ ਲਗੇ ਹੋਇ ਅੰਗੂਰਾਂ ਦੇ ਗੱਛੇ, ਦੋਵਾਂ ਦਾ ਰੰਗ ਰੂਪ ਇਕੋ ਜਿਹਾ ਹੈ। ਪਰ ਧਰੇਕਾਂ ਦੇ ਫਲ, ਅੰਗੂਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ।

ਆਕੈ ਕੇਰੀ ਖਖੜੀ, ਕੋਈ ਅੰਬੁ ਨ ਆਖੈ।

ਦੇਸੀ ਅੱਕ ਨੂੰ ਲਗੀਆਂ ਹੋਈਆਂ ਖਖੜੀਆਂ ਦੀ ਸ਼ਕਲ ਵੀ ਅੰਬਾਂ ਵਰਗੀ ਹੈ। ਪਰ ਕੋਈ ਉਹਨਾਂ ਨੂੰ ਅੰਬ ਨਹੀਂ ਆਖਦਾ। ਕਿਉਂਕਿ ਉਹਨਾਂ ਵਿਚ ਅੰਬਾਂ ਵਾਲੀ ਕੋਈ ਰਸ ਨਹੀਂ ਤੇ ਨਾ ਕੋਈ ਖਾਸੀਅਤ ਹੈ।

ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ॥

ਨਕਲੀ ਸੋਨੇ ਦਾ ਮੁਲੰਮਾਂ, ਯਾਨੀ ਕਿ ਪਾਣੀ ਚੜ੍ਹੇ ਗਹਿਣੇ, ਸੋਨੇ ਦਾ ਮੁਕਾਬਲਾ ਨਹੀਂ ਕਰ ਸਕਦੇ।

ਫਟਕ ਨ ਪੁਜਨਿ ਹੀਰਿਆਂ ਓਇ ਭਰੇ ਬਿਆਖੈ।

ਕੱਚ ਦੇ ਬਿਲੌਰ ਹੀਰਿਆਂ ਦਾ ਮੁਕਾਬਲਾ ਨਹੀਂ ਕਰ ਸਕਦੇ। ਹੀਰੇ ਵੇਚਿਆਂ ਤਾਂ ਖਜ਼ਾਨੇ ਭਰ ਜਾਂਦੇ ਹਨ, ਪਰ ਬਿਲੌਰ ਦਾ ਕੋਈ ਮੁਲ ਨਹੀਂ।

ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ।

ਲੱਸੀ ਤੇ ਦੁਧ ਦੋਵਾਂ ਦਾ ਰੰਗ ਤਾਂ ਸਫੇਦ ਹੈ, ਪਰ ਸੁਆਦ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ।

ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ।

(ਵਾਰ ਭਾਈ ਗੁਰਦਾਸ ਜੀ)

ਏਸੇ ਤਰ੍ਹਾਂ ਸਾਧੂ ਤੇ ਅਸਾਧੂ ਦੀ ਪਹਿਚਾਣ ਉਸ ਦੇ ਕਰਮ ਤੋਂ ਅਤੇ ਬਚਨਾਂ ਦੀ ਗਹਿਰਾਈ ਤੋਂ ਪਤਾ ਲਗਦੀ ਹੈ। ਇਸ ਲਈ ਬਾਹਰੋਂ ਭਾਵੇਂ ਮੁਸੱਲਾ ਵੀ ਮੋਢੇ ਤੇ ਰਖਿਆ ਹੈ। ਧਾਰਮਿਕ ਪਹਿਰਾਵਾ ਵੀ ਪਹਿਨਿਆ ਹੈ, ਪਰ ਦਿਲ ਵਿਚ ਛੁਰੀ ਤੇ ਜ਼ਬਾਨ ਤੋਂ ਮਿੱਠੀਆਂ-ਮਿੱਠੀਆਂ ਗੱਲਾਂ, ਧੋਖੇਬਾਜ਼ੀ ਦਾ ਸਬੂਤ ਹੈ। ਅੰਦਰੋਂ ਕਾਲੀ ਅੰਧਿਆਰੀ ਰਾਤ ਹੈ। ਬਾਹਰੋਂ ਚਾਨਣ ਦਾ ਭੇਖ ਹੈ।

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ॥
ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ॥ ੬੮॥

(ਪੰਨਾ ੧੩੮੧)

ਕਾਇਆ ਦੀ ਮਟਕੀ ਅਤੇ ਸੁਆਸਾਂ ਦੀ ਸੋਹਣੀ ਲੱਜ ਵੀ ਟੁਟ ਗਈ। ਜਿਹੜੇ ਸਜਣ ਇਸ ਧਰਤੀ ਤੇ ਆਪਣਾ ਭਾਰ ਲੈ ਕੇ ਫਿਰ ਰਹੇ ਹਨ। ਭੁਇ ਭਾਰ ਤੋਂ ਭਾਵ ਇਹ ਨਹੀਂ ਕਿ ਕੋਈ ਆਦਮੀ ਦਾ ਦੂਜਿਆਂ ਨਾਲੋਂ ਇਸ ਧਰਤੀ ਤੇ ਭਾਰ ਜ਼ਿਆਦਾ

ਹੈ। ਦਰਅਸਲ ਧਰਤੀ ਤੇ ਸਭ ਤੋਂ ਭਾਰਾ ਬੰਦਾ ਅਕ੍ਰਿਤਘਣ ਹੁੰਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸੁੰਦਰ ਦਰਸਾਇਆ ਹੈ ਕਿ ਜ਼ਮੀਨ ਤੇ ਬੋਝ ਬਹੁਤ ਹੈ। ਪੁਛਣ ਵਾਲੇ ਨੇ ਪੁਛਿਆ ਕਿ ਬੋਝ ਕਿਸ ਚੀਜ਼ ਦਾ ਹੈ? ਜਿਹੜੇ ਬਹੁਤ ਵੱਡੇ ਵੱਡੇ ਪਰਬਤ ਹਨ, ਏਨ੍ਹਾਂ ਦਾ ਧਰਤੀ ਤੇ ਬੋਝ ਹੈ? ਭਾਈ ਸਾਹਿਬ ਕਹਿਣ ਲਗੇ ਨਹੀਂ।

ਨਾ ਤਿਸੁ ਭਾਰੇ ਪਰਬਤਾਂ, ਅਸਮਾਨ ਖਹੰਦੇ।

ਅਸਮਾਨਾਂ ਨੂੰ ਛੂਹਣ ਵਾਲੇ ਹਿਮਾਲਿਆ ਵਰਗੇ ਪਰਬਤ ਵੀ ਇਸ ਧਰਤੀ ਤੇ ਬੋਝ ਨਹੀਂ ਹਨ ਪੁਛਿਆ ਕਿ ਲੋਕਾਂ ਦੀਆਂ ਮਹਿਲ ਮਾੜੀਆਂ ਅਤੇ ਹੁਕਮਰਾਨਾਂ ਦੇ ਵੱਡੇ-ਵੱਡੇ ਕਿਲ੍ਹੇ ਇਸ ਧਰਤੀ ਦਾ ਭਾਰ ਹੋਣਗੇ? ਭਾਈ ਸਾਹਿਬ ਕਹਿਣ ਲਗੇ ਕਿ ਨਹੀਂ। ਇਹ ਵੀ ਭਾਰੇ ਨਹੀਂ।

ਨਾ ਤਿਸੁ ਭਾਰੇ ਕੋਟਿ ਗੜ੍ਹ ਘਰ ਬਾਰ ਦਿਸੰਦੇ।

ਪੁਛਿਆ ਕਿ ਕੀ ਸਮੁੰਦਰਾਂ ਦੇ ਪਾਣੀ ਦਾ ਭਾਰ ਹੋਵੇਗਾ? ਨਦੀਆਂ ਦੇ ਵਹਿਣਾਂ ਦਾ ਬੋਝ ਹੋਵੇਗਾ? ਭਾਈ ਸਾਹਿਬ ਨੇ ਕਿਹਾ ਕਿ ਨਹੀਂ! ਇਹ ਵੀ ਨਹੀਂ।

ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।

ਫਿਰ ਪੁਛਿਆ ਕਿ ਇਸ ਧਰਤੀ ਤੇ ਬਨਸਪਤੀ ਬਹੁਤ ਹੈ। ਇਨ੍ਹਾਂ ਤਰ੍ਹਾਂ-ਤਰ੍ਹਾਂ ਦੇ ਬ੍ਰਿਛ ਬੂਟਿਆਂ ਦਾ ਭਾਰ ਹੋਵੇਗਾ? ਭਾਈ ਸਾਹਿਬ ਨੇ ਏਥੋਂ ਵੀ ਇਨਕਾਰ ਕੀਤਾ ਹੈ।

ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।

ਜਿੰਨੇ ਜੀਵ ਜੰਤੂ ਹਨ, ਏਨਾਂ ਦਾ ਵੀ ਧਰਤੀ ਤੇ ਕੋਈ ਭਾਰ ਨਹੀਂ ਹੈ। ਫਿਰ ਆਖਿਰ ਪੁਛਿਆ ਕਿ ਧਰਤੀ ਤੇ ਕੀ ਭਾਰ ਹੈ ਜਿਸ ਨੂੰ ਧਰਤੀ ਨਹੀਂ ਝਲਦੀ। ਤਾਂ ਭਾਈ ਸਾਹਿਬ ਕਹਿਣ ਲਗੇ, ਕਿ ਉਹ ਬੰਦੇ ਇਸ ਧਰਤੀ ਤੇ ਬੋਝ ਹਨ, ਜਿਹੜੇ ਸੰਸਾਰ ਤੇ ਆਏ ਤੇ ਭੇਜਣ ਵਾਲੇ ਨੂੰ ਭੁਲਾ ਦਿੱਤਾ। ਜਿਸ ਨੇ ਸਭ ਕੁਝ ਦਿੱਤਾ ਸੀ, ਉਸ ਦਾ ਸ਼ੁਕਰ ਕਰਨਾ ਵੀ ਭੁਲ ਗਏ। ਉਹੀ ਲੋਕ ਅਕ੍ਰਿਤਘਣ ਹੁੰਦੇ ਹਨ। ਉਹੀ ਲੋਕ ਇਸ ਧਰਤੀ ਦਾ ਬੋਝ ਤੁਰਿਆ ਫਿਰਦਾ ਹੈ। ਏਸ ਬੋਝ ਨੂੰ ਧਰਤੀ ਝਲਣ ਤੋਂ ਅਸਮਰਥ ਹੈ।

ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ। *(ਵਾਰ ਭਾਈ ਗੁਰਦਾਸ ਜੀ)*

ਭੈੜਿਆਂ ਵਿਚੋਂ ਭੈੜੇ ਉਹ ਮਨੁੱਖ ਜਿਨ੍ਹਾਂ ਨੇ ਪ੍ਰਭੂ ਦਾ ਸ਼ੁਕਰ ਨਹੀਂ ਕੀਤਾ। ਫਰੀਦ ਸਾਹਿਬ ਜੀ ਐਸੇ ਲੋਕਾਂ ਬਾਰੇ ਉਪਦੇਸ਼ ਦਰਸਾ ਰਹੇ ਹਨ। ਕਹਿੰਦੇ ਹਨ ਕਿ ਜਿਹੜੇ ਸੱਜਣ ਕੇਵਲ ਧਰਤੀ ਦਾ ਭਾਰ ਬਣੇ ਬੈਠੇ ਸਨ। ਉਹਨਾਂ ਕੋਲ ਜਦੋਂ ਵਕਤ ਸੀ ਤਾਂ ਉਦੋਂ ਪ੍ਰਮਾਤਮਾ ਨੂੰ ਉਨ੍ਹਾਂ ਜਪਿਆ ਨਹੀਂ। ਹੁਣ ਤਨ ਦੀ ਮਟਕੀ ਤੇ ਸੁਆਸਾਂ

ਦੀ ਲੱਜ ਵੀ ਟੁਟ ਗਈ ਹੈ। ਹੁਣ ਇਹ ਦੁਬਾਰਾ ਕਿਥੋਂ ਆਉਣਗੇ? ਇਹ ਵਿਅਰਥ ਚਲੇ ਗਏ ਹਨ। ਇਨ੍ਹਾਂ ਨੇ ਮਨੁੱਖਾ ਜਨਮ ਇਕ ਅੰਮ੍ਰਿਤ ਵੇਲਾ ਬਿਕਾਰ ਗਵਾ ਲਿਆ ਹੈ। ਇਹ ਸਮਾਂ ਬਾਰ-ਬਾਰ ਮਿਲਣ ਵਾਲਾ ਨਹੀਂ।

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥੭੦॥

ਐ ਨਿਮਾਜ ਤੋਂ ਹੀਣੇ! ਬੰਦਗੀ ਤੋਂ ਖਾਲੀ ਬੰਦੇ! ਤੇਰੀ ਹਾਲਤ ਕੂਕਰ (ਕੁੱਤੇ) ਵਰਗੀ ਹੈ ਕੁੱਤਾ ਵੀ ਓਹ ਜੋ ਕਿਸੇ ਖਸਮ ਦਾ ਨਹੀਂ ਬਣਿਆ ਹੈ। ਗੁਰੂ ਤੋਂ ਹੀਣੇ ਮਨੁੱਖ ਨੂੰ ਵੀ ਗੁਰਮਤਿ ਵਿਚ ਕੂਕਰ ਸੂਕਰ, ਕਾਂ, ਗਰਧਬ ਆਦਿਕ ਨਾਲ ਤੁਲਨਾ ਦਿੱਤੀ ਗਈ ਹੈ। ਸੱਪ ਦੀ ਨਿਆਈਂ ਆਖਿਆ ਗਿਆ ਹੈ। ਫਰੀਦ ਸਾਹਿਬ ਜੀ ਨੇ ਵੀ ਏਹੀ ਦਰਸਾਇਆ ਹੈ ਕਿ ਜਿਹੜੇ ਬੰਦੇ ਬੰਦਗੀ ਤੋਂ ਖਾਲੀ ਹਨ, ਉਹਨਾਂ ਬੰਦਿਆਂ ਨੂੰ ਬੰਦਾ ਕਹਿਣਾ, ਬੰਦੇ ਦੀ ਤੌਹੀਨ ਹੈ। ਐਸੇ ਲੋਕ ਕੁਤਿਆਂ ਦੀ ਨਿਆਈਂ ਹੀ ਹੁੰਦੇ ਹਨ। ਐਸੇ ਬੰਦੇ ਜ਼ਿੰਦਗੀ ਵਿਚ ਜਿਹੜੀ ਰੀਤ ਅਪਣਾਉਂਦੇ ਹਨ, ਜਿਸ ਢੰਗ ਨਾਲ ਇਹ ਜੀਵਨ ਬਰਬਾਦ ਕਰਦੇ ਹਨ। ਇਹ ਚੰਗਾ ਢੰਗ ਨਹੀਂ ਹੈ। ਇਨਸਾਨ ਹੋ ਕੇ ਕਿਉਂ ਹੈਵਾਨਾਂ ਵਾਲੇ ਕੰਮ ਕਰਦਾ ਹੈ ਇਹ ਬੰਦਾ? ਐ ਬੰਦੇ! ਤੈਨੂੰ ਮਨੁੱਖੀ ਜਾਮਾ ਮਿਲਿਆ ਹੈ। ਪਰ ਕੰਮ ਤੂੰ ਕੁਤਿਆਂ ਵਰਗੇ ਕਰੇਂ? ਇਹ ਤਾਂ ਕੋਈ ਚੰਗੀ ਗੱਲ ਨਹੀਂ। ਇਹ ਭਲੀ ਰੀਤ ਨਹੀਂ ਹੈ।

ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥੭੦॥

ਏਥੇ ਜ਼ਰਾ ਫਰੀਦ ਸਾਹਿਬ ਦੇ ਅੰਦਰਲੇ ਭਾਵ ਨੂੰ ਯਾਦ ਰਖਣਾ ਪਏਗਾ। ਤਨ ਦੀ ਮਸੀਤ ਵਿਚ ਮਨ ਮੌਲਾਨਾ ਹੈ। ਮਨ ਨੇ ਪੰਜ ਨਿਮਾਜਾਂ ਪੰਜ ਵਿਕਾਰਾਂ ਨੂੰ ਕਾਬੂ ਕਰਨ ਲਈ ਅਦਾ ਕਰਨੀਆਂ ਹਨ। ਫਰੀਦ ਜੀ ਕਹਿੰਦੇ ਹਨ ਕਿ ਐ ਬੰਦੇ! ਤੂੰ ਕਦੀ ਏਨਾ ਵੀ ਯਤਨ ਨਹੀਂ ਕੀਤਾ ਕਿ ਪੰਜਾਂ ਨੂੰ ਕਾਬੂ ਕਰਨ ਲਈ ਘੱਟ ਤੋਂ ਘੱਟ ਪੰਜ ਵਕਤ ਦਾ ਨਿਮਾਜੀ ਬਨਣ ਦਾ ਯਤਨ ਹੀ ਕਰ ਲਵਾਂ। ਏਨ੍ਹਾਂ ਪੰਜਾਂ ਨੇ ਹੀ ਤਾਂ ਸਾਰਾ ਜੀਵਨ ਬਰਬਾਦ ਕਰਨਾ ਹੈ। ਹਰ ਵੇਲੇ ਤਾਂ ਤੂੰ ਭਾਵੇਂ ਕੀ ਉਸ ਕਰਤਾ ਪੁਰਖ ਨੂੰ ਚੇਤੇ ਰਖਣਾ ਹੈ? ਤੂੰ ਕੇਵਲ ਪੰਜ ਵਾਰੀ ਹੀ ਯਾਦ ਰੱਖ। ਮੁਸਲਮਾਨ ਵੈਸੇ ਆਪਣੇ ਨਿਯਮ ਅਨੁਸਾਰ ਪੰਜ ਵੇਲੇ ਨਿਮਾਜ਼ ਅਦਾ ਕਰਦੇ ਹਨ। ਐ ਬੰਦੇ! ਤੂੰ ਇਬਾਦਤ ਤੋਂ ਹੀਣਾ ਹੋ ਗਿਆ ਹੈਂ। ਇਹ ਤੇਰੀ ਜ਼ਿੰਦਗੀ ਦਾ ਕਿਰਦਾਰ ਅਛਾ ਨਹੀਂ ਹੈ।

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥

ਐ ਬੰਦੇ! ਤੂੰ ਉਠ! ਗਫਲਤ ਵਿਚ ਨਾ ਸੌਂ? ਸੁਬਹ ਦੀ ਨਿਮਾਜ਼ ਅਦਾ ਕਰਨ ਲਈ ਉਜੂ ਸਾਜ। ਉਜੂ ਯਾਨਿ ਕਿ ਹੱਥ ਪੈਰ ਮੂੰਹ ਕੰਨ ਸਾਫ ਕਰ? ਮੁਸਲਮਾਨ ਨਿਮਾਜ਼ ਅਦਾ ਕਰਨ ਤੋਂ ਪਹਿਲਾਂ ਜਿਹੜਾ ਹੱਥ ਮੂੰਹ ਧੋ ਕੇ ਪੰਜ ਇਸ਼ਨਾਨਾ ਕਰਦੇ

ਹਨ, ਉਸ ਨੂੰ ਉਜੂ ਕਿਹਾ ਜਾਂਦਾ ਹੈ। ਫਰੀਦ ਸਾਹਿਬ ਜੀ ਕਹਿੰਦੇ ਹਨ ਕਿ ਸਵੇਰੇ ਉਠਿਆ ਕਰ ਅਤੇ ਉੱਦਮ ਦਾ ਧਾਰਨੀ ਵੀ ਬਣ। ਇਹ ਵੇਲਾ ਸੌਂ ਕੇ ਗਵਾਉਣ ਦਾ ਨਹੀਂ। ਜਾਗ ਕੇ, ਮਾਲਕ ਨੂੰ ਜਪ। ਪ੍ਰਮਾਤਮਾ ਦੇ ਸ਼ੁਕਰ ਵਿਚ ਜੁੜ ਜਾ। ਇਕ ਰਾਤ ਬੀਤ ਗਈ ਹੈ, ਚੜ੍ਹ ਰਿਹਾ ਸੂਰਜ ਤੇਰੇ ਜੀਵਨ ਵਿਚ ਇਕ ਹੋਰ ਨਵਾਂ ਦਿਨ ਲੈ ਕੇ ਆਇਆ ਹੈ। ਤੂੰ ਸ਼ੁਕਰ ਕਰ ਕਿ ਉਸਨੇ ਇਕ ਦਿਨ ਹੋਰ ਦਿੱਤਾ ਹੈ। ਆਦਮੀ ਸ਼ੁਕਰ ਘਟ ਕਰਦਾ ਹੈ। ਅਕ੍ਰਿਤਘਣਤਾ ਵਿਚ ਜ਼ਿਆਦਾ ਜੀਵਨ ਬਿਤਾਉਂਦਾ ਹੈ। ਜੇ ਇਕ ਦਿਨ ਸੁਬਹ ਉਠ ਕੇ ਦੋ ਪਲ ਇਹ ਬੰਦਾ ਜਪ ਲਏ, ਤਾਂ ਫਿਰ ਦੂਜਿਆਂ ਨੂੰ ਚਿਤਾਰਦਾ ਫਿਰਦਾ ਹੈ ਕਿ ਤੂੰ ਕਿੰਨੇ ਵਜੇ ਉਠਦਾ ਹੁੰਦਾ ਹੈ? ਦਰਅਸਲ ਉਸ ਦਾ ਮਤਲਬ ਇਹ ਹੁੰਦਾ ਹੈ ਕਿ ਉਹ ਮੈਨੂੰ ਵੀ ਪੁਛੇ ਕਿ ਤੂੰ ਕਿੰਨੇ ਵਜੇ ਉਠਦਾ ਹੁੰਦਾ ਹੈ? ਮੈਂ ਆਖਾਂ ਕਿ ਮੈਂ ਤਾਂ ਤਿੰਨ ਵਜੇ ਉਠ ਜਾਂਦਾ ਹਾਂ। ਹੰਕਾਰ ਨੂੰ ਟਿਕਣ ਲਈ ਸਾਡੀ ਬੰਦਗੀ ਵਿਚੋਂ ਵੀ ਥਾਂ ਮਿਲ ਜਾਂਦੀ ਹੈ। ਕਰਮ ਥੋੜ੍ਹਾ ਕਰਦੇ ਹਾਂ ਤੇ ਹਉਮੈ ਜ਼ਿਆਦਾ ਆ ਜਾਂਦੀ ਹੈ।

ਹਜਰਤ ਮੁਹੰਮਦ ਸਾਹਿਬ ਦੇ ਜੀਵਨ ਵਿਚ ਇਕ ਉਲੇਖ ਹੈ ਕਿ ਉਨ੍ਹਾਂ ਨੇ ਇਕ ਦਿਨ ਇਕ ਨੌਜਵਾਨ ਨੂੰ ਪ੍ਰੇਰਣਾ ਦਿੱਤੀ ਕਿ ਤੂੰ ਵੀ ਰੋਜ਼ ਸੁਬਹ ਉਠਿਆ ਕਰ ਅਤੇ ਅਲਾਹ ਦੀ ਇਬਾਦਤ ਕਰਿਆ ਕਰ? ਨੌਜਵਾਨ ਤੇ ਪ੍ਰੇਰਣਾ ਦਾ ਬੜਾ ਅਸਰ ਹੋਇਆ। ਅਗਲੇ ਦਿਨ ਸੁਬਹ ਦੀ ਨਿਮਾਜ਼ ਵਿਚ ਉਹ ਨੌਜਵਾਨ ਵੀ ਸ਼ਾਮਿਲ ਹੋ ਗਿਆ। ਅੱਜ ਉਹ ਨੌਜਵਾਨ ਨਿਮਾਜ਼ ਅਦਾ ਕਰਕੇ ਵਾਪਸ ਘਰ ਮੁੜ ਰਿਹਾ ਸੀ ਕਿ ਉਸ ਨੇ ਦੇਖਿਆ ਕਿ ਲੋਕ ਅਜੇ ਤੱਕ ਵੀ ਮੰਜੀਆਂ ਤੇ ਸੁਤੇ ਪਏ ਹਨ। ਲੋਕਾਂ ਨੂੰ ਸੁਤੇ ਤਕ ਕੇ ਮੁਹੰਮਦ ਸਾਹਿਬ ਨੂੰ ਆਖਦਾ ਹੈ ਕਿ ਹਜਰਤ! ਮੈਂ ਬੜਾ ਹੈਰਾਨ ਹਾਂ ਕਿ ਅਲਾਹ ਦੀ ਇਬਾਦਤ ਦਾ ਵੇਲਾ ਲੰਘਦਾ ਜਾ ਰਿਹਾ ਹੈ, ਪਰ ਇਹ ਲੋਕ ਮੂਰਖ ਅਜੇ ਤਕ ਸੁਤੇ ਪਏ ਹਨ? ਮੁਹੰਮਦ ਸਾਹਿਬ ਕਹਿਣ ਲਗੇ ਤੇਰੀ ਪੜ੍ਹੀ ਹੋਈ ਨਿਮਾਜ਼ ਵੀ ਕਜ਼ਾ ਹੋ ਗਈ ਹੈ। ਯਾਨੀ ਕਿ ਵਿਅਰਥ ਹੋ ਗਈ ਹੈ। ਅਜੇ ਕਲ੍ਹ ਤੱਕ ਤਾਂ ਤੂੰ ਵੀ ਇਨ੍ਹਾਂ ਲੋਕਾਂ ਵਿਚ ਸ਼ਾਮਿਲ ਸੈਂ। ਅੱਜ ਇਕ ਦਿਨ ਤੂੰ ਉਠਿਆ ਹੈਂ ਤੇ ਤੈਨੂੰ ਸਾਰੇ ਮੂਰਖ ਜਾਪਣ ਲਗ ਪਏ ਹਨ। ਇਹ ਤਾਂ ਤੂੰ ਉਲਟਾ ਅਸਰ ਲੈ ਬੈਠਾ ਹੈ। ਜਪਣਾ ਆਪਣੇ ਵਾਸਤੇ ਹੈ। ਪਰ ਨਾ ਜਪਣ ਵਾਲਿਆਂ ਨੂੰ ਪ੍ਰੇਮ ਨਾਲ ਕੇਵਲ ਪ੍ਰੇਰਣਾ ਹੀ ਕਰਨੀ ਹੈ। ਪਰ ਕਿਸੇ ਤੇ ਦਬਾ ਪਾ ਕੇ ਨਹੀਂ ਪ੍ਰੇਰਣਾ ਦਿੱਤੀ ਜਾ ਸਕਦੀ। ਫਰੀਦ ਜੀ ਦਾ ਉਪਦੇਸ਼ ਕਿ ਤੂੰ ਸੁਬਹ ਉਠ! ਸਾਵਧਾਨ ਹੋ। ਉਜੂ ਸਾਜ ਅਤੇ ਸੁਬਹ ਦੀ ਨਿਮਾਜ਼ ਅਦਾ ਕਰ?

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥ ੭੧॥

(ਸਲੋਕ ਫਰੀਦ ਜੀ, ਪੰਨਾ ੧੩੮੧)

ਜੋ ਸਿਰ ਸਦਾ ਆਕੜ ਵਿਚ ਹੀ ਰਿਹਾ ਹੈ ਖੁਦਾ ਅਗੇ ਕਦੇ ਝੁਕਦਾ ਹੀ ਨਹੀਂ। ਉਹ ਸਿਰ ਤਾਂ ਵੈਸੇ ਦੰਡ ਦਾ ਭਾਗੀ ਹੈ। ਸਜ਼ਾ ਦਾ ਹੱਕਦਾਰ ਹੈ। ਸਜ਼ਾ ਕੀ ਹੈ? ਕਿ

ਇਹ ਅਕ੍ਰਿਤਘਣ ਸਿਰ ਸੰਸਾਰ ਵਿਚ ਨਾ ਹੀ ਰਹੇ ਤਾਂ ਚੰਗਾ ਹੈ। ਕੀ ਕਰਨਾ ਹੈ ਇਸ ਨੂੰ?

ਦਰਅਸਲ ਸਿਰ ਦੇ ਅੰਦਰ ਹੀ ਮਤ ਹੈ, ਯਾਨੀ ਕਿ ਦਿਮਾਗ ਹੈ। ਦਿਮਾਗ ਦੇ ਅੰਦਰ ਸੋਚ ਹੈ। ਵਿਚਾਰ ਹੈ। ਜੈਸੀ ਬੰਦੇ ਦੀ ਵਿਚਾਰ ਹੋਵੇਗੀ, ਉਸ ਦੇ ਤਨ ਦੇ ਕਰਮ ਵੈਸੇ ਹੀ ਹੋਣਗੇ। ਜਿਸ ਆਦਮੀ ਦੀ ਸੋਚ ਤੇ ਵਿਚਾਰ ਖਰਾਬ ਹੈ, ਉਸ ਦੀ ਬੋਲੀ ਵੀ ਚੰਗੀ ਨਹੀਂ ਹੁੰਦੀ। ਜਿਸ ਦੀ ਸੋਚ ਚੰਗੀ ਨਹੀਂ, ਉਸ ਦੀ ਨਜ਼ਰ ਵੀ ਚੰਗੀ ਨਹੀਂ ਹੁੰਦੀ। ਉਹ ਮੈਲੀ ਅੱਖ ਨਾਲ ਹੀ ਦੇਖਦਾ ਹੈ। ਸਾਡੇ ਪਾਸ ਇਕ ਮੁਹਾਵਰਾ ਹੈ ਕਿ ਫਲਾਣੇ ਦੀ ਅੱਖ ਮੈਲੀ ਹੈ, ਇਸ ਦਾ ਮਤਲਬ ਇਹ ਨਹੀਂ ਕਿ ਅੱਖ ਵਿਚ ਕੋਈ ਮਿਟੀ ਪਈ ਹੁੰਦੀ ਹੈ। ਐਸੇ ਬੰਦੇ ਦੀ ਬਿਰਤੀ ਵਿਚ ਹੀ ਮੈਲ ਹੁੰਦੀ ਹੈ। ਐਸੀ ਮੈਲੀ ਸੋਚ ਵਿਚਾਰ ਵਾਲਾ ਸਿਰ ਕਟ ਕੇ ਉਤਾਰ ਦੇਣਾ ਚਾਹੀਦਾ ਹੈ। ਜਿਹੜਾ ਮਾਲਕ ਅਗੇ ਤਾਂ ਝੁਕਦਾ ਨਹੀਂ, ਪਰ ਵਿਕਾਰਾਂ ਲਈ ਹਰ ਬੁਰੀ ਸੋਚ ਸੋਚਦਾ ਹੈ।

ਦਰਅਸਲ ਫਰੀਦ ਸਾਹਿਬ ਜੀ ਜੋ ਉਪਦੇਸ਼ ਦਰਸਾਉਂਦੇ ਹਨ, ਉਸ ਦਾ ਭਾਵ ਹੈ ਕਿ ਐ ਬੰਦੇ! ਤੂੰ ਭੈੜੀ ਸੋਚ ਵਾਲਾ ਸਿਰ ਕਟ ਕੇ ਆਪਣੇ ਗੁਰੂ ਨੂੰ ਅਰਪਣ ਕਰ। ਗੁਰਮਤਿ ਇਸ ਸੀਸ ਵਿਚ ਗ੍ਰਹਿਣ ਕਰ। ਗੁਰੂ ਅਗੇ ਸਿਰ ਟੇਕਣ ਦਾ ਏਹੀ ਮਤਲਬ ਹੁੰਦਾ ਹੈ ਕਿ ਮੈਂ ਆਪਣੀ ਸੋਚ ਅਨੁਸਾਰ ਨਹੀਂ ਜਿਉਣਾ। ਮੈਂ ਗੁਰਮਤਿ ਅਨੁਸਾਰ ਜਿਉਣਾ ਹੈ। ਸਿਰ ਨੂੰ ਝੁਕਾਉਣ ਲਈ ਦਰ-ਦਰ ਦੀ ਲੋੜ ਨਹੀਂ ਹੁੰਦੀ। ਕੇਵਲ ਗੁਰੂ ਦਰ ਤੇ ਹੀ ਸਿਰ ਨੂੰ ਝੁਕਾਉਣਾ ਹੈ। ਸਿਆਣਿਆਂ ਦਾ ਕੌਲ ਹੈ ਕਿ:

ਜਿਸ ਦਰ ਪਰਿ ਸਰ ਨ ਝੁਕੇ ਉਸੇ ਦਰ ਨਹੀਂ ਕਹਿਤੇ॥
ਜੋ ਦਰ ਦਰ ਪਹਿ ਝੁਕੇ ਉਸੇ ਸਰ ਨਹੀਂ ਕਹਿਤੇ॥

ਜਿਹੜਾ ਦਰ-ਦਰ ਝੁਕਦਾ ਹੈ ਉਹ ਅਗਿਆਨੀ ਹੈ। ਇਸੇ ਲਈ ਦਰ-ਦਰ ਭਟਕਦਾ ਹੈ। ਜਿਹੜਾ ਗੁਰੂ ਤੇ ਪ੍ਰਮਾਤਮਾ ਦੇ ਦਰ ਤੇ ਵੀ ਨਾ ਝੁਕੇ ਉਹ ਸਿਰ ਵੀ ਫਿਰ ਸਿਰ ਨਾ ਹੋਇਆ। ਆਪਣੇ ਸਿਰ ਨੂੰ ਗੁਰੂ ਅਗੇ ਕਟ ਕੇ ਅਰਪਣ ਕਰਨਾ ਹੈ। ਫਰੀਦ ਜੀ ਅਗੇ ਦਰਸਾਉਂਦੇ ਹਨ ਕਿ:

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥੭੨॥

ਜੇ ਸਿਰ ਵਿਚੋਂ ਚੰਗੀ ਸੋਚ ਨਹੀਂ ਪੈਦਾ ਹੁੰਦੀ। ਗੁਰੂ ਤੇ ਮਾਲਕ ਅਗੇ ਵੀ ਨਹੀਂ ਝੁਕਦਾ ਤਾਂ ਇਸ ਸਿਰ ਨੂੰ ਕੀ ਕਰਨਾ ਹੈ। ਇਸ ਨੂੰ ਤਾਂ ਕਟ ਕੇ ਬਾਲਣ ਦੇ ਥਾਂ ਦਾਲ ਦੀ ਦੇਗ (ਹਾਂਡੀ) ਥਲੇ ਚੁਲ੍ਹੇ ਵਿਚ ਜਲਾ ਦੇਣਾ ਚਾਹੀਦਾ ਹੈ। ਤਾਂ ਵੀ ਇਹ ਅਰਥ ਆਵੇਗਾ।

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥
ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ॥ ੨੧॥
(ਪੰਨਾ ੧੩੭੮)

ਫਰੀਦ ਜੀ ਨੇ ਪਰਾਇਆਂ ਲੋਕਾਂ ਦੀ ਆਸ ਵਿੱਚ ਜਿਊਣ ਵਾਲਿਆਂ ਪ੍ਰਤਿ ਉਪਦੇਸ਼ ਕੀਤਾ ਹੈ। ਜੋ ਲੋਕ ਆਪ ਉੱਦਮ ਨਹੀਂ ਕਰਦੇ, ਪਰ ਦੂਜਿਆਂ ਦੀ ਆਸ ਉੱਪਰ ਜੀਵਨ ਜਿਊਣਾ ਚਾਹੁੰਦੇ ਹਨ। ਐਸੇ ਲੋਕ ਆਲਸੀ ਹੁੰਦੇ ਹਨ। ਫਰੀਦ ਜੀ ਨੇ ਜੀਵਨ ਦੀਆਂ ਬੜੀਆਂ ਹੀ ਨਿਰੋਲ ਸਚਾਈਆਂ ਨੂੰ ਬਿਆਨਿਆ ਹੈ।

ਆਪਣੇ ਉਪਦੇਸ਼ ਵਿੱਚ ਆਲਸੀ ਜੀਵਨ ਬਾਰੇ ਬਾਬਾ ਜੀ ਦਰਸਾ ਰਹੇ ਹਨ। ਸੰਸਾਰ ਵਿਚ ਤਿੰਨ ਪਾਪ ਬੜੇ ਮਹਾਨ ਪਾਪ ਮੰਨੇ ਗਏ ਹਨ। ਜਿਹੜਾ ਆਦਮੀ ਆਪਣੇ ਜੀਵਨ ਨੂੰ ਏਨ੍ਹਾਂ ਤਿੰਨਾਂ ਪਾਪਾਂ ਤੋਂ ਬਚਾ ਲਏ ਉਹ ਜੀਵਨ ਵਿਚ ਕਾਮਯਾਬ ਹੋ ਜਾਂਦਾ ਹੈ। ਇਕ ਤਾਂ ਹੈ ਕਿ ਪ੍ਰਮਾਤਮਾ ਤੋਂ ਬੇਮੁਖ ਹੋਣਾ। ਗੁਰੂ ਤੋਂ ਬੇਮੁਖ ਹੋਣਾ, ਭਾਵ ਕਿ ਪ੍ਰਮਾਤਮਾ ਦੀ ਹਸਤੀ ਤੋਂ ਇਨਕਾਰ ਕਰਨਾ ਅਤੇ ਨਿਗੁਰਾ ਰਹਿਣਾ। ਭਾਈ ਗੁਰਦਾਸ ਜੀ ਦਾ ਉਪਦੇਸ਼ ਹੈ ਕਿ ਸਾਰੀ ਦੁਨੀਆਂ ਦੇ ਪਾਪੀ ਤੇ ਪਾਪਾਂ ਦਾ ਜੋੜ ਉਸ ਮਨੁੱਖ ਦੇ ਇਕ ਰੋਮ ਬਰਾਬਰ ਵੀ ਨਹੀਂ ਜਿਹੜਾ ਨਿਗੁਰਾ ਹੈ।

ਲਖ ਕਰੋੜੀ ਜੋੜੀਅਨਿ ਅਣ ਗਣਤ ਅਪਾਰੇ॥
ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥
(ਭਾਈ ਗੁਰਦਾਸ ਜੀ)

ਦੂਜਾ ਪਾਪ ਹੈ ਦੂਜਿਆਂ ਦਾ ਦਿਲ ਦੁਖਾਉਣਾ। ਦੂਜਿਆਂ ਦੇ ਦਿਲਾਂ ਵਿਚ ਰਬ ਵਸਦਾ ਹੈ। ਆਪਣੇ ਸੁਖ ਵਾਸਤੇ ਦੂਜੇ ਨੂੰ ਦੁਖੀ ਕਰਨਾ ਦੂਜਾ ਮਹਾਨ ਪਾਪ ਹੈ। ਤੀਜਾ ਵੱਡਾ ਪਾਪ ਮੰਨਿਆ ਹੈ ਆਲਸੀ ਹੋਣ ਨੂੰ। ਆਲਸੀ ਆਦਮੀ ਦਾ ਜੀਵਨ ਲੁਟਿਆ ਜਾਂਦਾ ਹੈ। ਆਲਸੀ ਦੀ ਮੰਗ ਬਹੁਤ ਹੁੰਦੀ ਹੈ ਪਰ ਉਹ ਕਰਦਾ ਕੱਖ ਨਹੀਂ। ਆਲਸੀ ਦਾ ਸਭ ਕੁਝ ਹੀ ਲੁਟਿਆ ਜਾਂਦਾ ਹੈ। ਆਲਸੀ ਦਾ ਅੰਮ੍ਰਿਤ ਵੇਲਾ ਲੁਟਿਆ ਜਾਂਦਾ ਹੈ, ਸੇਵਾ ਲੁਟੀ ਜਾਂਦੀ ਹੈ, ਸਿਮਰਨ ਵੀ ਲੁਟਿਆ ਜਾਂਦਾ ਹੈ। ਅਖੀਰ ਸਾਰਾ ਜੀਵਨ ਹੀ ਲੁਟਿਆ ਜਾਂਦਾ ਹੈ। ਆਲਸੀ ਦਾ ਜੀਵਨ ਸਾਰੇ ਗੁਣਾਂ ਤੋਂ ਸੱਖਣਾ ਹੀ ਰਹਿ ਜਾਂਦਾ ਹੈ। ਇਕ ਪੁਰਾਣੀਆਂ ਕਥਾਵਾਂ ਵਿਚ ਕਥਾ ਹੈ। ਇਕ ਰਾਜੇ ਨੇ ਵੇਖਿਆ ਕਿ ਉਸ ਦੇ ਰਾਜ ਵਿਚ ਬਹੁਤ ਲੋਕ ਵਿਹਲੜ ਤੇ ਆਲਸੀ ਹੋ ਗਏ ਹਨ। ਕਰਦੇ ਕੁਝ ਨਹੀਂ; ਪਰ ਮੰਗਦੇ ਬਹੁਤ ਕੁਝ ਹਨ। ਰਾਜੇ ਨੂੰ ਬੜੀ ਚਿੰਤਾ ਹੋਈ ਕਿ ਜੇ ਉੱਦਮ ਤੇ ਮਿਹਨਤ ਕਰਨ ਵਾਲੇ ਘਟ ਜਾਣ ਤਾਂ ਰਾਜ ਦੀ ਉੱਨਤੀ ਰੁੱਕ ਜਾਂਦੀ ਹੈ। ਰਾਜੇ ਨੇ ਸਾਰੇ ਆਲਸੀ ਲੋਕਾਂ ਨੂੰ ਕ੍ਰਿਤ ਵਿਚ ਲਾਉਣ ਲਈ ਇਕ ਜੁਗਤਿ ਸੋਚੀ। ਰਾਜੇ ਨੇ ਆਪਣੇ ਸਾਰੇ ਰਾਜ ਵਿਚ ਐਲਾਨ ਕਰਵਾ ਦਿੱਤਾ ਕਿ ਜਿਹੜੇ ਲੋਕ ਕੁਝ

ਨਹੀਂ ਕਰਨਾ ਚਾਹੁੰਦੇ ਉਨ੍ਹਾਂ ਸਾਰਿਆਂ ਨੂੰ ਰਾਜ ਵਲੋਂ ਸਭ ਕੁਝ ਮੁਫਤ ਦਿੱਤਾ ਜਾਵੇਗਾ। ਏਹ ਸਾਰੇ ਆਲਸੀ ਵੀ ਰਬ ਦੇ ਬਣਾਏ ਹਨ। ਇਸ ਕਰਕੇ ਹਰ ਤਰ੍ਹਾਂ ਦਾ ਪ੍ਰਬੰਧ ਖਾਣ, ਪੀਣ, ਪਹਿਨਣ ਤੇ ਰਿਹਾਇਸ਼ ਦਾ ਰਾਜੇ ਵਲੋਂ ਮੁਫਤ ਹੋਵੇਗਾ ਇਨ੍ਹਾਂ ਦਾ ਕੋਈ ਦੋਸ਼ ਨਹੀਂ ਹੈ। ਇਹਨਾਂ ਨੂੰ ਰਬ ਨੇ ਉੱਦਮ ਹੀ ਨਹੀਂ ਦਿੱਤਾ। ਕਹਿੰਦੇ ਹਨ ਕਿ ਇਹ ਐਲਾਨ ਸੁਣ ਕੇ ਬਹੁਤ ਆਲਸੀ ਇਕੱਠੇ ਹੋਣੇ ਸ਼ੁਰੂ ਹੋ ਗਏ। ਰਾਜੇ ਨੇ ਇਕ ਖੁਲ੍ਹੇ ਮੈਦਾਨ ਵਿਚ ਇਨ੍ਹਾਂ ਸਾਰਿਆਂ ਆਲਸੀਆਂ ਵਾਸਤੇ ਕੱਖਾਂ ਦੀਆਂ ਝੌਂਪੜੀਆਂ ਬਣਵਾ ਦਿੱਤੀਆਂ। ਇਕ ਇਕ ਆਲਸੀ ਆਦਮੀ ਨੂੰ ਉਹ ਝੌਂਪੜੀ ਅਲਾਟ ਕਰ ਦਿੱਤੀ। ਕਿਹਾ ਕਿ ਤੁਸੀਂ ਸਾਰੇ ਆਰਾਮ ਕਰੋ। ਤੁਹਾਨੂੰ ਸਭ ਕੁਝ ਮੁਫਤ ਮਿਲੇਗਾ ਪਰ ਨਾਲ ਰਾਜੇ ਨੇ ਇਕ ਸ਼ਰਤ ਰੱਖ ਦਿੱਤੀ ਕਿ ਇਹ ਪ੍ਰੀਖਿਆ ਹੋਵੇਗੀ ਕਿ ਤੁਸੀਂ ਸਾਰੇ ਆਲਸੀ ਹੋ। ਮੈਨੂੰ ਕੀ ਪਤਾ ਹੈ ਕਿ ਤੁਸੀਂ ਸਾਰੇ ਆਲਸੀ ਹੋ। ਜਿਹੜਾ ਅਸਲੀ ਆਲਸੀ ਹੋਇਆ, ਉਹ ਇਸ ਪ੍ਰੀਖਿਆ ਵਿਚ ਪਾਸ ਹੋਵੇਗਾ। ਬਾਕੀ ਫੇਲ੍ਹ ਹੋ ਜਾਣਗੇ। ਅਸਲੀ ਆਲਸੀ ਹੋਵੇਗਾ ਉਹ ਝੌਂਪੜੀ ਵਿਚੋਂ ਹਿਲੇਗਾ ਨਹੀਂ। ਕਿਤੇ ਕੁਝ ਨਹੀਂ ਕਰੇਗਾ। ਜੇ ਉਹ ਕੁਝ ਕਰਦਾ ਹੈ ਤਾਂ ਅਸਲੀ ਆਲਸੀ ਨਹੀਂ ਹੋ ਸਕਦਾ। ਨਾ ਭੁਖ ਲਈ, ਨਾ ਪਿਆਸ ਲਈ, ਬੇਸ਼ਕ ਇਨ੍ਹਾਂ ਝੌਂਪੜੀਆਂ ਨੂੰ ਅੱਗ ਵੀ ਲਗ ਜਾਏ। ਆਲਸੀ ਬੰਦਾ ਆਪਣੇ ਬਚਾਉ ਲਈ ਵੀ ਕੁਝ ਨਹੀਂ ਕਰੇਗਾ। ਆਲਸੀ ਕੀ ਅਤੇ ਬਚਾਉ ਕੀ? ਕਹਿੰਦੇ ਹਨ ਕਿ ਸਾਰੇ ਆਲਸੀਆਂ ਨੂੰ ਝੌਂਪੜੀਆਂ ਵਿਚ ਬੈਠਾ ਕੇ ਰਾਜੇ ਦੇ ਇਸ਼ਾਰੇ ਤੇ ਝੌਂਪੜੀਆਂ ਨੂੰ ਅੱਗ ਲਗਵਾ ਦਿੱਤੀ ਗਈ। ਸਾਰੇ ਆਲਸੀ ਦੌੜ ਕੇ ਬਾਹਰ ਆ ਗਏ। ਰਾਜੇ ਨੇ ਸਾਰਿਆਂ ਨੂੰ ਕਿਹਾ ਕਿ ਤੁਸੀਂ ਆਲਸੀ ਨਹੀਂ ਹੋ ਸਕਦੇ। ਜਿਹੜਾ ਬੰਦਾ ਮੌਤ ਕੋਲੋਂ ਬਚਾਅ ਕਰਨ ਲਈ ਦੌੜਦਾ ਹੈ, ਉਹ ਆਪਣੀ ਰੋਜ਼ੀ ਰੋਟੀ ਲਈ ਕਮਾਈ ਕਿਉਂ ਨਹੀਂ ਕਰ ਸਕਦਾ?

ਦਰਅਸਲ ਆਲਸੀ ਆਦਮੀ ਇਸ ਦੁਨੀਆਂ ਨੂੰ ਨਰਕ ਬਣਾ ਕੇ ਰਖ ਛਡਦੇ ਹਨ। ਆਲਸ ਤੇ ਬੇਮੁਖਤਾ ਦਾ ਆਪਸ ਵਿਚ ਬੜਾ ਪੱਕਾ ਰਿਸ਼ਤਾ ਹੈ। ਆਲਸੀ ਦਾ ਜੀਵਨ ਹਰ ਪਾਸਿਉਂ ਉਜੜਦਾ ਹੈ। ਮਨਮੁਖਾਂ ਨੂੰ ਬੜਾ ਆਲਸ ਹੁੰਦਾ ਹੈ ਅਤੇ ਮਨਮੁਖ ਦਾ ਜੀਵਨ ਸਦਾ ਉਜਾੜ ਵਿਚ ਫਸਿਆ ਰਹਿੰਦਾ ਹੈ।

ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ ॥ (ਪੰਨਾ ੧੦੧੧)

ਵੈਸੇ ਆਲਸੀ ਲੋਕ ਚੰਗੇ ਕੰਮਾਂ ਲਈ ਆਲਸ ਕਰ ਛਡਦੇ ਹਨ। ਬੁਰਿਆਈ ਕਰਨੀ ਹੋਵੇ ਤਾਂ ਆਲਸੀ ਲੋਕ ਵੀ ਸ਼ੇਰ ਵਾਂਗ ਤਾਕਤਵਰ ਹੋ ਉੱਠਦੇ ਹਨ।

ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ ॥ (ਪੰਨਾ ੫੧੮)

ਪਰ ਕੁਝ ਤਾਂ ਐਸੇ ਲੋਕ ਇਸ ਦੁਨੀਆ ਵਿਚ ਆਉਂਦੇ ਹਨ ਕਿ ਉਹ ਚੰਗਿਆਈ ਵੀ ਨਹੀਂ ਕਰਦੇ ਤੇ ਬੁਰਿਆਈ ਵੀ ਨਹੀਂ ਕਰਦੇ। ਬਸ! ਆਲਸੀ ਹਨ। ਸੁਤੇ ਹੋਏ

ਹਨ। ਜਿਹੜਾ ਬੁਰਿਆਈ ਲਈ ਉੱਠ ਖਲੋਵੇ ਫਿਰ ਵੀ ਉਸ ਵਿਚ ਉੱਦਮ ਹੁੰਦਾ ਹੈ ਪਰ ਕੋਈ ਉਠੇ ਹੀ ਨਾ ਸਮਝੋ ਕਿ ਮਰਿਆ ਹੋਇਆ ਹੈ। ਮੈਂ ਇਕ ਮਜ਼ਾਹੀਏ ਕੋਲੋਂ ਇਕ ਮਜ਼ਾਕ ਸੁਣਿਆ ਸੀ। ਇਕ ਬਲਦਾਂ ਦਾ ਗੱਡਾ ਆ ਰਿਹਾ ਸੀ। ਅਚਾਨਕ ਵੇਖਿਆ ਕਿ ਦੋ ਬੰਦੇ ਰਸਤੇ ਵਿਚ ਲੇਟੇ ਹੋਏ ਹਨ। ਉਸ ਗੱਡੇ ਵਾਲੇ ਨੇ ਆਵਾਜ਼ ਦੇ ਕੇ ਕਿਹਾ ਕਿ ਤੁਸੀਂ ਰਸਤੇ ਵਿਚੋਂ ਪਿਛੇ ਹਟੋ। ਥੱਲੇ ਆ ਜਾਉਗੇ। ਇਕ ਨੇ ਗੱਡੇ ਵਾਲੇ ਨੂੰ ਜੁਆਬ ਦਿੱਤਾ ਕਿ ਮੇਰੇ ਨਾਲ ਵਾਲਾ ਤਾਂ ਬੜਾ ਆਲਸੀ ਹੈ। ਏਸ ਨੇ ਤਾਂ ਉਠਣਾ ਨਹੀਂ। ਤੂੰ ਮੇਰੀਆਂ ਲੱਤਾਂ ਪਰ੍ਹਾਂ ਕਰਕੇ ਆਪਣਾ ਗੱਡਾ ਲੰਘਾ ਲੈ। ਗੱਡੇ ਵਾਲੇ ਨੇ ਕਿਹਾ ਭਾਈ! ਮੈਂ ਤੇਰੇ ਉੱਦਮ ਦੇ ਸਦਕੇ ਜਾਂਦਾ ਹਾਂ।

ਆਲਸੀਆਂ ਬਾਰੇ ਬੜੀਆਂ ਕਹਾਣੀਆਂ ਬਣੀਆਂ ਹੋਈਆਂ ਹਨ। ਮੈਂ ਪੁਰਾਣੀਆਂ ਕਹਾਣੀਆਂ ਵਿਚ ਇਕ ਕਹਾਣੀ ਪੜ੍ਹੀ ਸੀ। ਇਕ ਪਤੀ ਪਤਨੀ ਬੜੇ ਆਲਸੀ ਸਨ। ਏਥੋਂ ਤਕ ਆਲਸੀ ਸਨ ਕਿ ਰਾਤ ਨੂੰ ਸੌਣ ਵੇਲੇ ਉੱਠ ਕੇ ਦੀਵਾ ਬੁਝਾਉਣ ਦੀ ਆਪਸ ਵਿਚ ਵਾਰੀ ਬੰਨ੍ਹੀ ਹੋਈ ਸੀ। ਇਕ ਦਿਨ ਦੀ ਘਟਨਾ ਹੈ ਕਿ ਪਤੀ ਰਾਤ ਨੂੰ ਆਪਣੀ ਵਾਰੀ ਅਨੁਸਾਰ ਦੀਵਾ ਬੁਝਾਏ ਤੋਂ ਬਿਨਾਂ ਹੀ ਸੌਂ ਗਿਆ। ਪਤਨੀ ਨੇ ਸੁੱਤੇ ਹੋਏ ਪਤੀ ਨੂੰ ਜਗਾ ਕੇ ਕਿਹਾ ਕਿ ਤੁਸੀਂ ਆਪਣੀ ਵਾਰੀ ਨਾਲ ਦੀਵਾ ਕਿਉਂ ਨਹੀਂ ਬੁਝਾਇਆ? ਉਠੋ ਤੇ ਦੀਵਾ ਬੁਝਾ ਕੇ ਸੌਂਵੋ। ਪਤੀ ਬੜਾ ਆਲਸੀ ਸੀ। ਉਸ ਨੂੰ ਉਠਣਾ ਮੁਸ਼ਕਿਲ ਹੋ ਗਿਆ ਪਰ ਦੀਵਾ ਬੁਝਾਉਣ ਦੀ ਵਾਰੀ ਸੀ। ਉੱਠਣਾ ਪੈਣਾ ਸੀ। ਮੰਜੇ ਤੋਂ ਹੀ ਸੁਖਣਾ ਸੁਖਣੀਆਂ ਸ਼ੁਰੂ ਕਰ ਦਿੱਤੀਆਂ। ਲੰਮੇ ਪਏ ਨੇ ਹੀ ਹੱਥ ਜੋੜੇ ਤੇ ਕਿਹਾ, "ਹੇ ਭਗਵਤੀ ਮਾਤਾ! ਜੇ ਇਹ ਦੀਵਾ ਆਪੇ ਬੁਝ ਜਾਵੇ ਤਾਂ ਮੈਂ ਤੇਰੀ ਯਾਤਰਾ ਪਹਾੜਾਂ ਵਿਚ ਕਰਨ ਆਵਾਂਗਾ? ਕਰਨੀ ਕਰਤਾਰ ਦੀ ਐਸੀ ਹੋਈ ਕਿ ਇਕ ਪਤੰਗਾ ਦੀਵੇ ਦੀ ਲਾਟ ਵਿਚ ਆ ਵਜਿਆ ਤੇ ਦੀਵਾ ਬੁਝ ਗਿਆ। ਪਤਨੀ ਬੜੀ ਹੈਰਾਨ ਹੋਈ। ਕਹਿਣ ਲਗੀ ਕਿ ਤੁਸੀਂ ਏਨੀ ਵੱਡੀ ਸੁਖ ਸੁਖ ਲਈ ਹੈ। ਹੁਣ ਮੈਨੂੰ ਵੀ ਤੁਹਾਡੇ ਨਾਲ ਪਹਾੜਾਂ ਦੀ ਯਾਤਰਾ ਤੇ ਜਾਣਾ ਪਵੇਗਾ? ਪਰ ਮੇਰੇ ਕੋਲੋਂ ਤਾਂ ਪਹਾੜਾਂ ਵਿਚ ਆਪਣੇ ਆਪ ਨੂੰ ਨਹੀਂ ਘਸੀਟਿਆ ਜਾਣਾ। ਤੁਸੀਂ ਇਕੱਲੇ ਜਾਵੋਗੇ। ਤੁਸੀਂ ਸੁਖਣਾ ਸੁੱਖੀ ਸੀ ਦੀਵਾ ਬੁਝ ਗਿਆ ਹੈ। ਪਤੀ ਕਹਿਣ ਲਗਾ, ਤੂੰ ਬਿਲਕੁਲ ਪਾਗਲ ਹੈ। ਭਗਵਤੀ ਦੇਵੀ ਏਨੀ ਥੋੜੀ ਅਨਜਾਣ ਹੈ। ਕੀ ਉਸ ਨੂੰ ਏਹ ਨਹੀਂ ਪਤਾ ਕਿ ਜਿਹੜਾ ਆਦਮੀ ਦੀਵਾ ਬੁਝਾਉਣ ਲਈ ਨਹੀਂ ਉਠ ਸਕਦਾ, ਉਹ ਪਹਾੜਾਂ ਦੀ ਯਾਤਰਾ ਤੇ ਕਿਵੇਂ ਆ ਸਕਦਾ ਹੈ? ਇਹ ਤਾਂ ਉਸ ਪਤੰਗੇ ਦੀ ਬੜੀ ਮਿਹਰਬਾਨੀ ਹੈ। ਉਸਨੇ ਆਪਣੀ ਜਾਨ ਦੇ ਦਿੱਤੀ ਹੈ ਤੇ ਦੀਵਾ ਬੁਝਾ ਦਿੱਤਾ ਹੈ। ਆਪਾਂ ਸਵੇਰੇ ਉਠਾਂਗੇ ਤੇ ਦੀਵੇ ਨੇੜੇ ਪਤੰਗਾ ਮਰਿਆ ਪਿਆ ਹੈ ਉਸ ਦੀ ਪ੍ਰਕਰਮਾ ਕਰਾਂਗੇ। ਦੇਵੀ ਭਗਵਤੀ ਨੇ ਏਸੇ ਯਾਤਰਾ ਨੂੰ ਪ੍ਰਵਾਨ ਕਰ ਲੈਣਾ ਹੈ।

ਇੰਜ ਜਾਪਦਾ ਹੈ ਕਿ ਸਵਰਗਾਂ ਨਰਕਾਂ ਦੀਆਂ ਜਿੰਨੀਆਂ ਕਲਪਨਾਵਾਂ ਹੋਈਆਂ ਹਨ ਇਹ ਸਾਰੀਆਂ ਆਲਸੀ ਲੋਕਾਂ ਦੀਆਂ ਕੀਤੀਆਂ ਹੋਈਆਂ ਹਨ। ਆਲਸੀ ਦਾ ਸੁਭਾਅ ਹੁੰਦਾ ਹੈ ਕਿ ਬਿਸਤਰਾ ਕੋਈ ਵਿਛਾਏ ਤੇ ਮੈਂ ਸੌਂਵਾਂ। ਬੰਦਗੀ ਕੋਈ ਹੋਰ ਕਰੇ ਪਰ ਫਲ ਮੈਨੂੰ ਮਿਲੇ। ਕਮਾਏ, ਲਿਆਏ ਤੇ ਪਕਾਵੇ ਕੋਈ ਹੋਰ ਪਰ ਖਾਵਾਂ ਮੈਂ। ਆਲਸੀ ਚਾਹੁੰਦਾ ਹੈ ਕਿ ਮੈਂ ਕੁਝ ਵੀ ਨਾ ਕਰਾਂ ਪਰ ਮਿਲੇ ਸਭ ਕੁਝ ਹੀ। ਬਸ! ਸਵਰਗ ਦੀਆਂ ਇਸ ਤਰ੍ਹਾਂ ਦੀਆਂ ਕਲਪਨਾਵਾਂ ਕੀਤੀਆਂ ਹੋਈਆਂ ਮਿਲਦੀਆਂ ਹਨ। ਕਹਿੰਦੇ ਹਨ ਕਿ ਸਵਰਗਾਂ ਵਿਚ ਤਾਂ ਬੜਾ ਅੰਦਰੋਂ ਫੁਰਨਾ ਫੁਰਦਾ ਹੈ ਤੇ ਉਹੋ ਕੁਝ ਹੀ ਸਾਹਮਣੇ ਪੇਸ਼ ਹੋ ਜਾਂਦਾ ਹੈ। ਜੋ ਭੋਜਨ ਖਾਣਾ ਹੈ, ਜੋ ਪਹਿਨਣਾ ਹੈ, ਜੋ ਵੇਖਣਾ ਹੈ, ਅਤੇ ਜੋ ਭੋਗਣਾ ਹੈ। ਬਸ! ਫੁਰਨਾ ਕਰਨ ਦੀ ਦੇਰ ਹੈ ਉਹੋ ਕੁਝ ਹੀ ਪ੍ਰਗਟ ਹੋ ਜਾਂਦਾ ਹੈ। ਅਸਲ ਵਿਚ ਕਲਪਨਾ ਦਾ ਇਹ ਪਸਾਰਾ ਆਲਸੀ ਲੋਕਾਂ ਦੇ ਮਨ ਦੀ ਤਸੱਲੀ ਹੈ। ਵਾਸਤਵ ਵਿਚ ਸਵਰਗ ਨਰਕ ਇਸ ਧਰਤੀ ਤੋਂ ਬਾਹਰ ਕੋਈ ਨਹੀਂ ਹੈ। ਬਲਕਿ ਆਲਸੀ ਲੋਕ ਇਸ ਧਰਤੀ ਨੂੰ ਵੀ ਨਰਕ ਬਨਾਉਣ ਲਈ ਤੁਲੇ ਹੋਏ ਹਨ।

ਗੁਰਮਤਿ ਨੇ ਜੋ ਇਨਸਾਨ ਨੂੰ ਉਪਦੇਸ਼ ਦਰਸਾਇਆ ਹੈ, ਉਹ ਬੜਾ ਉੱਤਮ ਹੈ। ਗੁਰਮਤਿ ਨੇ ਦਰਸਾਇਆ ਹੈ ਕਿ ਆਦਮੀ ਨੇ ਆਪਣਾ ਜੀਵਨ ਆਪ ਸਵਰਗ ਬਨਾਉਣਾ ਹੈ। ਆਪਣਾ ਸਵਰਗ ਬਿਨਾਂ ਉੱਦਮ ਤੋਂ ਨਹੀਂ ਬਣ ਸਕਦਾ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥ ੧॥

(ਗੂਜਰੀ ਵਾਰ ਮ: ੫, ਪੰਨਾ ੫੨੨)

ਆਦਮੀ ਨੂੰ ਆਪਣੇ ਜੀਵਨ ਲਈ ਤਾਂ ਕੁਝ ਪੁਰਸ਼ਾਰਥ ਕਰਨਾ ਹੀ ਪਏਗਾ। ਇਕ ਸਮਾਂ ਆਉਂਦਾ ਹੈ। ਜਦੋਂ ਮਨੁੱਖ ਆਪਣੀ ਮਿਹਨਤ ਨਾਲ ਧਨ ਕਮਾਉਂਦਾ ਹੈ ਪਰ ਫਿਰ ਇਕ ਸਮਾਂ ਆਉਂਦਾ ਹੈ ਜਦੋਂ ਪੈਸੇ ਨੂੰ ਪੈਸਾ ਕਮਾਉਂਦਾ ਹੈ। ਐਸੇ ਬੰਦੇ ਆਪਣੇ ਪੈਸੇ ਦੁਆਰਾ ਹੀ ਆਪਣੇ ਸਾਰੇ ਕੰਮ ਦੂਜਿਆਂ ਤੋਂ ਕਰਵਾਉਂਦੇ ਹਨ। ਘਰ ਦੀ ਰਸੋਈ, ਸਫਾਈਆਂ, ਕਪੜੇ ਧੋਣਾ, ਸਭ ਕੁਝ ਨੌਕਰਾਂ ਕੋਲੋਂ ਕਰਵਾਉਂਦੇ ਹਨ। ਸੱਚ ਤਾਂ ਇਹ ਹੈ ਕਿ ਕਦੀ ਪੇਟ ਦੀ ਮਜਬੂਰੀ ਨਾ ਹੁੰਦੀ ਤਾਂ ਆਦਮੀ ਨੇ ਕਹਿਣਾ ਸੀ ਕਿ ਮੇਰੇ ਥਾਂ ਖਾਣਾ ਵੀ ਕੋਈ ਹੋਰ ਖਾ ਲਵੇ। ਕੋਈ ਨੌਕਰ ਖਾ ਲਵੇ ਤੇ ਮੇਰੀ ਭੁਖ ਮਿਟ ਜਾਵੇ। ਪਰ ਮਜਬੂਰੀ ਹੈ। ਬਿਨਾਂ ਖਾਧਿਆਂ ਗੁਜ਼ਾਰਾ ਨਹੀਂ ਹੋਣਾ। ਬਾਬਾ ਫਰੀਦ ਸਾਹਿਬ ਜੀ ਆਪਣੇ ਉਪਦੇਸ਼ ਵਿਚ ਆਲਸੀ ਜੀਵਨ ਨੂੰ ਧ੍ਰਿਗਕਾਰ ਪਾ ਰਹੇ ਹਨ। ਕਹਿੰਦੇ ਹਨ ਕਿ ਆਲਸੀ ਆਦਮੀ ਦੀ ਜ਼ਿੰਦਗੀ ਦੀ ਰਾਤ ਨਹੀਂ ਮੁਕਦੀ। ਉਹ ਸਾਰੀ ਰਾਤ ਪਾਸੇ ਵਟਦਾ ਤਾਂ ਕਟਦਾ ਹੈ। ਪਰ ਦੂਜਿਆਂ ਦੇ ਜੀਵਨ ਵਿਚ ਉਹ ਬੋਝ ਬਣਿਆ ਹੋਇਆ ਹੈ। ਐਸੇ ਆਲਸੀ ਦਾ ਜੀਵਨ ਧ੍ਰਿਗ ਹੈ।

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸਿ॥
ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ॥ ੨੧॥

ਆਲਸੀ ਲੋਕ ਪਰਾਇਆਂ ਦੇ ਬਾਰ ਤੇ ਆਸ ਲਾ ਕੇ ਬੈਠੇ ਰਹਿੰਦੇ ਹਨ ਕਿ ਕੁਝ ਮਿਲੇ। ਉਨ੍ਹਾਂ ਦੇ ਜੀਵਨ ਵਿਚ ਦੁਖ ਜ਼ਿਆਦਾ ਪ੍ਰਵੇਸ਼ ਕਰ ਜਾਂਦਾ ਹੈ। ਜੋ ਪਰਾਈ ਆਸ ਵਿਚ ਬੈਠੇ ਰਹਿੰਦੇ ਹਨ।

ਇਕ ਕਥਾ ਦਾ ਉਲੇਖ ਹੈ ਕਿ ਬਾਬਾ ਫਰੀਦ ਸਾਹਿਬ ਦੇ ਘਰ ਕੋਈ ਮਿੱਤਰ ਇਸ ਆਸ ਨਾਲ ਆ ਗਿਆ ਕਿ ਚਲੋ ਕੁਝ ਦਿਨ ਆਰਾਮ ਨਾਲ ਕਟ ਲਵਾਂਗੇ। ਕੁਝ ਦਿਨ ਮੁਫਤ ਵਿਚ ਖਾਣ ਪੀਣ ਦਾ ਪ੍ਰਬੰਧ ਹੋ ਜਾਏਗਾ। ਪਰ ਫਰੀਦ ਸਾਹਿਬ ਦੇ ਕੋਲ ਏਨਾ ਕੁਝ ਨਹੀਂ ਸੀ। ਮੁਫਤ ਖੋਰੇ ਮਿੱਤਰ ਨੂੰ ਕਈ ਵਾਰ ਰਾਤ ਨੂੰ ਭੁਖੇ ਵੀ ਰਹਿਣਾ ਪਿਆ। ਮਿੱਤਰ ਦੇ ਮੂੰਹੋਂ ਸ਼ਿਕਾਇਤ ਵੀ ਨਿਕਲੀ ਕਿ ਮੈਨੂੰ ਤੇਰੇ ਪਾਸੋਂ ਕੁਝ ਮਿਲਿਆ ਨਹੀਂ। ਫਰੀਦ ਸਾਹਿਬ ਕਹਿਣ ਲਗੇ ਕਿ ਜੋ ਕੁਝ ਮੇਰੇ ਕੋਲ ਹੈ ਮੈਂ ਲੁਕਾਇਆ ਨਹੀਂ। ਪਰ ਕੁਝ ਹੋਵੇ ਤਾਂ ਤੇਰੇ ਕੋਲ ਹੀ ਹੈ। ਜੇ ਹੈ ਹੀ ਨਹੀਂ ਤਾਂ ਮੈਂ ਤੈਨੂੰ ਕਿਥੋਂ ਦੇਵਾਂ। ਇਸ ਭਾਵ ਨੂੰ ਆਪਣੇ ਉਪਦੇਸ਼ ਵਿਚ ਦਰਜ ਕਰਦੇ ਹਨ:

ਫਰੀਦਾ ਜੇ ਮੈ ਹੋਦਾ ਵਾਰਿਆ, ਮਿਤਾ ਆਇੜਿਆਂ॥
ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥ ੨੨॥

ਜੇ ਮੈਂ ਆਪਣੇ ਆਏ ਹੋਏ ਮਿੱਤਰ ਤੋਂ ਕੁਝ ਛਿਪਾਇਆ ਹੈ ਤਾਂ ਮੇਰਾ ਹੇੜਾ ਯਾਨੀ ਕਿ ਸਰੀਰ ਅੰਗਾਰਾਂ ਉਪਰ ਸੜੇਗਾ। ਦਰਅਸਲ ਫਰੀਦ ਜੀ ਆਪਣੇ ਦਿਲ ਦੀ ਵੇਦਨਾ ਜ਼ਾਹਰ ਕਰਦੇ ਹਨ ਕਿ ਮੈਂ ਚਾਹੁੰਦਾ ਹਾਂ ਕਿ ਕੋਈ ਮੇਰਾ ਸਜਣ ਮੇਰੇ ਤੋਂ ਨਿਰਾਸ਼ ਨਾ ਹੋਵੇ। ਪਰ ਜਦੋਂ ਮੇਰੇ ਮਿੱਤਰ ਦੀ ਆਸ ਮੇਰੇ ਬਾਰ ਤੋਂ ਪੂਰੀ ਨਹੀਂ ਹੋ ਰਹੀ ਤਾਂ ਮੇਰਾ ਸਰੀਰ ਏਸ ਤਰ੍ਹਾਂ ਸੜ੍ਹਦਾ ਤੇ ਦੁਖੀ ਹੁੰਦਾ ਹੈ ਜਿਵੇਂ ਕੋਲਿਆਂ ਤੇ ਮਜੀਠ ਨੂੰ ਰੱਖ ਕੇ ਰੰਗ ਚੜ੍ਹਨ ਧਰਿਆ ਹੋਵੇ। ਫਰੀਦ ਸਾਹਿਬ ਦੇ ਏਨ੍ਹਾਂ ਦੋਹਾਂ ਸਲੋਕਾਂ ਦਾ ਉਪਦੇਸ਼ ਹੈ ਕਿ ਪਰਾਇਆਂ ਦੀ ਆਸ ਵਿਚ ਨਹੀਂ ਜਿਉਣਾ ਅਤੇ ਆਲਸੀ ਨਹੀਂ ਹੋਣਾ, ਨਾਲ ਇਹ ਵੀ ਉਪਦੇਸ਼ ਹੈ ਕਿ ਘਰ ਆਇਆਂ ਦਾ ਆਦਰ ਕਰਨਾ ਹੈ। ਸਨਮਾਨ ਕਰਨਾ ਹੈ। ਛਿਪਾਉਣਾ ਕੁਝ ਨਹੀਂ। ਆਇ ਮਹਿਮਾਨ ਦੀ ਸੇਵਾ ਵਿਚ ਕੋਈ ਫਰਕ ਨਹੀਂ ਛਡਣਾ। ਜੇਕਰ ਮਹਿਮਾਨ ਤੋਂ ਕੁਝ ਛਿਪਾਇਆ ਜਾਵੇ ਤਾਂ ਮਨ ਵਿਚ ਇਕ ਸੰਤਾਪ ਪੈਦਾ ਹੁੰਦਾ ਹੈ। ਉਹ ਇਕ ਅੱਗ ਹੈ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ੨੩॥ (ਪੰਨਾ ੧੩੭੯)

ਏਸ ਸਲੋਕ ਵਿਚ ਵੀ ਫਰੀਦ ਜੀ ਨੇ ਉੱਦਮ ਤੇ ਪੁਰਸ਼ਾਰਥ ਦਾ ਹੀ ਉਪਦੇਸ਼ ਦਿੱਤਾ ਹੈ। ਕਹਿੰਦੇ ਹਨ ਕਿ ਜੇ ਕੋਈ ਜ਼ਿਮੀਦਾਰ ਖੇਤ ਵਿਚ ਕਿਕਰਾਂ ਬੀਜ ਕੇ

ਉਹਨਾਂ ਤੋਂ ਬਿਜਾਉਰ ਦੇਸ਼ ਦੀਆਂ ਦਾਖਾਂ ਉਤਾਰਨੀਆ ਚਾਹਵੇ। ਬਿਜਾਉਰ ਦੀਆਂ ਦਾਖਾਂ? ਛੋਟੇ ਅੰਗੂਰ ਸੰਸਾਰ ਭਰ ਵਿਚ ਸੁਆਦ ਪਖੋਂ ਬੜੇ ਪ੍ਰਸਿੱਧ ਹਨ। ਕਿਕਰਾਂ ਤੇ ਬਿਜਾਉਰੀ ਦਾਖਾਂ ਨਹੀਂ ਲਗਦੀਆਂ। ਏਸੇ ਤਰ੍ਹਾਂ ਜੇ ਕੋਈ ਕਾਰੀਗਰ ਉਨ ਕਤਣ ਵਾਸਤੇ ਦੇਵੇ ਪਰ ਮੰਗੇ ਕਪੜਾ ਰੇਸ਼ਮ ਦਾ, ਮੰਗੇ ਤਾਂ ਨਹੀਂ ਮਿਲ ਸਕਦਾ। ਉਂਨ ਦੇ ਕੇ ਊਨੀ ਮਿਲਦੀ ਹੈ। ਫਰੀਦ ਸਾਹਿਬ ਕਹਿੰਦੇ ਹਨ ਕਿ ਪ੍ਰਮਾਤਮਾ ਦੀ ਭਗਤੀ ਦਾ ਮਾਰਗ ਛਡ ਕੇ, ਆਤਮਕ ਸੁਖ ਮੰਗਣਾ, ਐਸੀ ਹੀ ਮੂਰਖਤਾ ਹੈ, ਜਿਵੇਂ ਕੋਈ ਜ਼ਿਮੀਦਾਰ ਖੇਤ ਵਿਚ ਕਿਕਰਾਂ ਬੀਜ ਕੇ ਅੰਗੂਰਾਂ ਦੀ ਮੰਗ ਕਰੇ। ਮੂੜ ਆਦਮੀ ਕਿਕਰਾਂ ਬੀਜ ਕੇ ਦਾਖਾਂ ਚਾਹੁੰਦਾ ਹੈ। ਉਨ ਕਤਾ ਕੇ ਰੇਸ਼ਮ ਲਭਦਾ ਹੈ। ਦੋਵੇਂ ਹੀ ਗੱਲਾਂ ਅਸੰਭਵ ਹਨ।

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥ ੨੬ ॥
(ਪੰਨਾ ੧੩੭੯)

ਫਰੀਦ ਸਾਹਿਬ ਫਿਰ ਉਸੇ ਉਪਦੇਸ਼ ਨੂੰ ਦੁਹਰਾ ਰਹੇ ਹਨ ਕਿ ਆਦਮੀ ਨੂੰ ਸੰਸਾਰ ਵਿਚ ਪੈ ਰਹੀ ਬਰਸਾਤ ਦਾ ਤੇ ਗਲੀ ਵਿਚ ਹੋਏ ਚਿੱਕੜ ਦਾ ਇਹ ਡਰ ਹੈ ਕਿ ਉਸ ਦੀ ਪੱਗ ਮੈਲੀ ਨਾ ਹੋ ਜਾਏ। ਪੱਗ ਯਾਨੀ ਕਿ ਸਮਾਜਕ ਸ਼ਾਨੋਂ ਸ਼ੌਕਤ। ਬੰਦਾ ਸਮਾਜ ਵਿਚ ਸਦਾ ਹੀ ਆਪਣੀ ਸ਼ਾਨੋਂ ਸ਼ੌਕਤ ਦੀ ਪੱਗ ਸਾਫ ਰਖਣੀ ਚਾਹੁੰਦਾ ਹੈ। ਫਰੀਦ ਸਾਹਿਬ ਕਹਿੰਦੇ ਹਨ ਕਿ ਆਦਮੀ ਨੂੰ ਹਮੇਸ਼ਾ ਸਮਾਜ ਵਿਚ ਰਹਿੰਦਿਆਂ ਆਪਣੀ ਪੱਗ ਨੂੰ ਮੈਲੀ ਹੋਣ ਦਾ ਧੁੜਕੂ ਲਗਾ ਰਹਿੰਦਾ ਹੈ। ਪਰ ਗਾਫਿਲ ਆਦਮੀ ਦਾ ਰੂਹ ਇਹ ਨਹੀਂ ਜਾਣਦਾ ਕਿ ਪੱਗ ਸਮੇਤ ਸਿਰ ਵੀ ਮਿੱਟੀ ਵਿਚ ਮਿਲਣਾ ਹੈ।

ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥

ਐ ਗਫ਼ਲਤ ਦੇ ਭਰੇ ਹੋਏ ਜੀਉ! ਤੂੰ ਇਹ ਗੱਲ ਕਿਉਂ ਨਹੀਂ ਸਮਝਦਾ ਕਿ ਪੱਗ ਤਾਂ ਇਕ ਪਾਸੇ ਇਸ ਸਿਰ ਨੂੰ ਵੀ ਮਿੱਟੀ ਨੇ ਖਾ ਜਾਣਾ ਹੈ। ਦਫ਼ਨਾ ਦਿੱਤਾ ਜਾਏਗਾ ਜਲਾ ਦਿੱਤਾ ਜਾਏਗਾ। ਆਖਰ ਅੰਜਾਮ ਮਿੱਟੀ ਹੀ ਹੈ। ਜਲਾਇਆਂ ਵੀ ਰਾਖ ਬਣਦਾ ਹੈ। ਜੇਕਰ ਦਫ਼ਨਾ ਦਿੱਤਾ ਜਾਏ ਤਾਂ ਵੀ ਮਿੱਟੀ ਵਿਚ ਹੀ ਮਿਲਦਾ ਹੈ। ਮਤਲਬ ਕਿ ਐ ਬੰਦੇ! ਬਾਹਰ ਦੀ ਸ਼ਾਨੋ-ਸ਼ੌਕਤ ਤੇ ਹੀ ਏਨਾ ਜ਼ੋਰ ਨਾ ਦੇ। ਆਪਣੀ ਅਸਲੀਅਤ ਨੂੰ ਵੀ ਜਾਨਣ ਦਾ ਯਤਨ ਕਰ ਕਿ ਇਕ ਦਿਨ ਇਸ ਕਾਇਆਂ ਨੇ ਮਿੱਟੀ ਵਿਚ ਮਿਲਣਾ ਹੈ। ਇਸ ਦੀ ਅਸਲੀਅਤ ਨੂੰ ਜਾਣ ਤੇ ਜੋ ਅੰਮ੍ਰਿਤ ਜੀਵਨ ਹੈ ਉਸ ਪਾਸੇ ਵਲ ਚਲਣ ਦਾ ਯਤਨ ਕਰ।

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥ ੪੫ ॥
(ਪੰਨਾ ੧੩੮੦)

ਜਿਨ੍ਹਾਂ ਹੁਕਮਰਾਨਾਂ ਦੇ ਹੁਕਮ ਦੇ ਧੌਂਸੇ ਵਜਦੇ ਸਨ। ਜਿਨ੍ਹਾਂ ਦੇ ਨਗਾਰੇ ਵਜਦੇ ਸਨ। ਜਿਨ੍ਹਾਂ ਦੀਆਂ ਭੇਰੀਆਂ ਵਜਦੀਆਂ ਸਨ। ਯਾਨੀ ਕਿ ਤੂਤੀਆਂ ਵਜਦੀਆਂ ਸਨ। ਬੜਾ ਬੋਲ ਬਾਲਾ ਸੀ। ਸੜੇ ਰੱਡ ਦਾ ਮਤਲਬ ਹੈ ਕਿ ਜਿਨ੍ਹਾਂ ਦੀ ਸਿਫਤੋ ਸਲਾਹ ਵਿਚ ਗੀਤ, ਛੰਦ, ਸੰਗੀਤ ਗਾਏ ਜਾਂਦੇ ਹਨ। ਰਡ ਇਕ ਛੰਦ ਦਾ ਨਾਮ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸਵੱਯਾਂ ਦੇ ਪਾਠ ਵਿੱਚ ਰਡ ਛੰਦ ਦਰਜ ਹੈ। ਇਹ ਛੰਦ ਹਮੇਸ਼ਾਂ ਸਿਫਤ ਕਰਨ ਵਾਸਤੇ ਗਾਇਆ ਜਾਂਦਾ ਹੈ। ਜਿਨ੍ਹਾਂ ਦੀਆਂ ਸਿਫਤਾਂ ਵਿਚ ਛੰਦ ਗਾਏ ਜਾਂਦੇ ਸਨ। ਬਾਬਾ ਫਰੀਦ ਜੀ ਕਹਿੰਦੇ ਹਨ ਕਿ ਉਹ ਬੜੇ ਬੋਲ ਬਾਲੇ ਵਾਲੇ ਵੀ:

ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥ ੪੫॥

ਆਖਿਰ ਉਹਨਾਂ ਦਾ ਹਸ਼ਰ ਵੀ ਇਹੋ ਹੋਇਆ ਕਿ ਕਬਰਾਂ ਦੀ ਮਿੱਟੀ ਵਿਚ ਸੌਂ ਗਏ। ਜਿਥੇ ਇਕ ਗਰੀਬ ਤੇ ਯਤੀਮ ਦੀ ਕਬਰ ਹੈ ਉਥੇ ਹੀ ਉਸ ਹੁਕਮਰਾਨ ਦੀ ਕਬਰ ਦੀ ਮਿੱਟੀ ਮਿਲ ਗਈ ਹੈ। ਸਭ ਕੁਝ ਤਿਆਗ ਕੇ ਜਾਣਾ ਪੈਂਦਾ ਹੈ।

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥ ੪੬॥

ਵਡੀਆਂ ਕੋਠੀਆਂ ਉਸਾਰਨ ਵਾਲੇ। ਸ਼ਾਮਿਆਨੇ ਲਗਾ ਕੇ ਸਜਾਵਟ ਕਰਨ ਵਾਲੇ ਮਾੜੀਆਂ ਯਾਨੀ ਕਿ ਚੁਬਾਰਿਆਂ ਵਾਲੇ ਮਹੱਲ ਬਨਾਉਣ ਵਾਲੇ। ਸਾਰੇ ਉਸਾਰਦੇ-ਉਸਾਰਦੇ ਅਨੇਕਾਂ ਜੀਅ ਚਲੇ ਗਏ ਹਨ। ਦੁਨੀਆਂ ਵਿਚ ਜੋ ਵਪਾਰ ਇਨ੍ਹਾਂ ਨੇ ਕੀਤਾ ਸੀ ਅਖੀਰਲੇ ਦਿਨ ਉਹ ਸਭ ਝੂਠਾ ਸਾਬਤ ਹੋ ਗਿਆ। ਕੁਝ ਵੀ ਨਾਲ ਨਹੀਂ ਗਿਆ। ਆਖਿਰ:

ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥ ੪੬॥

ਕਬਰਾਂ ਵਿਚ ਆਣ ਮਿਲੇ।

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥
ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥ ੪੭॥

ਮੇਖਾਂ ਦਾ ਅਰਥ ਹੈ ਟਾਂਕੇ। ਖਿੰਥੜ ਕਹੀਏ ਗੋਦੜੀ ਨੂੰ। ਇਕ ਕਪੜੇ ਦੀ ਗੋਦੜੀ ਨੂੰ ਵੀ ਅਨੇਕਾਂ ਟਾਂਕੇ ਲਾ ਕੇ ਬਣਾਇਆ ਜਾਂਦਾ ਹੈ ਕਿ ਇਹ ਗੋਦੜੀ (ਚੋਲਾ) ਜਲਦੀ ਪਾਟ ਨਾ ਜਾਵੇ। ਫਰੀਦ ਸਾਹਿਬ ਉਪਦੇਸ਼ ਵਿਚ ਦਰਸਾਇਆ ਹੈ ਕਿ ਇਹ ਜੋ ਸਾਡਾ ਸਰੀਰ ਹੈ, ਇਹ ਵੀ ਇਕ ਕਪੜਾ ਹੈ। ਅਨੇਕਾਂ ਪ੍ਰਕਾਰ ਦੇ ਟਾਂਕੇ ਲਾ ਕੇ ਕਰਤਾ ਪੁਰਖ ਇਸ ਜੀਵ ਨੂੰ ਇਹ ਗੋਦੜੀ ਪਹਿਨਾਈ ਹੈ। ਅਨੇਕਾਂ ਪ੍ਰਕਾਰ ਦੀ ਨਾੜੀਆਂ ਦੀਆਂ ਤੰਦਾਂ ਦਾ ਇਹ ਜੋੜ ਹੈ। ਇਸ ਗੋਦੜੀ ਨੂੰ ਅਨੇਕਾਂ ਹੀ ਟਾਂਕੇ ਲਗੇ ਹੋਏ ਹਨ। ਕਪੜੇ ਦੀ ਗੋਦੜੀ ਦੇ ਟਾਂਕਿਆਂ ਤੇ ਫਿਰ ਵਿਸ਼ਵਾਸ਼ ਹੈ ਕਿ ਟਾਂਕੇ

ਕੁਝ ਦਿਨ ਕੱਢਣਗੇ। ਪਰ ਇਸ ਤਨ ਦੀ ਗੋਦੜੀ ਨੂੰ ਜਿਹੜੇ ਟਾਂਕੇ ਹਨ, ਉਹ ਬਹੁਤ ਹੀ ਨਾਜ਼ੁਕ ਹਨ। ਪਰ

ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥

ਟਾਂਕਿਆ ਭਰੇ ਸਾਰੇ ਤਨ ਦੀ ਮਾਲਕ ਜੋ, ਜਿੰਦ ਹੈ, ਉਸ ਨੂੰ ਪ੍ਰਮਾਤਮਾ ਨਾਲ ਜੋੜਨ ਲਈ ਕੋਈ ਟਾਂਕਾ ਹੀ ਨਹੀਂ। ਜੇ ਉਹ ਜਿੰਦ ਤਨ ਤੋਂ ਛਟ ਗਈ ਤਾਂ ਪ੍ਰਮਾਤਮਾ ਨਾਲ ਵੀ ਮਿਲ ਨਹੀਂ ਸਕੇਗੀ। ਆਪਣੀ-ਆਪਣੀ ਵਾਰੀ ਨਾਲ ਇਹ ਜਿੰਦ ਹਰੇਕ ਦੀ ਛੁਟ ਜਾਂਦੀ ਹੈ।

ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥ ੪੭ ॥ (ਪੰਨਾ ੧੩੮੦)

ਮਸਾਇਕ ਸ਼ੇਖ ਦਾ ਬਹੁ ਵਚਨ ਹੈ ਮਸਾਇਕ ਮੁਸ਼ਕਤ ਕਰਨ ਵਾਲੇ ਸਾਧਿਕ ਨੂੰ ਵੀ ਆਖਿਆ ਜਾਂਦਾ ਹੈ। ਸ਼ੇਖ ਵੱਡੇ ਵੱਡੇ ਸਰਦਾਰਾਂ ਨੂੰ ਆਖਿਆ ਜਾਂਦਾ ਹੈ। ਭਾਵ ਕਿ ਸਭ ਸਾਧਿਕ ਤੇ ਸਭ ਸਰਦਾਰ ਆਪੋ ਆਪਣੀ ਵਾਰੀ ਨਾਲ ਇਸ ਦੁਨੀਆਂ ਤੋਂ ਚਲੇ ਜਾਂਦੇ ਹਨ।

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓੁ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ੨੭ ॥

(ਪੰਨਾ ੧੩੭੯)

ਬਾਬਾ ਜੀ ਨੇ ਏਸ ਸਲੋਕ ਵਿਚ ਪ੍ਰਭੂ ਦਾ ਸੁਭਾਅ ਦਰਸਾਉਣ ਦਾ ਯਤਨ ਕੀਤਾ ਹੈ। ਫਰੀਦ ਜੀ ਨੇ ਇਹ ਨਹੀਂ ਕਿਹਾ ਕਿ ਸ਼ੱਕਰ ਮਿੱਠੀ ਨਹੀਂ। ਸ਼ੱਕਰ ਵਿਚ ਮਿਠਾਸ ਕਰਤਾ ਪੁਰਖ ਦੀ ਕਲਾ ਦੁਆਰਾ ਹੀ ਆਈ ਹੈ। ਪ੍ਰਮਾਤਮਾ ਦੀ ਭਰੀ ਹੋਈ ਮਿਠਾਸ ਤੋਂ ਇਨਕਾਰੀ ਹੋਣਾ ਨਾਸਤਿਕਤਾ ਹੈ। ਖੰਡ ਵਿਚ ਵੀ ਆਖਿਰ ਜੋ ਮਿਠਾਸ ਹੈ, ਉਹ ਗੰਨੇ ਦੇ ਰਸ ਤੋਂ ਹੀ ਆਈ ਹੈ। ਮਿਸ਼ਰੀ ਵੀ ਮਿਠਾਸ ਨਾਲ ਭਰਪੂਰ ਹੈ। ਨਿਵਾਤ ਕਹੀਏ ਮਿਸ਼ਰੀ ਨੂੰ ਅਤੇ ਗੁੜ ਤੇ ਮਾਖਿਆ ਦਾ ਸ਼ਹਿਦ ਵੀ ਬੜਾ ਮਿੱਠਾ ਹੈ। ਸ਼ਹਿਦ ਦੀ ਮਿਠਾਸ ਵੀ ਸਾਰੀ ਦੁਨੀਆਂ ਵਿਚ ਪ੍ਰਸਿੱਧ ਹੈ। ਮਾਝਾ ਦੁਧ ਵੀ ਆਪਣੇ ਸੁਆਦ ਵਿਚ ਅਲੌਕਿਕ ਮਿਠਾਸ ਰਖਦਾ ਹੈ। ਇਸ ਲਈ ਫਰੀਦ ਜੀ ਨੇ ਕੋਈ ਇਨਕਾਰ ਨਹੀਂ ਕੀਤਾ ਕਿ ਇਹ ਵਸਤੂਆਂ ਮਿਠੀਆਂ ਨਹੀਂ। ਪਰ ਇਕ ਮਸਲਾ ਉਪਦੇਸ਼ ਦਾ ਜ਼ਰੂਰ ਸਾਡੇ ਸਾਹਮਣੇ ਰਖਿਆ ਹੈ। ਆਖਦੇ ਹਨ ਕਿ ਇਹ ਵਸਤੂਆਂ ਸਾਰੀਆਂ ਮਿਠੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ, ਪਰ ਹਰੇਕ ਵਸਤੂ ਦੀ ਮਿਠਾਸ ਦਾ ਕੇਂਦਰ ਉਹ ਇਕ ਹੀ ਹੈ। ਉਸ ਕੇਂਦਰ ਵਿੱਚ ਕਿੰਨੀ ਮਿਠਾਸ ਹੋਵੇਗੀ। ਉਸ ਦਾ ਮੁਕਾਬਲਾ ਕੋਈ ਵਸਤੂ ਦੀ ਮਿਠਾਸ ਨਹੀਂ ਕਰ ਸਕਦੀ। ਮਿਠਾਸ ਦਾ ਕੇਂਦਰੀ ਅਸਥਾਨ ਕਰਤਾ ਪੁਰਖ ਹੈ। ਮਤਲਬ ਕਿ ਹਰੇਕ ਦਾ ਕੇਂਦਰ ਕਰਤਾ ਪੁਰਖ ਹੈ। ਕਰਤਾ ਪੁਰਖ ਦੀ ਭਗਤੀ ਤੇ ਨਾਮ ਦੀ ਮਿਠਾਸ ਦਾ ਮੁਕਾਬਲਾ ਕਿਸੇ ਵਸਤੂ ਦੀ

ਮਿਠਾਸ ਨਹੀਂ ਕਰ ਸਕਦੀ। ਏਨ੍ਹਾਂ ਸਾਰੇ ਪਦਾਰਥਾਂ ਦੀ ਮਿਠਾਸ ਪ੍ਰਭੂ ਦੇ ਕੇਂਦਰ ਤੋਂ ਮਿਲੀ ਹੋਈ ਮਿਠਾਸ ਹੈ ਜੋ ਕਿ ਉਧਾਰੀ ਹੈ। ਮਿੱਠੇ ਪਦਾਰਥ ਹੀ ਆਮ ਤੌਰ ਤੇ ਆਦਮੀ ਨੂੰ ਸੁਆਦ ਲਗਦੇ ਹਨ ਪਰ ਬਾਬਾ ਫਰੀਦ ਆਖਦੇ ਹਨ ਕਿ ਏਨ੍ਹਾਂ ਪਦਾਰਥਾਂ ਦੀ ਮਿਠਾਸ ਵਿਚ ਐ ਬੰਦੇ! ਤੂੰ ਭੁਲਿਆ ਨਾ ਰਹਿ ਜਾਵੀਂ। ਮਿਠਾਸ ਦੇ ਕੇਂਦਰ ਪ੍ਰਮਾਤਮਾ ਤੱਕ ਪਹੁੰਚਣ ਦਾ ਵੀ ਕੋਈ ਯਤਨ ਕਰ। ਜਿਸ ਪ੍ਰਮਾਤਮਾ ਨੇ ਸਾਰੀਆਂ ਵਸਤੂਆਂ ਵਿਚ ਮਿਠਾਸ ਭਰੀ ਹੈ ਉਸ ਦਾ ਆਪਣਾ ਰਸ ਕਿੰਨਾ ਅਲੌਕਿਕ ਹੋਵੇਗਾ। ਉਸ ਮਾਲਕ ਦੀ ਬੰਦਗੀ ਦਾ ਰਸ ਜਿਨ੍ਹਾਂ ਨੇ ਚਖਿਆ ਹੈ, ਉਹਨਾਂ ਨੂੰ ਫਿਰ ਇਹ ਵਸਤੂਆਂ ਦੇ ਰਸ ਮਿੱਠੇ ਹੋਣ ਦੇ ਬਾਵਜੂਦ ਵੀ ਪ੍ਰਮਾਤਮਾ ਦੀ ਹੀ ਹੋਂਦ ਦਿਸੀ ਹੈ। ਇਹ ਕੁਦਰਤੀ ਗੱਲ ਹੈ, ਜਦੋਂ ਕੋਈ ਜ਼ਿਆਦਾ ਮਿੱਠਾ ਪਦਾਰਥ ਖਾ ਲਈਏ ਤਾਂ ਉਸ ਤੋਂ ਬਾਅਦ ਘਟ ਮਿਠਾਸ ਵਾਲਾ ਪਦਾਰਥ ਫਿੱਕਾ ਹੀ ਲਗਦਾ ਹੈ। ਪ੍ਰਮਾਤਮਾ ਦੇ ਨਾਮ ਦਾ ਰਸ ਜਿਨ੍ਹਾਂ ਨੂੰ ਪ੍ਰਾਪਤ ਹੋ ਗਿਆ। ਉਹਨਾਂ ਨੂੰ ਸੰਸਾਰ ਦਾ ਸਾਰਾ ਰਸ ਫਿੱਕਾ ਜਾਪਣ ਲਗ ਜਾਂਦਾ ਹੈ। ਭਾਵੇਂ ਸਾਰੀ ਮਿਠਾਸ ਸੰਸਾਰ ਵਿਚ ਕਰਤਾ ਪੁਰਖ ਦੀ ਮਿਠਾਸ ਹੈ। ਪਰ ਸੰਸਰ ਦਾ ਰਸ ਕਰਤਾਰ ਦੇ ਰਸ ਦੇ ਮੁਕਾਬਲੇ ਤੇ ਕੁਝ ਵੀ ਨਹੀਂ।

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ੨੭॥

ਪਛਾਣ ਅਗੇ ਹੋਵੇਗੀ। ਬਾਬਾ ਫ਼ਰੀਦ ਸਾਹਿਬ ਹੁਣ ਕੇਵਲ ਧਨ ਪਦਾਰਥ ਆਦਿ ਦੀ ਹੀ ਗੱਲ ਨਹੀਂ ਕਰਦੇ ਅਗੇ ਹੋਰ ਵਿਚਾਰ ਵਧਾਉਂਦੇ ਹੋਏ ਦਰਸਾਉਂਦੇ ਹਨ ਕਿ:

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥

ਇਸ ਸਰੀਰ ਨੂੰ ਕੋਈ ਚੀਰ ਦਏ ਤਾਂ ਵਿਚੋਂ ਰੰਚਕ ਮਾਤਰ ਵੀ ਖੂਨ ਨਹੀਂ ਨਿਕਲਦਾ। ਜਿਨ੍ਹਾਂ ਦੇ ਸਰੀਰ ਵਿਚੋਂ ਖੂਨ ਨਹੀਂ ਨਿਕਲਦਾ?

ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥ ੫੧॥ (ਪੰਨਾ ੧੩੮੦)

ਜੋ ਤਨ ਰਬ ਨਾਲ ਰਤੇ ਹਨ। ਉਹਨਾਂ ਦੇ ਸਰੀਰ ਵਿਚ ਰਤ ਨਹੀਂ ਹੈ। ਇਸ ਦਾ ਮਤਲਬ ਇਹ ਨਹੀਂ ਕਿ ਸਾਧਿਕ ਬੰਦੇ ਦੇ ਤਨ ਵਿਚੋਂ ਖੂਨ ਮੁਕ ਜਾਂਦਾ ਹੈ। ਲੋਕਾਂ ਨੇ ਭੁਲੇਖਾ ਖਾਧਾ ਹੈ। ਜੈਨੀ ਆਖਦੇ ਹਨ ਕਿ ਮਹਾਂਵੀਰ ਦੇ ਸਰੀਰ ਵਿਚ ਖੂਨ ਨਹੀਂ ਬਲਕਿ ਦੁਧ ਸੀ। ਹੁਣ ਦੁਧ ਦਾ ਕੀ ਭਰੋਸਾ ਹੈ ਕਦੋਂ ਫਟ ਜਾਵੇ? ਆਦਮੀ ਦਾ ਜਿਉਣਾ ਖੂਨ ਬਿਨਾਂ ਮੁਸ਼ਕਿਲ ਹੈ। ਬਾਬਾ ਫਰੀਦ ਕੋਈ ਹੋਰ ਚਰਚਾ ਕਰ ਰਹੇ ਹਨ। ਇਸ ਭਾਵ ਨੂੰ ਗੁਰੂ ਅਮਰਦਾਸ ਜੀ ਮਹਾਰਾਜ ਨੇ ਪੂਰਨ ਸਪੱਸ਼ਟ ਕੀਤਾ ਹੈ:

ਮ: ੩॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥

ਖੂਨ ਬਿਨਾਂ ਤਾਂ ਸਰੀਰ ਨਹੀਂ ਰਹਿ ਸਕਦਾ। ਇਹ ਸਾਰਾ ਤਨ ਸਾਰਾ ਰੱਤ ਹੀ ਹੈ, ਯਾਨੀ ਕਿ ਖੂਨ ਦਾ ਹੀ ਬਣਿਆ ਹੈ। ਪਰ:

ਸਮਝ ਪ੍ਰਾਪਤ ਕਰਨੀ ਚਾਹੀਦੀ ਸੀ, ਉਹ ਅਜੇ ਤੱਕ ਹੋਈ ਨਹੀਂ। ਜੇ ਇਹ ਮੁਰੀਦ ਕਾਬਲ ਹੁੰਦਾ ਤਾਂ, ਆਪਣੇ ਪੀਰ ਕੋਲ ਇਹ ਪ੍ਰਸ਼ਨ ਕਰਦਾ ਕਿ, "ਮੌਤ ਸਿਰ ਤੇ ਹੈ। ਜ਼ਿੰਦਗੀ ਦਾ ਕੋਈ ਐਸਾ ਅਨੁਭਵ ਕਰਾ ਦਿਉ? ਜਿਸ ਉੱਪਰ ਮੌਤ ਦਾ ਜ਼ੋਰ ਨਾ ਚਲੇ।" ਪਰ ਇਹ ਆਖਦਾ ਹੈ ਕਿ ਮੈਂ ਦੂਰ ਨਿਕਲ ਜਾਣਾ ਚਾਹੁੰਦਾ ਹਾਂ, ਕੋਈ ਮੇਰੀ ਮਦਦ ਕਰੋ? ਪੀਰ ਨੇ ਮਜ਼ਾਕ ਨਾਲ ਪੁਛਿਆ, "ਦੌੜ ਕੇ ਕਿੰਨੀ ਦੂਰ ਚਲਾ ਜਾਵੇਂਗਾ? ਥਕਾਵਟ ਹੋ ਜਾਏਗੀ। ਪਸੀਨਾ ਤੈਨੂੰ ਪਹਿਲਾਂ ਹੀ ਆ ਰਿਹਾ ਹੈ। ਜੇ ਦੂਰ ਹੀ ਜਾਣਾ ਹੈ ਤਾਂ ਮੇਰਾ ਘੋੜਾ ਬੜਾ ਵਧੀਆ ਹੈ। ਘੋੜੇ ਨੂੰ ਸਰਪਟ ਦੌੜਾ ਕੇ ਜਿੰਨੀ ਦੂਰ ਜਾਂ ਸਕਦਾ ਹੈਂ ਚਲਾ ਜਾ।" ਇਸ ਮੁਰੀਦ ਨੇ ਆਪਣੇ ਪੀਰ ਦਾ ਧੰਨਵਾਦ ਕੀਤਾ ਅਤੇ ਘੋੜੇ ਤੇ ਚੜ੍ਹ ਕੇ ਆਸ਼ਰਮ ਤੋਂ ਦੌੜ ਗਿਆ। ਸਾਰਾ ਦਿਨ ਨਾ ਆਪ ਆਰਾਮ ਕੀਤਾ ਅਤੇ ਨਾ ਹੀ ਘੋੜੇ ਨੂੰ ਆਰਾਮ ਕਰਨ ਦਿੱਤਾ। ਸ਼ਾਮ ਤੱਕ **ਦਮਿਸ਼ਕ** ਸ਼ਹਿਰ ਦੇ ਬਾਹਰ ਇਕ ਬਗੀਚੇ ਵਿੱਚ ਜਾ ਰੁਕਿਆ। ਏਥੇ ਪਹੁੰਚ ਕੇ ਸੋਚਣ ਲਗਾ ਕਿ ਹੁਣ ਤਾਂ ਕੋਹਾਂ ਦੂਰ ਆ ਗਏ ਹਾਂ। ਮੌਤ ਤਾਂ ਆਸ਼ਰਮ ਦੇ ਆਲੇ ਦੁਆਲੇ ਖੋਜਦੀ ਫਿਰੇਗੀ, ਜਾਂ ਆਸ਼ਰਮ ਦੇ ਕਮਰਿਆਂ ਵਿੱਚ। ਲੇਕਿਨ ਉਸ ਨੂੰ ਕੀ ਪਤਾ ਕਿ ਮੈਂ ਕੋਹਾਂ ਦੀ ਯਾਤਰਾ ਕਰਕੇ ਕਿੰਨੀ ਦੂਰ ਨਿਕਲ ਆਇਆ ਹਾਂ। ਘੋੜੇ ਤੋਂ ਥੱਲੇ ਉਤਰਿਆ। ਘੋੜੇ ਨੂੰ ਥਾਪੀ ਦਿੱਤੀ। ਇਕੱਲਾ ਹੀ ਖਲੋਤਾ ਹੈ, ਘੋੜੇ ਦੇ ਕੋਲ। ਘੋੜੇ ਦਾ ਸ਼ੁਕਰਾਨਾ ਵੀ ਕੀਤਾ ਕਿ ਵਾਹ! ਤੂੰ ਵੀ ਕਮਾਲ ਦੀ ਦੌੜ ਲਗਾਈ ਹੈ। ਸਾਰਾ ਦਿਨ ਤੈਨੂੰ ਪੀਣ ਖਾਣ ਨੂੰ ਵੀ ਨਹੀਂ ਮਿਲਿਆ ਅਤੇ ਜਿੰਨਾ ਮੈਂ ਚਾਹਿਆ ਤੂੰ ਓਨਾ ਹੀ ਦੌੜਿਆ ਵੀ ਹੈਂ। ਏਨੀ ਦੂਰ ਤੱਕ ਤੂੰ ਮੈਨੂੰ ਲੈ ਕੇ ਆਇਆ ਹੈਂ, ਮੈਂ ਤੇਰਾ ਧੰਨਵਾਦੀ ਹਾਂ। ਏਸ ਤਰ੍ਹਾਂ ਦੀ ਘੋੜੇ ਨਾਲ ਬਾਤ-ਚੀਤ ਕਰ ਹੀ ਰਿਹਾ ਸੀ ਕਿ ਅਚਾਨਕ ਕਿਸੇ ਨੇ ਮੋਢੇ ਤੇ ਹੱਥ ਆਣ ਧਰਿਆ। ਨਜ਼ਰ ਪਿਛੇ ਕਰਕੇ ਦੇਖਿਆ ਤਾਂ ਉਹ ਸੁਬਹ ਵਾਲਾ ਮੌਤ ਦਾ ਫਰਿਸ਼ਤਾ ਫਿਰ ਖਲੋਤਾ ਹੈ। ਉਸ ਫਰਿਸ਼ਤੇ ਨੇ ਕਿਹਾ ਕਿ "ਘੋੜੇ ਦਾ ਧੰਨਵਾਦ ਤਾਂ ਮੈਂ ਵੀ ਕਰਾਂਗਾ। ਸੁਬਹ, ਮੈਂ ਜਦ ਤੈਨੂੰ ਆਸ਼ਰਮ ਵਿੱਚ ਦੇਖਿਆ ਸੀ ਤਾਂ ਮੇਰੀ ਵੀ ਸੋਚ ਏਹੀ ਸੀ ਕਿ ਮਰਣਾ ਤੂੰ ਏਸ ਬਾਗ ਦੇ ਕਿਨਾਰੇ ਤੇ ਹੈ। ਪਰ ਬੈਠਾ ਤੂੰ ਆਸ਼ਰਮ ਵਿਚ ਹੈਂ। ਕਿਵੇਂ ਪਹੁੰਚੇਗਾ? ਬਸ ਏਸੇ ਕਾਰਨ ਮੈਨੂੰ, ਚਾਰ ਪਹਿਰ ਪਹਿਲਾਂ, ਤੈਨੂੰ ਖਬਰ ਦੇਣੀ ਪਈ। ਘੋੜਾ ਵਾਕਿਆ ਹੀ ਬੜਾ ਬਲਵਾਨ ਹੈ। ਸਮੇਂ ਸਿਰ ਠੀਕ ਅਸਥਾਨ ਤੇ ਲੈ ਆਇਆ ਹੈ। ਬਸ! ਤੇਰੇ ਆਖਰੀ ਸੁਆਸ ਦਾ ਸਮਾਂ ਆ ਗਿਆ ਹੈ, ਤੂੰ ਭੱਜ ਨਹੀਂ ਸਕੇਂਗਾ।" ਭਾਵੇਂ ਕੋਈ ਕਿਸੇ ਦਿਸ਼ਾ ਵੱਲ ਦੌੜੇ ਉਹ ਮੌਤ ਤੋਂ ਦੂਰ ਨਹੀਂ ਜਾ ਸਕਦਾ। ਸਾਰੀ ਦੌੜ ਉਸੇ ਆਖਰੀ ਦਿਨ ਵੱਲ ਹੀ ਹੋ ਰਹੀ ਹੈ। ਆਦਮੀ ਭਰਮ ਵਿਚ ਹੈ, ਬਾਬਾ ਫਰੀਦ ਚੇਤਾਵਨੀ ਕਰਦੇ ਹਨ ਕਿ ਜੇ ਬੰਦਾ ਚਾਹਵੇ ਕਿ ਉਹ ਦਿਨ ਟਾਲ ਲਏ ਤਾਂ ਉਹ ਦਿਨ ਟਲਣ ਵਾਲਾ ਨਹੀਂ ਹੈ। ਇਸ ਤੋਂ ਬੇਹਤਰ ਤਾਂ ਏਹੀ ਹੈ ਕਿ ਉਸ ਜੀਵਨ ਨੂੰ ਜਾਣਿਆ ਜਾਵੇ, ਜਿਸ ਜੀਵਨ ਉੱਪਰ ਮੌਤ ਦਾ ਕੋਈ ਜ਼ੋਰ ਨਹੀਂ ਚਲਦਾ।

ਕਸਤੂਰੀ ਵੰਡੀ ਹੈ। ਪਰ ਇਹ ਕਸਤੂਰੀ ਦਾ ਭਾਗ ਸੁਤਿਆਂ ਹੋਇਆਂ ਨੂੰ ਨਹੀਂ ਮਿਲਦਾ। ਜਿਹੜੇ ਗਫਲਤ ਦੀ ਨੀਂਦ ਵਿਚ ਸੁਤੇ ਰਹਿੰਦੇ ਹਨ, ਉਹ ਇਸ ਵੰਡੀ ਜਾਂਦੀ ਕਸਤੂਰੀ ਵਿਚੋਂ ਵੀ ਹਿਸਾ ਪ੍ਰਾਪਤ ਨਹੀਂ ਕਰ ਸਕਦੇ। ਗੁਰ ਉਪਦੇਸ਼ ਸਾਰਿਆਂ ਲਈ ਸਾਂਝਾ ਹੁੰਦਾ ਹੈ, ਪਰ ਇਹ ਉਪਦੇਸ਼ ਸਾਰੇ ਗ੍ਰਹਿਣ ਨਹੀਂ ਕਰਦੇ। ਇਹ ਕਸਤੂਰੀ ਦਾ ਉਪਦੇਸ਼ ਕੋਈ ਜਾਗ੍ਰਿਤ ਬਿਰਤੀ ਵਾਲਾ ਇਨਸਾਨ ਹੀ ਗ੍ਰਹਿਣ ਕਰਦਾ ਹੈ। ਜਿਸ ਆਦਮੀ ਦਾ ਮਨ ਗਫਲਤ ਵਿਚ ਰਹੇ, ਉਹ ਵੰਡੀ ਜਾ ਰਹੀ ਕਸਤੂਰੀ ਤੋਂ ਵੀ ਵਾਂਝਾ ਰਹਿ ਜਾਂਦਾ ਹੈ। ਬਾਬਾ ਫਰੀਦ ਜੀ ਕਹਿੰਦੇ ਹਨ ਕਿ ਜਿਹੜੇ ਗਫਲਤ ਦੀ ਨੀਂਦ ਵਿਚ ਸੁਤੇ ਪਏ ਹਨ, ਉਨ੍ਹਾਂ ਤੋਂ ਉਹ ਵਾਂਝੇ ਰਹਿ ਗਏ ਹਨ। ਪਰ:

ਜਿਂਨ੍ਹਾ ਨੈਣ ਨੀਂਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥ ੮੦ ॥

□□□□

ਮਰਨ ਦਾ ਢੰਗ ਅਤੇ ਮੌਤ ਦੀ ਕਲਾ

ਮਰਨਾ ਯਾਦ ਰਹੇ ਤਾਂ ਆਦਮੀ ਕਿਸੇ ਨੂੰ ਨਹੀਂ ਮਾਰੇਗਾ। ਇਥੋਂ ਤਕ ਕਿ ਐਸਾ ਆਦਮੀ ਦੁਸ਼ਮਣ ਦੀ ਮੌਤ ਦੀ ਵੀ ਕਾਮਨਾ ਨਹੀਂ ਕਰੇਗਾ। ਆਮ ਆਦਮੀ ਦੀ ਇਹ ਫਿਤਰਤ ਹੈ ਕਿ ਕਿਸੇ ਦੀ ਮੌਤ ਦੇਖ ਕੇ ਮੌਤ ਯਾਦ ਆਉਂਦੀ ਹੈ ਪਰ ਆਪਣੇ ਆਪ ਨੂੰ ਆਦਮੀ ਬਚਾ ਹੀ ਲੈਂਦਾ ਹੈ। ਮੌਤ ਨੂੰ ਸਦਾ ਯਾਦ ਰੱਖਣ ਵਾਲਾ ਆਦਮੀ ਕਦੇ ਕਿਸੇ ਦਾ ਦਿਲ ਨਹੀਂ ਦੁਖਾਉਂਦਾ।

ਜਪਾਨ ਵਿਚ ਚੁਆਂਗਤਸੇ ਨਾਮ ਦੇ ਇਕ ਬੜੇ ਮਹਾਨ ਮਹਾਂਪੁਰਖ ਹੋਏ ਹਨ। ਏਨ੍ਹਾਂ ਨੇ ਆਪਣਾ ਆਸ਼ਰਮ ਸ਼ਮਸ਼ਾਨ ਭੂਮੀ ਵਿਚ ਬਣਾਇਆ ਹੋਇਆ ਸੀ। ਉਸ ਸ਼ਮਸ਼ਾਨ ਭੂਮੀ ਵਿਚ ਦੋ ਪ੍ਰਕਾਰ ਦੀਆਂ ਕਬਰਾਂ ਸਨ ਇਕ ਤਾਂ ਉਹਨਾਂ ਲੋਕਾਂ ਦੀਆਂ ਕਬਰਾਂ ਸਨ ਜਿਹੜੇ ਬੜੇ ਗਰੀਬ ਤੇ ਛੋਟੀਆਂ ਜਾਤੀਆਂ ਦੇ ਸਨ। ਪਰ ਇਕ ਉਹ ਕਬਰਾਂ ਸਨ ਜਿਥੇ ਬੜੇ ਬੜੇ ਅਮੀਰ ਤੇ ਰਾਜੇ ਮਹਾਰਾਜਿਆਂ ਨੂੰ ਦਫਨਾਇਆ ਜਾਂਦਾ ਸੀ। ਇਕ ਪਾਸੇ ਗਰੀਬ ਤੇ ਛੋਟੀ ਜਾਤੀ ਵਾਲਿਆਂ ਦੀਆਂ ਕਬਰਾਂ ਅਤੇ ਦੂਜੇ ਪਾਸੇ ਅਮੀਰਾਂ ਤੇ ਰਾਜਿਆਂ ਦੀਆਂ ਕਬਰਾਂ ਵਿਚਕਾਰ ਦੀ ਇਕ ਰਸਤਾ ਸੀ। ਇਕ ਦਿਨ ਦੀ ਘਟਨਾ ਹੈ ਕਿ ਚੁਆਂਗਤਸੇ ਅਮੀਰ ਲੋਕਾਂ ਦੀਆਂ ਕਬਰਾਂ ਵਿਚੋਂ ਦੀ ਗੁਜ਼ਰਦਾ ਸੀ ਕਿ ਇਕ ਮਨੁੱਖੀ ਖੋਪੜੀ ਨੂੰ ਪੈਰ ਵੱਜ ਗਿਆ। ਦੇਖਿਆ ਤਾਂ ਉਹ ਖੋਪੜੀ। ਚੁਆਂਗਤਸੇ ਇਕ ਦਮ ਸੋਚਣ ਲਗੇ ਕਿ ਇਸ ਖੋਪੜੀ ਨੂੰ ਮੇਰਾ ਪੈਰ ਵੱਜਾ ਹੈ ਅਗਰ ਇਹ ਆਦਮੀ ਜੀਵਤ ਹੁੰਦਾ ਤਾਂ ਕੀ ਇਹ ਮੈਨੂੰ ਛੱਡਦਾ। ਇਹ ਖੋਪੜੀ ਹੈ ਵੀ ਕਿਸੇ ਅਮੀਰ ਦੀ ਜਾਂ ਰਾਜੇ ਮਹਾਰਾਜੇ ਦੀ ਹੈ। ਚੁਆਂਗਤਸੇ ਇਕ ਦਮ ਝੁਕੇ ਤੇ ਉਸ ਖੋਪੜੀ ਨੂੰ ਚੁੱਕ ਕੇ ਮੱਥੇ ਨਾਲ ਲਾਇਆ। ਕਹਿਣ ਲਗੇ ਕਿ ਮੁਆਫ ਕਰਨਾ ਭਾਈ! ਜ਼ਰਾ ਮੈਂ ਕਾਹਲੀ ਵਿਚ ਸਾਂ। ਦੇਖਿਆ ਨਹੀਂ। ਫਿਰ ਕਹਿੰਦੇ ਹਨ ਕਿ ਚੁਆਂਗਤਸੇ ਨੇ ਉਹ ਖੋਪੜੀ ਚੁੱਕ ਲਈ ਅਤੇ ਆਪਣੇ ਨਾਲ ਹੀ ਘਰ ਨੂੰ ਲੈ ਗਏ। ਉਹ ਖੋਪੜੀ ਉਹ ਸਦਾ ਆਪਣੇ ਨਾਲ ਰੱਖਦੇ ਸਨ। ਜਿਥੇ ਉਹ ਜਾਂਦੇ ਸਨ ਤਾਂ ਉਹ ਖੋਪੜੀ ਸਦਾ ਆਪਣੇ ਨਾਲ ਹੀ ਰਖਦੇ ਸਨ। ਜੇ ਕੋਈ ਪੁੱਛਦਾ ਸੀ ਕਿ ਇਹ ਖੋਪੜੀ ਕਿਸ ਵਾਸਤੇ ਨਾਲ ਰੱਖੀ ਹੋਈ ਹੈ? ਤਾਂ ਉਹ ਜੁਆਬ ਦੇਂਦੇ ਸਨ ਕਿ ਇਹ ਖੋਪੜੀ ਮੈਨੂੰ ਸਦਾ ਮਰਨਾ ਯਾਦ ਕਰਾਉਂਦੀ ਹੈ। ਮੌਤ ਸਦਾ ਚੇਤੇ ਰਹੇ ਇਸ ਵਾਸਤੇ ਇਹ ਖੋਪੜੀ ਸਦਾ ਮੈਂ ਆਪਣੇ ਕੋਲ ਰੱਖਦਾ ਹਾਂ। ਦੋ ਹੀ ਸ਼ਕਤੀਆਂ ਸਦਾ ਚੇਤੇ ਰੱਖਣ ਯੋਗ ਹਨ। ਇਕ ਮੌਤ ਤੇ ਦੂਜਾ ਪਰਮਾਤਮਾ ਜਿਨ੍ਹਾਂ ਨੂੰ ਮੌਤ ਚੇਤੇ ਰਹਿੰਦੀ ਹੈ ਉਹ ਜੀਵਨ ਵਿਚ ਕਦੇ ਗਲਤ ਨਹੀਂ ਹੁੰਦੇ। ਉਹਨਾਂ ਨੂੰ ਸਦਾ ਇਹ ਫਿਕਰ ਰਹਿੰਦਾ ਹੈ ਕਿ ਜੀਵਨ ਬੜਾ

ਛੋਟਾ ਹੈ, ਜਿੰਨੀ ਜਲਦੀ ਹੋ ਸਕੇ ਮੰਜ਼ਿਲ ਤੇ ਪਹੁੰਚਿਆ ਜਾ ਸਕੇ। ਉਹਨਾਂ ਨੂੰ ਆਪਣੇ ਨਿਸ਼ਾਨੇ ਤੇ ਪੁਜਣ ਦੀ ਕਾਹਲ ਹੁੰਦੀ ਹੈ। ਐਸੇ ਲੋਕਾਂ ਦਾ ਨਿਸ਼ਾਨਾ ਵੀ ਬਹੁਤ ਪਵਿਤਰ ਹੁੰਦਾ ਹੈ। ਗੁਸਾਂਈ ਤੁਲਸੀ ਦੇ ਕਥਨ ਅਨੁਸਾਰ ਉਹ ਕੋਈ ਐਸਾ ਹੀ ਨਿਸ਼ਾਨਾ ਮਿਥ ਕੇ ਚਲਦੇ ਹਨ।

ਤੁਲਸੀ ਜਬ ਹਮ ਆਏ ਜਗਤ ਮਹਿ, ਜਗ ਹੰਸਾ ਹਮ ਰੋਏ॥
ਐਸੀ ਕਰਨੀ ਕਰ ਚਲੇ, ਹਮ ਹੰਸੇ ਜਗ ਰੋਏ॥ *(ਗੁਸਾਈ ਤੁਲਸੀ)*

ਮੈਂ ਕਿਸੇ ਪੁਸਤਕ ਵਿਚ ਇਕ ਕਹਾਣੀ ਪੜ੍ਹੀ ਸੀ ਇਕ ਪਿੰਡ ਵਿਚ ਦੋ ਐਸੇ ਸਾਧੂ ਰਹਿੰਦੇ ਸਨ ਕਿ ਜਿਹੜੇ ਕਦੇ ਦੁਖੀ ਨਹੀਂ ਸਨ ਹੋਏ। ਸਦਾ ਖੁਸ਼ ਰਹਿੰਦੇ ਸਨ ਅਤੇ ਦੂਸਰਿਆਂ ਨੂੰ ਖੁਸ਼ ਰੱਖਦੇ ਸਨ। ਗਰੀਬ ਸਨ ਤੇ ਰੋਜ਼ੀ ਰੋਟੀ ਲਈ ਮਜ਼ਦੂਰੀ ਕਰਦੇ ਸਨ। ਉਹਨਾਂ ਦੇ ਘਰ ਦਾ ਇਕ ਹੀ ਕਮਰਾ ਸੀ ਜਿਸ ਵਿਚ ਉਹ ਦੋਵੇਂ ਹੀ ਗੁਜਾਰਾ ਕਰਦੇ ਸਨ। ਇਕ ਵਾਰ ਬਹੁਤ ਮੀਂਹ ਪੈਣ ਨਾਲ ਉਹਨਾਂ ਦੇ ਕਮਰੇ ਦੀ ਅੱਧੀ ਛੱਤ ਡਿੱਗ ਪਈ। ਅਗਲੇ ਦਿਨ ਲੋਕ ਉਹਨਾਂ ਨਾਲ ਅਫਸੋਸ ਕਰਨ ਲਗੇ ਕਿ ਬਹੁਤ ਬੁਰਾ ਹੋਇਆ ਹੈ ਆਪ ਦੇ ਘਰ ਦੀ ਛੱਤ ਗਿਰ ਗਈ ਹੈ। ਉਹ ਅਗੋਂ ਕਹਿਣ ਲਗੇ ਕਿ ਕੋਈ ਖਾਸ ਬੁਰਾ ਨਹੀਂ ਹੋਇਆ। ਸਾਨੂੰ ਤਾਂ ਰਾਤ ਹੀ ਪਤਾ ਲਗਾ ਹੈ ਕਿ ਅੱਧੀ ਛੱਤ ਗਿਰਨ ਨਾਲ ਅਕਾਸ਼ ਵਿਚ ਚੰਦਰਮਾ ਸਾਫ ਦਿਖਾਈ ਦੇਂਦਾ ਹੈ ਤੇ ਤਾਜ਼ੀ ਹਵਾ ਅੰਦਰ ਆਉਂਦੀ ਹੈ। ਅਫਸੋਸ ਕਰਨ ਵਾਲੇ ਲੋਕ ਹੱਸਣ ਲਗੇ ਤੇ ਹੱਸ ਕੇ ਆਪਣੇ ਘਰਾਂ ਨੂੰ ਚਲੇ ਗਏ। ਅਕਸਰ ਲੋਕਾਂ ਨੇ ਉਹਨਾਂ ਸਾਧੂਆਂ ਨੂੰ ਕਦੇ ਵੀ ਦੁਖੀ ਨਹੀਂ ਸੀ ਦੇਖਿਆ। ਸਦਾ ਖੁਸ਼ ਰਹਿੰਦੇ ਸਨ। ਬੀਮਾਰੀ ਦੀ ਹਾਲਤ ਵਿਚ ਵੀ ਉਨ੍ਹਾਂ ਨੇ ਕਦੇ ਕਿਸੇ ਨੂੰ ਆਪਣਾ ਦੁਖ ਨਹੀਂ ਸੀ ਸੁਣਾਇਆ।

ਇਕ ਵਾਰ ਐਸੀ ਘਟਨਾ ਘਟੀ ਉਹ ਦੋਵੇਂ ਫਕੀਰ ਇਕੱਠੇ ਹੀ ਸਖਤ ਬਿਮਾਰ ਪੈ ਗਏ। ਸਦਾ ਖੁਸ਼ ਰਹਿੰਦੇ ਸਨ, ਇਸ ਕਰਕੇ ਕਿਸੇ ਨੂੰ ਪਤਾ ਵੀ ਨਾ ਲਗਾ ਕਿ ਇਹ ਸਖਤ ਬਿਮਾਰ ਹਨ। ਪਰ ਉਹ ਆਪਣਾ ਇਲਾਜ ਬਥੇਰਾ ਕਰਵਾਉਂਦੇ ਰਹੇ ਪਰ ਰੋਗ ਵਧਦਾ ਹੀ ਗਿਆ। ਅਖੀਰ ਉਹਨਾਂ ਨੂੰ ਪਤਾ ਲਗ ਗਿਆ ਕਿ ਹੁਣ ਅਸੀਂ ਬਚਣਾ ਨਹੀਂ। ਉਹਨਾਂ ਆਪਣੇ ਪਿੰਡ ਦੇ ਸਾਰੇ ਲੋਕਾਂ ਨੂੰ ਸੱਦ ਕੇ ਇਕ ਵਸੀਅਤ ਕਹੀ। ਉਹਨਾਂ ਕਿਹਾ ਕਿ ਵੈਸੇ ਤਾਂ ਅਸੀਂ ਛੇਤੀ ਮਰਨਾ ਨਹੀਂ। ਪਰ ਜੇ ਕਿਧਰੇ ਅਸੀਂ ਮਰ ਵੀ ਜਾਈਏ ਤਾਂ ਤੁਸੀਂ ਹੀ ਸਾਡਾ ਸਸਕਾਰ ਕਰਨਾ ਹੈ। ਤੁਸੀਂ ਹੀ ਸਾਡੇ ਪਿਆਰੇ ਹੋ ਅਤੇ ਤੁਸੀਂ ਸਾਡੇ ਰਿਸ਼ਤੇਦਾਰ ਸਬੰਧੀ ਹੋ। ਸਾਡੀ ਕੋਈ ਆਪਣੀ ਖਾਸ ਜਾਇਦਾਦ ਤਾਂ ਹੈ ਨਹੀਂ ਜੋ ਅਸੀਂ ਕਿਸੇ ਦੇ ਨਾਮ ਵਸੀਅਤ ਕਰਕੇ ਜਾਣੀ ਹੈ। ਪਰ ਫਿਰ ਵੀ ਅਸਾਂ ਆਪ ਲੋਕਾਂ ਦੇ ਨਾਮ ਇਕ ਕਾਗਜ ਲਿਖ ਦਿੱਤਾ ਹੈ ਕਿ ਜਦੋਂ ਅਸੀਂ ਮਰ ਜਾਈਏ ਤਾਂ ਸਾਡੇ ਕਪੜੇ ਉਤਾਰ ਕੇ ਇਸ਼ਨਾਨ ਨਾ ਕਰਵਾਇਆ ਜਾਵੇ ਜਿਨ੍ਹਾਂ ਕਪੜਿਆਂ ਵਿਚ ਸਾਡੀ ਮੌਤ ਹੋਵੇ ਉਨ੍ਹਾਂ ਵਿਚ ਹੀ ਸਾਡੇ ਪੰਜ ਭੌਤਕ ਸਰੀਰ

ਦਾ ਦਾਹ ਸਸਕਾਰ ਕਰ ਦਿੱਤਾ ਜਾਵੇ। ਬਸ! ਏਹੀ ਸਾਡੀ ਅੰਤਿਮ ਇੱਛਾ ਹੈ। ਇਹ ਵਸੀਅਤ ਲਿਖ ਕੇ ਉਹਨਾਂ ਨੇ ਉਹਨਾਂ ਲੋਕਾਂ ਨੂੰ ਦੇ ਦਿੱਤੀ ਅਤੇ ਆਪ ਆਪਣੇ ਘਰ ਚਲੇ ਗਏ। ਕਹਿੰਦੇ ਹਨ ਕਿ ਅਗਲੇ ਦਿਨ ਉਹਨਾਂ ਦੋਵਾਂ ਦੀ ਮੌਤ ਹੋ ਗਈ। ਜਦੋਂ ਲੋਕਾਂ ਨੂੰ ਪਤਾ ਲਗਾ ਤਾਂ ਉਹਨਾਂ ਨੇ ਬੜਾ ਦੁਖ ਮਹਿਸੂਸ ਕੀਤਾ। ਆਖਿਰ ਉਹਨਾਂ ਦੀ ਵਸੀਅਤ ਅਨੁਸਾਰ ਉਹਨਾਂ ਨੂੰ ਬਿਨਾਂ ਇਸ਼ਨਾਨ ਕਰਾਏ ਹੀ ਚਿਖਾ ਉਪਰ ਰੱਖ ਦਿੱਤਾ ਗਿਆ। ਜਿਉਂ ਹੀ ਚਿਖਾ ਨੂੰ ਅੱਗ ਲਗੀ ਤਾਂ ਚਿਖਾ ਵਿਚੋਂ ਜੋਰ ਸ਼ੋਰ ਨਾਲ ਪਟਾਖੇ ਚਲਣ ਲਗੇ। ਪਟਾਖੇ ਚਲਦੇ ਦੇਖ ਕੇ ਲੋਕ ਬੜਾ ਹੱਸੇ। ਲੋਕ ਕਹਿਣ ਲਗੇ ਕਿ ਇਹਨਾਂ ਨੇ ਇਸ ਕਰਕੇ ਹੀ ਇਹ ਵਸੀਅਤ ਕੀਤੀ ਸੀ ਕਿ ਸਾਡਾ ਇਸ਼ਨਾਨ ਨਾ ਕਰਵਾਉਣਾ। ਦਰਅਸਲ ਉਹ ਮਹਾਤਮਾ ਲੋਕ ਸਨ ਜੋ ਆਪਣੀ ਮੌਤ ਤੇ ਵੀ ਕਿਸੇ ਦੀ ਅੱਖ ਵਿਚ ਹੰਝੂ ਨਹੀਂ ਸੀ ਦੇਖਣਾ ਚਾਹੁੰਦੇ। ਸਾਰੀ ਜ਼ਿੰਦਗੀ ਖੁਸ਼ ਰਹੇ ਤੇ ਦੂਸਰਿਆਂ ਨੂੰ ਖੁਸ਼ ਰਖਿਆ। ਆਪਣੀ ਮੌਤ ਨੂੰ ਵੀ ਖੁਸ਼ੀ ਵਿਚ ਬਦਲ ਗਏ। ਕੁਝ ਹੀ ਐਸੇ ਵਿਰਲੇ ਲੋਕ ਹੁੰਦੇ ਹਨ ਜਿਹੜੇ ਸਭ ਲਈ ਖੁਸ਼ੀਆਂ ਵੰਡਦੇ ਹਨ। ਫਿਰ ਐਸੇ ਲੋਕਾਂ ਦੀ ਮੌਤ ਹੋ ਕੇ ਵੀ ਮੌਤ ਨਹੀਂ ਹੁੰਦੀ। ਜੀਵਨ ਵਿਚ ਖੁਸ਼ੀਆਂ ਵੰਡਣ ਵਾਲਿਆਂ ਦੀ ਮੌਤ ਨਹੀਂ ਹੁੰਦੀ। ਜੀਵਨ ਵਿਚ ਜਿਹੜੇ ਲੋਕ ਖੁਸ਼ੀਆਂ ਵੰਡਦੇ ਹਨ, ਆਉਣ ਵਾਲੀਆਂ ਨਸਲਾਂ ਉਨ੍ਹਾਂ ਨੂੰ ਨੇਕੀ ਦੇ ਆਲਮ ਨਾਲ ਯਾਦ ਕਰਦੀਆਂ ਹਨ। ਮੌਤ ਤਾਂ ਇਸ ਧਰਤੀ ਤੇ ਕਿਸੇ ਨੂੰ ਵੀ ਮੁਆਫ ਨਹੀਂ ਕਰਦੀ। ਇਹ ਸੰਸਾਰ ਇਕ ਮੁਸਾਫਰ ਖਾਨਾ ਹੈ। ਇਥੇ ਦੁਨੀਆਂ ਮੁਸਾਫਰਾਂ ਦੀ ਤਰ੍ਹਾਂ ਆਉਂਦੀ ਹੈ ਅਤੇ ਚਲੇ ਜਾਂਦੀ ਹੈ। ਜਿਵੇਂ ਸਫਰ ਦੇ ਦੌਰਾਨ ਕਈ ਮੁਸਾਫਰਾਂ ਦਾ ਵਿਵਹਾਰ ਬੜਾ ਚੰਗਾ ਹੁੰਦਾ ਹੈ, ਪਰ ਕਈ ਚਲਦੀ ਟਰੇਨ ਵਿਚ ਹੀ ਖਰੂਦ ਕਰਨ ਲਗ ਜਾਂਦੇ ਹਨ। ਜਿਹੜੇ ਖਰੂਦ ਕਰਨ ਵਾਲੇ ਮੁਸਾਫਰ ਹੁੰਦੇ ਹਨ। ਉਹ ਦੂਸਰੇ ਮੁਸਾਫਰਾਂ ਦੀ ਪ੍ਰੇਸ਼ਾਨੀ ਦਾ ਕਾਰਨ ਵੀ ਬਣਦੇ ਹਨ। ਐਸੇ ਮੁਸਾਫਰਾਂ ਲਈ ਲੋਕ ਕਹਿੰਦੇ ਹਨ ਕਿ ਕਾਸ਼! ਕਿਤੇ ਇਹ ਮੁਸਾਫਰ ਇਸ ਟਰੇਨ ਵਿਚ ਸਫਰ ਨਾ ਨਾ ਕਰਦੇ।

ਇਕ ਸ਼ਹਿਰ ਦੇ ਸਟੇਸ਼ਨ ਤੇ ਆ ਕੇ ਰੇਲ ਰੁਕੀ। ਰੇਲ ਵਿਚੋਂ ਮੁਸਾਫਰ ਉਤਰੇ। ਜਿਸ ਨੇ ਜਿਥੇ ਜਾਣਾ ਸੀ ਉਸ ਪਾਸੇ ਨੂੰ ਤੁਰ ਪਿਆ। ਕੁਝ ਮੁਸਾਫਰ ਜਿਨ੍ਹਾਂ ਦੇ ਘਰ ਦੂਰ ਦੁਰਾਡੇ ਪਿੰਡਾਂ ਵਿਚ ਸਨ। ਉਹ ਕੋਈ ਮੁਸਾਫਰ ਖਾਨਾ ਲਭਣ ਲਗੇ। ਕਿਸੇ ਨੇ ਦਸਿਆ ਕਿ ਨੇੜੇ ਹੀ ਇਕ ਸੁੰਦਰ ਮੁਸਾਫਰ ਖਾਨਾ ਹੈ। ਰਾਤ ਕੱਟਣ ਲਈ ਕੁਝ ਮੁਸਾਫਰ ਉਸ ਮੁਸਾਫਰ ਖਾਨੇ ਚਲੇ ਗਏ। ਮੁਸਾਫਰ ਖਾਨੇ ਦਾ ਮਾਲਿਕ ਬਹੁਤ ਚੰਗਾ ਸੀ। ਉਹ ਇਸ ਮੁਸਾਫਰ ਖਾਨੇ ਵਿਚ ਮਾਲਿਕ ਬਣਕੇ ਨਹੀਂ ਸੀ ਕੰਮ ਕਰਦਾ ਬਲਕਿ ਸੇਵਾਦਾਰ ਬਣਕੇ ਸੇਵਾ ਕਰਦਾ ਸੀ। ਉਸ ਸੇਵਾਦਾਰ ਨੇ ਦਰਵਾਜ਼ਾ ਖੋਲ੍ਹਿਆ ਤੇ ਸਾਰੇ ਮੁਸਾਫਰਾਂ ਨੂੰ ਜੀ ਆਇਆਂ ਆਖਿਆ। ਮੁਸਾਫਰ ਖਾਨਾ ਬੜਾ ਸੁੰਦਰ ਸੀ। ਸਾਰੇ ਕਮਰੇ ਰੰਗਦਾਰ ਤੇ ਹਵਾਦਾਰ ਸਨ। ਮੁਸਾਫਰ ਖਾਨੇ ਦੀ ਸਫਾਈ ਦੇਖ ਕੇ ਰੂਹ ਖੁਸ਼

ਹੁੰਦੀ ਸੀ। ਮੁਸਾਫਰ ਖਾਨੇ ਦੀ ਖੂਬਸੂਰਤੀ ਦੇਖ ਕੇ ਇਕ ਮੁਸਾਫਰ ਨੇ ਕਿਹਾ ਕਿਸੇ ਨੇਕ ਪੁਰਸ਼ ਨੇ ਲੋਕਾਂ ਦੇ ਭਲੇ ਵਾਸਤੇ ਇਹ ਮੁਸਾਫਰ ਖਾਨਾ ਬਣਾਇਆ ਹੈ। ਕਾਸ਼! ਕਿਤੇ ਸਾਡੇ ਵਿਚ ਵੀ ਏਨੀ ਤੌਫੀਕ ਹੁੰਦੀ ਕਿ ਅਸੀਂ ਵੀ ਲੋਕਾਂ ਦੇ ਭਲੇ ਲਈ ਇਸ ਤਰ੍ਹਾਂ ਦਾ ਮੁਸਾਫਰ ਖਾਨਾ ਬਣਾ ਸਕਦੇ। ਉਸ ਮੁਸਾਫਰ ਦੀ ਧਰਮ ਪਤਨੀ ਕਹਿਣ ਲਗੀ ਕਿ ਜੇ ਆਪਣੇ ਵਿਚ ਏਨੀ ਸਮਰਥਾ ਨਹੀਂ ਤਾਂ ਸਾਨੂੰ ਏਸੇ ਹੀ ਚਲਦੇ ਮੁਸਾਫਰ ਖਾਨੇ ਦੀ ਸਹਾਇਤਾ ਰਾਹੀਂ ਆਪਣੀ ਤੌਫੀਕ ਅਨੁਸਾਰ ਸੇਵਾ ਕਰਨੀ ਚਾਹੀਦੀ ਹੈ। ਪਤੀ, ਆਪਣੀ ਧਰਮ ਪਤਨੀ ਨੂੰ ਕਹਿਣ ਲਗਾ ਤੂੰ ਠੀਕ ਕਹਿੰਦੀ ਹੈ। ਮੁਸਾਫਰ ਖਾਨੇ ਦੇ ਮਾਲਿਕ ਨੇ ਸਾਰੇ ਮੁਸਾਫਰਾਂ ਲਈ ਕਮਰੇ ਖੋਲ੍ਹ ਦਿੱਤੇ। ਸਾਰੇ ਮੁਸਾਫਰ ਆਪੋ ਆਪਣੇ ਨਿਯਤ ਕਮਰਿਆਂ ਵਿਚ ਚਲੇ ਗਏ। ਇਕ ਮੁਸਾਫਰ ਜੋੜੀ ਨੇ ਜਦੋਂ ਕਮਰਾ ਖੋਲ੍ਹਿਆ ਤਾਂ ਕਮਰੇ ਦੀ ਸਫਾਈ ਦੇਖ ਕੇ ਦੰਗ ਰਹਿ ਗਏ। ਕਹਿਣ ਲਗੇ ਕਿ ਇਸ ਤਰ੍ਹਾਂ ਦੇ ਕਮਰੇ ਤਾਂ ਕਈਆਂ ਨੂੰ ਆਪਣੇ ਘਰਾਂ ਵਿਚ ਵੀ ਨਸੀਬ ਨਹੀਂ ਸਨ। ਪਤਨੀ ਕਹਿਣ ਲਗੀ ਕਿ ਕਮਰਾ ਬੜਾ ਸਾਫ ਹੈ ਪਰ ਹੋਰ ਸਫਾਈ ਲਈ ਝਾੜੂ ਫੇਰ ਲੈਣਾ ਚਾਹੀਦਾ ਹੈ। ਪਤੀ ਕਹਿਣ ਲਗਾ ਕਿ ਬਿਸਤਰੇ ਦੀਆਂ ਚਾਦਰਾਂ ਵੀ ਝਾੜ ਕੇ ਵਿਛਾਉਣੀਆਂ ਚਾਹੀਦੀਆਂ ਹਨ। ਸੋ ਕਮਰਾ ਭਾਵੇਂ ਪਹਿਲਾਂ ਹੀ ਚੰਗਾ ਸਾਫ ਸੀ ਪਰ ਫਿਰ ਵੀ ਉਹਨਾਂ ਦੁਬਾਰਾ ਸਫਾਈ ਕੀਤੀ ਅਤੇ ਆਪਣੇ ਬਕਸੇ ਵਿਚੋਂ ਕੁਝ ਸੁੰਦਰ ਤਸਵੀਰਾਂ ਕੱਢ ਕੇ ਕਮਰੇ ਦੀਆਂ ਦੀਵਾਰਾਂ ਤੇ ਲਟਕਾ ਦਿੱਤੀਆਂ। ਨਾਲ ਵਾਲੇ ਕਮਰੇ ਵਿਚ ਵੀ ਇਕ ਮੁਸਾਫਰ ਜੋੜਾ ਠਹਿਰਿਆ ਹੋਇਆ ਸੀ। ਦੋਵੇਂ ਦੰਪਤੀ ਸਨ। ਪਤੀ ਨੇ ਆਪਣੀ ਧਰਮ ਪਤਨੀ ਨੂੰ ਕਿਹਾ ਕਿ ਭਾਵੇਂ ਕਮਰਾ ਬੜਾ ਸਾਫ ਸੁਥਰਾ ਹੈ, ਪਰ ਫਿਰ ਵੀ ਚਾਦਰਾਂ ਝਾੜ ਕੇ ਵਿਛਾਉਣੀਆਂ ਚਾਹੀਦੀਆਂ ਹਨ ਅਤੇ ਝਾੜੂ ਵੀ ਕਮਰੇ ਵਿਚ ਫੇਰਨਾ ਚਾਹੀਦਾ ਹੈ। ਪਤਨੀ, ਪਤੀ ਨੂੰ ਕਹਿਣ ਲਗੀ ਕਿ ਚਲੋ ਛਡੋ ਜੀ! ਇਹ ਕਿਹੜਾ ਆਪਣਾ ਘਰ ਹੈ। ਇਕ ਰਾਤ ਰਹਿਣਾ ਹੈ ਅਤੇ ਸਵੇਰੇ ਚਲੇ ਜਾਣਾ ਹੈ। ਪਤੀ ਵੀ ਕਹਿਣ ਲਗਾ ਕਿ ਚਲੋ ਛਡੋ! ਐਵੇਂ ਕੀ ਖਪਦੇ ਰਹਿਣਾ ਹੈ। ਬੱਸ! ਇਸ ਤਰ੍ਹਾਂ ਕਹਿ ਕੇ ਕਮਰਾ ਬਿਨਾਂ ਸਫਾਈ ਕੀਤਿਆਂ ਹੀ ਛੱਡ ਦਿੱਤਾ ਖਾਣ ਪੀਣ ਦੀਆਂ ਮਾਮੂਲੀ ਲੋੜਾਂ ਵੀ ਅੰਦਰ ਹੀ ਪੂਰੀਆਂ ਕੀਤੀਆਂ ਗਈਆਂ ਤੇ ਜੂਠ ਵੀ ਅੰਦਰ ਹੀ ਖਿਲਾਰੀ ਗਏ। ਚੰਗੇ ਭਲੇ ਸਾਫ ਸੁਥਰੇ ਕਮਰੇ ਦੀ ਸੂਰਤ ਵਿਗਾੜ ਕੇ ਰੱਖ ਦਿੱਤੀ। ਰਾਤ ਬੀਤੀ ਅਤੇ ਅਗਲੇ ਦਿਨ ਸਾਰੇ ਮੁਸਾਫਰ, ਮੁਸਾਫਰ ਖਾਨਾ ਛੱਡ ਕੇ ਆਪੋ ਆਪਣੇ ਰਸਤੇ ਚਲੇ ਗਏ।

ਰੋਜ਼ ਮਰ੍ਹਾ ਦੀ ਤਰ੍ਹਾਂ ਮੁਸਾਫਰ ਖਾਨੇ ਦਾ ਮਾਲਿਕ ਆਇਆ ਤੇ ਸਾਰੇ ਕਮਰਿਆਂ ਦੇ ਦਰਵਾਜੇ ਖੋਲ੍ਹ ਖੋਲ੍ਹ ਕੇ ਦੇਖਣ ਲਗਾ, ਪਹਿਲਾਂ ਉਸ ਨੇ ਉਹ ਕਮਰਾ ਖੋਲ੍ਹਿਆ ਜਿਥੇ ਉਹ ਆਲਸੀ ਜੋੜਾ ਗੰਦਾ ਕਰਕੇ ਚਲਾ ਗਿਆ ਸੀ। ਕਮਰੇ ਵਿਚ ਝਾਤੀ ਮਾਰ ਕੇ ਮਾਲਕ ਦਾ ਮਨ ਏਨਾ ਖਰਾਬ ਹੋਇਆ ਕਿ ਉਸ ਦੇ ਸੜ੍ਹੇ ਦਿਲ ਵਿਚੋਂ ਬਦਦੁਆ

ਨਿਕਲੀ। ਕਹਿਣ ਲਗਾ ਹੇ ਖੁਦਾ! ਸੰਸਾਰ ਵਿਚ ਕਿਹੋ ਜਿਹੇ ਮੁਸਾਫਰ ਆ ਜਾਂਦੇ। ਮੁਸਾਫਰ ਖਾਨੇ ਦੀ ਸੂਰਤ ਹੀ ਵਿਗਾੜ ਕੇ ਚਲੇ ਜਾਂਦੇ ਹਨ। ਹੇ ਪ੍ਰਭੂ! ਇਸ ਤਰ੍ਹਾਂ ਦੇ ਮੁਸਾਫਰ ਨਿਜ ਆਉਣ, ਨਾ ਭੇਜਿਆ ਕਰ ਇਸ ਤਰ੍ਹਾਂ ਦੇ ਮੁਸਾਫਰਾਂ ਨੂੰ। ਪਰ ਜਦੋਂ ਉਸ ਨੇ ਉਹ ਕਮਰਾ ਖੋਲ੍ਹ ਕੇ ਦੇਖਿਆ ਜਿਸ ਨੂੰ ਉਸ ਮੁਸਾਫਰ ਜੋੜੀ ਨੇ ਆਪ ਸਵਾਰਿਆ ਸੀ। ਦੇਖ ਕੇ, ਮਾਲਕ ਦਾ ਦਿਲ ਬਾਗ ਬਾਗ ਹੋ ਗਿਆ। ਉਹ ਕਮਰਾ ਇਸ ਤਰ੍ਹਾਂ ਸਜਿਆ ਸਵਰਿਆ ਸੀ, ਜਿਵੇਂ ਕਿਸੇ ਦਾ ਨਿੱਜੀ ਘਰ ਹੋਵੇ। ਮਾਲਕ ਵੇਖ ਕੇ ਸੁਭਾਵਕ ਕਹਿ ਉਠਿਆ ਹੇ ਪ੍ਰਭੂ! ਇਸ ਤਰ੍ਹਾਂ ਦੇ ਮੁਸਾਫਰ ਰੋਜ਼ ਭੇਜਿਆ ਕਰ, ਜਿਹੜੇ ਰਾਤ ਵੀ ਕੱਟ ਜਾਣ ਤੇ ਮੁਸਾਫਰ ਖਾਨੇ ਨੂੰ ਵੀ ਸੁਧਾਰ ਜਾਣ।

ਦੁਨੀਆਂ ਇਕ ਮੁਸਾਫਰ ਖਾਨਾ ਹੈ। ਹਰ ਜੀਵ ਮੁਸਾਫਰ ਹੈ, ਜੋ ਆਪਣੀ ਜ਼ਿੰਦਗੀ ਦੀ ਰਾਤ ਕਟਣ ਲਈ ਸੰਸਾਰ ਵਿਚ ਆਉਂਦਾ ਹੈ। ਸੰਜੋਗ ਲੈ ਕੇ ਆਉਂਦਾ ਹੈ ਅਤੇ ਵਿਯੋਗ ਕਰਕੇ ਜਾਂਦਾ ਹੈ।

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ *(ਸ੍ਰੀ ਰਾਗੁ ਮ: ੫, ਪੰਨਾ ੫੦)*

ਦੁਨੀਆਂ ਦੇ ਮੁਸਾਫਰ ਖਾਨੇ ਮੰਦੇ ਸੰਸਕਾਰਾਂ ਵਾਲੇ ਲੋਕ ਸੂਰਤ ਸ਼ਕਲ ਵਿਗਾੜ ਦਿੰਦੇ ਹਨ। ਆਉਣ ਵਾਲੀਆਂ ਨਸਲਾਂ ਉਹਨਾਂ ਨੂੰ ਨਫਰਤ ਨਾਲ ਯਾਦ ਕਰਦੀਆਂ ਹਨ। ਇਸ ਤਰ੍ਹਾਂ ਦੇ ਮੁਸਾਫਰਾਂ ਦਾ ਨਾ ਆਉਣਾ ਹੀ ਚੰਗਾ ਹੈ। ਆਉਣ ਵਾਲੀ ਪੀੜੀ ਕਹੇਗੀ ਕਿ "ਕਿਹਾ ਚੰਗਾ ਹੁੰਦਾ ਜੇ ਉਹ ਕਦੇ ਵੀ ਨਾ ਆਉਂਦੇ।"

ਚੰਗੇ ਸੰਸਕਾਰਾਂ ਵਾਲੇ ਲੋਕ ਸੰਸਾਰ ਨੂੰ ਵਧੇਰੇ ਸਾਫ ਸੁਥਰਾ ਬਣਾ ਕੇ ਜਾਂਦੇ ਹਨ। ਉਹ ਆਪਣੇ ਪਿਛੇ ਮਿੱਠੀਆਂ ਯਾਦਾਂ ਛੱਡ ਜਾਂਦੇ ਹਨ। ਆਉਣ ਵਾਲੀਆਂ ਨਸਲਾਂ ਉਹਨਾਂ ਨੂੰ ਸਦਾ ਇੱਜਤ ਨਾਲ ਯਾਦ ਕਰਦੀਆਂ ਹਨ।

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ ਹਡਾਂ ਕੂ ਕੜਕਾਇ ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥

ਸਿਆਣਪ ਅਤੇ ਮੌਤ ਦੀ ਕਲਾ

ਸਾਰੀ ਸ੍ਰਿਸ਼ਟੀ ਦਾ ਜੀਵਨ ਸਮੇਂ ਦੀ ਇਕ ਹੱਦ ਵਿਚ ਬੱਝਾ ਹੋਇਆ ਹੈ। ਇਸ ਹੱਦ ਦੀ ਕੋਈ ਵੀ ਉਲੰਘਣਾ ਨਹੀਂ ਕਰ ਸਕਦਾ। ਇਹ ਨਹੀਂ ਹੱਦ ਕਿ ਕੋਈ ਇਸ ਧਰਤੀ ਤੇ ਬੜਾ ਬੁੱਧੀਮਾਨ ਹੈ ਤਾਂ ਉਹ ਆਪਣੀ ਅਕਲ ਦੁਆਰਾ ਕਾਲ ਦੀ ਹੱਦ ਨੂੰ ਤੋੜ ਦੇਵੇਗਾ। ਵੱਡੇ ਤੋਂ ਵੱਡਾ ਬੁਧੀਮਾਨ ਵੀ ਕਾਲ ਵਿਚ ਹੀ ਪੈਦਾ ਹੁੰਦਾ ਹੈ ਤੇ ਕਾਲ ਵਿਚ ਹੀ ਮਰ ਜਾਂਦਾ ਹੈ। ਆਦਿ ਕਾਲ ਤੋਂ ਹੀ ਵਿਦਿਆ ਦਾ ਮੂਲ ਬ੍ਰਹਮਾ ਨੂੰ ਮੰਨਿਆ ਜਾਂਦਾ ਹੈ। ਬ੍ਰਹਮਾ ਵਲੋਂ ਹੀ ਚਾਰ ਵੇਦਾਂ ਦੀ ਰਚਨਾ ਕੀਤੀ ਗਈ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦਾ ਕਥਨ ਹੈ ਕਿ ਬ੍ਰਹਮਾ ਵੀ ਸਮੇਂ ਦੀ ਹੱਦ ਵਿਚ ਆਇਆ ਤੇ ਚਲਾ ਗਿਆ।

ਕਾਲ ਪਾਇ ਬ੍ਰਹਮਾ ਬਪੁ ਧਰਾ॥ *(ਪਾਤਸ਼ਾਹੀ ੧੦ਵੀਂ)*

ਅੱਜ ਤਕ ਕੋਈ ਵੀ ਹਕੀਮ ਮੌਤ ਦਾ ਇਲਾਜ ਨਹੀਂ ਲੱਭ ਸਕਿਆ। ਜਿੰਨੀਆਂ ਦਵਾਈਆਂ ਬਣੀਆਂ ਹਨ, ਉਹ ਸਾਰੀਆਂ ਰੋਗਾਂ ਲਈ ਬਣੀਆਂ ਹਨ, ਮੌਤ ਦੀ ਅਜ ਤਕ ਕੋਈ ਦਵਾਈ ਨਹੀਂ ਬਣ ਸਕੀ। ਦੁਨੀਆਂ ਭਰ ਦੇ ਦੋ ਚਾਰ ਗਿਣੇ ਅਕਲਮੰਦ ਆਦਮੀਆਂ ਵਿਚੋਂ ਅਕਲ ਮੰਦ ਆਦਮੀ ਲੁਕਮਾਨ ਹਕੀਮ ਦਾ ਇਕ ਨਾਮ ਹੈ। ਲੁਕਮਾਨ ਹਕੀਮ, ਯੁਨਾਨ ਦਾ ਪ੍ਰਸਿੱਧ ਹਕੀਮ ਸੀ, ਜਿਸ ਦਾ ਦਾਅਵਾ ਸੀ ਕਿ ਮੇਰੀ ਬਣੀ ਹੋਈ ਦਵਾਈ ਖਾਣ ਨਾਲ ਰੋਗੀ ਮਰ ਨਹੀਂ ਸਕਦਾ। ਮਰੀਜ ਨੂੰ ਮਰਣ ਤੋਂ ਪਹਿਲਾਂ ਮੇਰੇ ਤਕ ਕੋਈ ਲੈ ਆਵੇ ਸਹੀ, ਆਪਣੀ ਦਵਾਈ ਦੁਆਰਾ, ਮੈਂ ਉਸ ਨੂੰ ਮਰਨ ਨਹੀਂ ਦਿਆਂਗਾ। ਵਾਕਿਆ ਹੀ ਬੜਾ ਕਾਮਲ ਤੇ ਆਲਮ ਫਾਜ਼ਿਲ ਹਕੀਮ ਸੀ। ਕਹਿੰਦੇ ਹਨ ਕਿ ਇਕ ਵਾਰ ਰਾਜੇ ਦਾ ਇਕਲੌਤਾ ਰਾਜਕੁਮਾਰ ਬਿਮਾਰ ਪੈ ਗਿਆ। ਚੰਗੇ ਤੋਂ ਚੰਗਾ ਇਲਾਜ ਕਰਨ ਦੇ ਬਾਵਜੂਦ ਵੀ ਉਸ ਦੀ ਬਿਮਾਰੀ ਵੱਧਦੀ ਹੀ ਗਈ। ਕਹਿੰਦੇ ਹਨ ਕਿ ਕਿਸੇ ਨੇ ਰਾਜੇ ਨੂੰ ਕਿਹਾ ਕਿ ਰਾਜਨ! ਲੁਕਮਾਨ ਤੋਂ ਬਿਨਾਂ ਤੁਹਾਡੇ ਪੁੱਤਰ ਨੂੰ ਕੋਈ ਨਹੀਂ ਬਚਾ ਸਕਦਾ। ਰਾਜਾ ਕਹਿਣ ਲਗਾ ਕਿ ਜਿੰਨੀ ਛੇਤੀ ਹੋ ਸਕਦਾ ਹੈ ਰਾਜਕੁਮਾਰ ਨੂੰ ਲੁਕਮਾਨ ਕੋਲ ਲੈ ਚਲੋ? ਸਿਪਾਹੀਆਂ ਨੇ ਰਾਜਕੁਮਾਰ ਦਾ ਮੰਜਾ ਚੁਕਿਆ ਤੇ ਝੱਟ ਲੁਕਮਾਨ ਹਕੀਮ ਕੋਲ ਲੈ ਗਏ। ਰਾਜਾ! ਲੁਕਮਾਨ ਹਕੀਮ ਦੇ ਕੋਲ ਬੜਾ ਗਿੜ ਗਿੜਾਇਆ। ਕਹਿਣ ਲਗਾ ਕਿ ਮੇਰਾ ਇਕਲੌਤਾ ਪੁੱਤਰ ਹੈ! ਜਿਵੇਂ ਵੀ ਹੋ ਸਕਦਾ ਹੈ ਇਸ ਨੂੰ ਬਚਾ ਲਉ? ਇਸ ਦੇ ਰੋਗ ਦਾ ਕੋਈ ਹਕੀਮ ਵੀ ਇਲਾਜ ਨਹੀਂ ਕਰ ਸਕਿਆ। ਰੋਗ ਦਿਨ-ਬ-ਦਿਨ ਵਧਦਾ ਹੀ ਗਿਆ ਹੈ। ਲੁਕਮਾਨ, ਰਾਜੇ ਨੂੰ ਕਹਿਣ ਲਗਾ ਕਿ ਰਾਜਨ! ਜੇ ਮੈਂ ਵੀ ਰਾਜ ਕੁਮਾਰ ਦਾ ਇਲਾਜ ਨਾ ਕਰ

ਸਕਿਆ, ਤਾਂ ਮੈਂ ਹਿਕਮਤ ਹੀ ਛੱਡ ਦਿਆਂਗਾ ਅਤੇ ਹਿਕਮਤ ਦੇ ਸਾਰੇ ਗ੍ਰੰਥ ਸਮੁੰਦਰ ਵਿਚ ਰੋੜ੍ਹ ਦਿਆਂਗਾ। ਲੁਕਮਾਨ ਨੂੰ ਬੜਾ ਮਾਨ ਸੀ ਆਪਣੀ ਹਿਕਮਤ ਉਪਰ ਰਾਜੇ ਨੂੰ ਵੀ ਪੂਰਾ ਭਰੋਸਾ ਹੋ ਗਿਆ ਕਿ ਹੁਣ ਮੇਰਾ ਇਕਲੌਤਾ ਪੁੱਤਰ ਬਚ ਜਾਏਗਾ। ਕਹਿੰਦੇ ਹਨ ਕਿ ਲੁਕਮਾਨ ਨੇ ਇਲਾਜ ਕਰਨਾ ਅਰੰਭ ਕੀਤਾ। ਪਰ ਫਿਰ ਵੀ ਰੋਗ ਵਿਚ ਕੋਈ ਫਰਕ ਨਾ ਪਿਆ। ਬਲਕਿ ਰੋਗ ਹੋਰ ਵੱਧ ਗਿਆ। ਲੁਕਮਾਨ ਕੋਲ ਜਿਹੜਾ ਆਖਰੀ ਨੁਸਖਾ ਸੀ, ਜਿਸ ਤੇ ਉਸ ਨੂੰ ਇਹ ਭਰੋਸਾ ਸੀ ਕਿ ਇਹ ਦਵਾਈ ਖਾਣ ਨਾਲ ਮੌਤ ਵੀ ਪਿੱਛੇ ਪਰਤ ਜਾਂਦੀ ਹੈ। ਉਹ ਦਵਾਈ ਵੀ ਲੁਕਮਾਨ ਨੇ ਰਾਜ ਕੁਮਾਰ ਤੇ ਵਰਤ ਕੇ ਦੇਖ ਲਈ। ਪਰ ਰੋਗ ਨੂੰ ਕੋਈ ਫਰਕ ਨਾ ਪਿਆ। ਆਖਿਰ ਰਾਜਕੁਮਾਰ ਦਮ ਤੋੜ ਗਿਆ। ਲੁਕਮਾਨ ਨੂੰ ਬਹੁਤ ਵੱਡਾ ਧੱਕਾ ਲਗਾ। ਦਵਾਈ ਖਾਣ ਦੇ ਬਾਵਜੂਦ ਵੀ ਰਾਜੇ ਦਾ ਪੁੱਤਰ ਦਮ ਤੋੜ ਗਿਆ। ਰਾਜੇ ਨੇ ਤਾਂ ਨਿਰਾਸ਼ ਹੋਣਾ ਹੀ ਸੀ ਪਰ ਲੁਕਮਾਨ ਹਕੀਮ ਏਨਾ ਨਿਰਾਸ਼ ਹੋਇਆ ਕਿ ਪਛਤਾਵੇ ਦੇ ਆਲਮ ਵਿਚ ਲੁਕਮਾਨ ਨੇ ਹਿਕਮਤ ਹੀ ਤਿਆਗ ਦਿੱਤੀ। ਹਿਕਮਤ ਦੇ ਸਾਰੇ ਗ੍ਰੰਥ ਇਕ ਊਠ ਉਪਰ ਲੱਦ ਲਏ ਤੇ ਸਮੁੰਦਰ ਵਿਚ ਰੋੜ੍ਹਨ ਵਾਸਤੇ ਲੈ ਗਿਆ। ਸਮੁੰਦਰ ਵੱਲ ਜਾ ਰਿਹਾ ਸੀ ਕਿ ਰਸਤੇ ਵਿਚ ਇਕ ਆਦਮੀ ਮਿਲਿਆ। ਉਸ ਨੇ ਪੁਛਿਆ ਹਕੀਮ ਜੀ ਕਿਧਰ ਜਾ ਰਹੇ ਹੋ? ਤਾਂ ਲੁਕਮਾਨ ਨੇ ਨਿਰਾਸ਼ਾ ਵਿਚ ਉੱਤਰ ਦੇਂਦਿਆਂ ਕਿਹਾ ਕਿ ਸਮੁੰਦਰ ਵਿਚ ਇਹ ਗ੍ਰੰਥ ਰੋੜ੍ਹਨ ਜਾ ਰਿਹਾ ਹਾਂ। ਉਸ ਆਦਮੀ ਨੇ ਜ਼ੋਰ ਦੇ ਕੇ ਫਿਰ ਪੁਛਿਆ ਕਿ ਆਖਿਰ ਗੱਲ ਕੀ ਹੈ? ਤੂੰ ਇਹ ਸਾਰੇ ਹਿਕਮਤ ਦੇ ਗ੍ਰੰਥ ਕਿਉਂ ਨਸ਼ਟ ਕਰਨਾ ਚਾਹੁੰਦਾ ਹੈ। ਤਾਂ ਲੁਕਮਾਨ ਨੇ ਜੁਆਬ ਦਿੱਤਾ ਕਿ ਜਿਥੇ ਹਿਕਮਤ ਦੀ ਅਕਲ ਮੁਕਦੀ ਹੈ, ਓਥੋਂ ਮੈਂ ਆਪਣੀ ਹਿਕਮਤ ਸ਼ੁਰੂ ਕਰਦਾ ਹਾਂ। ਪਰ ਫਿਰ ਵੀ ਮੈਂ ਫੇਅਲ ਹੋ ਗਿਆ ਹਾਂ। ਹਿਕਮਤ ਤੋਂ ਮਨ ਚੁੱਕ ਗਿਆ ਹੈ। ਇਹਨਾਂ ਗ੍ਰੰਥਾਂ ਦਾ ਕੋਈ ਲਾਭ ਨਹੀਂ। ਸਭ ਝੂਠੇ ਹਨ। ਇਹਨਾਂ ਨੂੰ ਸਮੁੰਦਰ ਵਿਚ ਰੋੜ੍ਹ ਦੇਣਾ ਚਾਹੀਦਾ ਹੈ। ਉਹ ਆਦਮੀ ਕਹਿਣ ਲਗਾ ਕਿ ਲੁਕਮਾਨ! ਏਨਾ ਨਿਰਾਸ਼ ਨਾ ਹੋ। ਲੁਕਮਾਨ ਕਹਿਣ ਲਗਾ ਨਿਰਾਸ਼ ਨਾ ਹੋਵਾਂ ਤੇ ਕੀ ਕਰਾਂ? ਸਾਰੀ ਜ਼ਿੰਦਗੀ ਖਰਚ ਏਨੇ ਗ੍ਰੰਥ ਪੜ੍ਹੇ ਹਨ। ਏਹਨਾਂ ਸਾਰੇ ਗ੍ਰੰਥਾਂ ਦੀ ਖੋਜ ਵਿਚੋਂ ਜੋ ਮੈਂ ਸਾਰ ਤਤ ਕੱਢਿਆ ਸੀ। ਉਹ ਕੇਵਲ ਇਹ ਦਵਾਈ ਸੀ। ਜਿਹੜੀ ਮੈਂ ਰਾਜਕੁਮਾਰ ਨੂੰ ਦਿੱਤੀ ਹੈ। ਸਾਰੀ ਦੁਨੀਆਂ ਵਿਚ ਮੈਂ ਦਾਅਵੇ ਨਾਲ ਕਿਹਾ ਸੀ ਕਿ ਜਿਹੜਾ ਰੋਗੀ ਮੇਰੀ ਬਣੀ ਹੋਈ ਦਵਾਈ ਖਾ ਲਏਗਾ। ਉਹ ਮਰ ਨਹੀਂ ਸਕਦਾ। ਪਰ ਅੱਜ ਇਕਲੌਤੇ ਰਾਜਕੁਮਾਰ ਨੂੰ ਮੈਂ ਬਚਾ ਨਹੀਂ ਸਕਿਆ। ਮੇਰਾ ਦਾਅਵਾ ਝੂਠਾ ਹੋ ਗਿਆ। ਹੁਣ ਮੈਂ ਹਿਕਮਤ ਤਿਆਗ ਰਿਹਾ ਹਾਂ। ਕਹਿੰਦੇ ਹਨ ਕਿ ਉਸ ਆਦਮੀ ਨੇ ਕਿਹਾ ਲੁਕਮਾਨ! ਨਿਰਾਸ਼ ਹੋਣ ਦੀ ਲੋੜ ਨਹੀਂ। ਔਹ ਦੇਖ ਮੇਰੇ ਹੱਥ ਵਿਚ ਜੋ ਦਵਾਈ ਹੈ ਸ਼ਾਇਦ ਤੇਰੀ ਬਣੀ ਹੋਈ ਹੈ। ਲੁਕਮਾਨ ਨੇ ਉਸ ਆਦਮੀ ਦੇ ਹੱਥ ਵਿਚ ਦਵਾਈ ਦੇਖ ਕੇ ਕਿਹਾ ਕਿ ਇਹ ਤਾਂ ਓਹੀ ਦਵਾਈ ਹੈ ਜਿਹੜੀ ਮੈਂ ਉਸ ਰਾਜਕੁਮਾਰ ਨੂੰ

ਦਿੱਤੀ ਸੀ? ਉਹ ਆਦਮੀ ਕਹਿਣ ਲਗਾ ਕਿ ਹਾਂ ਇਹ ਓਹੀ ਦਵਾਈ ਹੈ। ਜਿਹੜੀ ਤੂੰ ਉਸ ਰਾਜਕੁਮਾਰ ਨੂੰ ਦਿੱਤੀ ਸੀ। ਪਰ ਇਹ ਦਵਾ ਉਸ ਦੇ ਅੰਦਰ ਨਹੀਂ ਸੀ ਗਈ, ਜਿਸ ਕਰਕੇ ਉਹ ਮਰ ਗਿਆ। ਲੁਕਮਾਨ ਉਸ ਆਦਮੀ ਨੂੰ ਪੁੱਛਦਾ ਹੈ ਕਿ ਤੁਸੀਂ ਕੌਣ ਹੋ? ਉਹ ਆਦਮੀ ਕਹਿਣ ਲਗਾ ਕਿ ਮੈਂ ਅਜ਼ਰਾਈਲ (ਮੌਤ ਦਾ ਫਰਿਸ਼ਤਾ) ਹਾਂ। ਫਿਰ ਉਸ ਅਜ਼ਰਾਈਲ ਨੇ ਕਿਹਾ ਕਿ ਲੁਕਮਾਨ! ਤੂੰ ਨਿਰਾਸ਼ ਨਾ ਹੋ। ਇਹ ਗ੍ਰੰਥ ਝੂਠੇ ਨਹੀਂ ਅਤੇ ਨਾ ਹੀ ਤੂੰ ਝੂਠਾ ਹੈ। ਰੋਗ ਦਾ ਇਲਾਜ ਹੁੰਦਾ ਹੈ। ਮੌਤ ਦਾ ਕੋਈ ਇਲਾਜ ਨਹੀਂ ਹੋ ਸਕਦਾ। ਇਸ ਕਰਕੇ ਤੂੰ ਵਾਪਿਸ ਜਾ ਤੇ ਆਪਣੀ ਹਿਕਮਤ ਕਰ। ਮੌਤ ਆਪਣਾ ਕੰਮ ਕਰਦੀ ਹੈ ਤੂੰ ਆਪਣਾ ਕੰਮ ਕਰ। ਬਸ! ਇਸ ਤਰ੍ਹਾਂ ਕਹਿ ਕੇ ਉਹ ਫਰਿਸ਼ਤਾ ਗਾਇਬ ਹੋ ਗਿਆ। ਲੁਕਮਾਨ ਕਿਤਾਬਾਂ ਦਾ ਲਦਿਆ ਹੋਇਆ ਊਠ ਲੈ ਕੇ ਵਾਪਿਸ ਆ ਗਿਆ। ਲੁਕਮਾਨ ਨੇ ਵਾਪਿਸ ਆ ਕੇ ਇਕ ਹੀ ਸੰਦੇਸ਼ ਦਿੱਤਾ ਕਿ ਹਕੀਮ ਕੋਲ ਰੋਗ ਦਾ ਇਲਾਜ ਹੁੰਦਾ ਹੈ, ਮੌਤ ਦਾ ਕੋਈ ਇਲਾਜ ਨਹੀਂ ਹੈ। ਦਰਅਸਲ ਇਹ ਹਕੀਕਤ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮੌਤ ਦੇ ਅਗੇ ਤਾਂ:-

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ *(ਜਪੁਜੀ ਸਾਹਿਬ)*

ਜਨਮ ਤੇ ਮੌਤ ਦੇ ਵਿਚਲੇ ਸਮੇਂ ਨੂੰ ਜੀਵਨ (ਸਰੀਰ) ਆਖਿਆ ਜਾਂਦਾ ਹੈ। ਸਰੀਰ (ਜੀਵਨ) ਦੀ ਇਕ ਹੱਦ ਹੁੰਦੀ ਹੈ। ਅੱਸੀ (੮੦) ਸਾਲ ਨਹੀਂ ਤਾਂ ਨੱਬੇ ਹੋ ਸਕਦੇ ਹਨ। ਆਖਿਰ ਸਰੀਰ ਸਾਥ ਛੱਡ ਹੀ ਦੇਂਦਾ ਹੈ। ਏਥੇ ਬ੍ਰਹਮਾ ਵਿਸ਼ਨੂੰ ਮਹੇਸ਼ (ਸ਼ਿਵਜੀ) ਵਰਗੇ ਅਨੇਕਾਂ ਆਏ ਪਰ ਸਮੇਂ (ਕਾਲ) ਦੀ ਬੰਦਸ਼ ਨੂੰ ਕੋਈ ਨਹੀਂ ਤੋੜ ਸਕਿਆ। ਕਾਲ ਦੀ ਬੰਦਸ਼ ਯਾਨੀ ਕਿ ਮੌਤ ਦੀ ਹੱਦ। ਸ੍ਰਿਸ਼ਟੀ ਕਾਲ ਵਿਚ ਹੈ ਪਰ ਸ੍ਰਿਸ਼ਟੀ ਨੂੰ ਸਾਜਣ ਵਾਲਾ ਅਕਾਲ ਹੈ। ਯਾਨੀ ਕਿ ਸਮੇਂ ਦੇ ਅਸਰ ਤੋਂ ਉਪਰ ਹੈ। ਇਸ ਕਰਕੇ ਅਕਾਲ ਪੁਰਖ ਮੌਤ ਤੋਂ ਪਰੇ ਹੈ, ਸਭ ਸ੍ਰਿਸ਼ਟੀ ਤੇ ਮੌਤ ਵਾਪਰਦੀ ਹੈ। ਇਸ ਵਾਸਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦਾ ਕਥਨ ਹੈ ਕਿ ਜਿਹੜਾ ਸੰਸਾਰ ਵਿਚ ਪੈਦਾ ਹੋਇਆ ਹੈ, ਉਹ ਕਿੰਨਾ ਵੀ ਮਹਾਨ ਕਿਉਂ ਨਾ ਹੋਵੇ, ਉਸ ਤੇ ਮੌਤ ਵਾਪਰਦੀ ਹੀ ਹੈ। ਓਹ ਭਾਵੇਂ ਬ੍ਰਹਮਾ, ਵਿਸ਼ਨੂੰ, ਮਹੇਸ਼ ਹੋਵਣ ਜਾਂ ਯੋਧੇ, ਬਲੀ, ਪੀਰ, ਪੈਗੰਬਰ ਹੋਵਣ। ਮੌਤ ਹਰੇਕ ਤੇ ਵਾਪਰਦੀ ਹੈ।

ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸ਼ਿਵਜੂ ਅਵਤਰਾ॥
ਕਾਲ ਪਾਇ ਕਰ ਬਿਸ਼ਨ ਪ੍ਰਕਾਸ਼ਾ॥ ਸਕਲ ਕਾਲ ਕਾ ਕੀਆ ਤਮਾਸ਼ਾ॥
(ਪਾਤਸ਼ਾਹੀ ੧੦ਵੀਂ)

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਇਸ ਸਾਰੇ ਸੰਸਾਰ ਨੂੰ ਸਮੇਂ (ਕਾਲ) ਦਾ ਤਮਾਸ਼ਾ ਮੰਨਦੇ ਹਨ। ਤਮਾਸ਼ੇ ਦੀ ਪਰਿਭਾਸ਼ਾ ਇਹ ਹੈ ਕਿ ਤਮਾਸ਼ਾ ਦੇਖਣ ਵਾਲੇ ਤਮਾਸ਼ੇ ਦੀਆਂ ਘਟਨਾਵਾਂ ਤੋਂ ਦੁਖ ਸੁਖ ਪ੍ਰਤੀਤ ਕਰਦੇ ਹਨ।

ਸੰਸਾਰ ਇਕ ਨਾਅਕ ਹੈ ਯਾਨੀ ਕਿ ਨਕਲ ਹੈ। ਨਕਲ ਹਮੇਸ਼ਾਂ ਅਸਲ ਦੇ

ਆਸਰੇ ਨਾਲ ਚਲਦੀ ਹੈ। ਪ੍ਰਕਾਸ਼ ਦੇ ਆਸਰੇ ਨਾਲ ਅੰਧੇਰਾ ਚਲਦਾ ਹੈ। ਜਿਵੇਂ ਪ੍ਰਕਾਸ਼ ਦੇ ਆਸਰੇ ਨਾਲ ਪ੍ਰਛਾਵਾਂ ਬਣਦਾ ਹੈ। ਇਸ ਤਰ੍ਹਾਂ ਹੀ ਕਰਤਾਰ ਦੇ ਆਸਰੇ ਸੰਸਾਰ ਬਣਿਆ ਹੈ। ਕਰਤਾਰ ਇਕ ਪ੍ਰਕਾਸ਼ ਹੈ। ਇਕ ਵਾਰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪੁਛਿਆ, ਮਹਾਰਾਜ! ਇਹ ਸੂਰਜ ਕਿਸ ਆਸਰੇ ਚਲਦਾ ਹੈ? ਤਾਂ ਗੁਰਦੇਵ ਨੇ ਜੁਆਬ ਦਿੱਤਾ ਕਿ ਸੂਰਜ ਸੱਚ ਦੇ ਆਸਰੇ ਚਲਦਾ ਹੈ। ਸਿੱਖਾਂ ਨੇ ਫਿਰ ਪੁਛਿਆ, ਮਹਾਰਾਜ! ਇਹ ਧਰਤੀ ਕਿਸ ਆਸਰੇ ਚਲਦੀ ਹੈ? ਤਾਂ ਗੁਰਦੇਵ ਨੇ ਕਿਹਾ ਕਿ ਇਹ ਵੀ ਸੱਚ ਆਸਰੇ ਚਲਦੀ ਹੈ। ਗੁਰਦੇਵ ਕਹਿਣ ਲਗੇ ਕਿ ਚੰਦ, ਤਾਰੇ, ਸਿਆਰੇ, ਗ੍ਰਿਹ, ਨਛੱਤਰ ਯਾਨੀ ਕਿ ਪੂਰਾ ਬ੍ਰਹਿਮੰਡ ਸੱਚ ਦੇ ਆਸਰੇ ਚਲਦਾ ਹੈ। ਇਕ ਗੱਲ ਤੁਸਾਂ ਪੁੱਛਣੀ ਨਹੀਂ, ਮੈਂ ਉਹ ਵੀ ਦੱਸ ਦੇਂਦਾ ਹਾਂ ਕਿ ਇਹ ਜੋ ਝੂਠ ਹੈ ਇਹ ਵੀ ਸੱਚ ਦੇ ਆਸਰੇ ਚਲਦਾ ਹੈ। ਜਿਹੜਾ ਬੰਦਾ ਝੂਠ ਬੋਲ ਰਿਹਾ ਹੈ, ਉਹ ਵੀ ਕਹਿੰਦਾ ਹੈ ਕਿ ਮੈਂ ਰਬ ਦੀ ਕਸਮ ਖਾ ਕੇ ਕਹਿੰਦਾ ਹਾਂ ਕਿ ਮੈਂ ਸੱਚ ਬੋਲਦਾ ਹਾਂ। ਤੁਸੀਂ ਕਈ ਵਾਰ ਦੇਖਿਆ ਸੁਣਿਆਂ ਹੋਵੇਗਾ ਕਿ ਨਕਲੀ ਨੋਟ ਅਸਲੀ ਨੋਟਾਂ ਵਿਚ ਰਲਾ ਕੇ ਚਲਾਏ ਜਾਂਦੇ ਹਨ। ਦਰਅਸਲ ਝੂਠ ਵੀ ਸੱਚ ਦੇ ਆਸਰੇ ਚਲਦਾ ਹੈ। ਜਿਵੇਂ ਪ੍ਰਕਾਸ਼ ਕਰਕੇ ਪ੍ਰਛਾਇਆ ਬਣਦਾ ਹੈ, ਇਸ ਤਰ੍ਹਾਂ ਹੀ ਕਰਤਾਰ ਕਰਕੇ ਸੰਸਾਰ ਬਣਦਾ ਹੈ। ਸਾਰਾ ਸੰਸਾਰ ਪ੍ਰਭੂ ਦੀ ਮਾਇਆ ਦੀ ਛਾਇਆ ਹੈ। ਗੁਰਦੇਵ ਦਾ ਕਥਨ ਹੈ ਕਿ:

ਸਭੁ ਜਗੁ ਦੇਖਿਆ ਮਾਇਆ ਛਾਇਆ ॥ (ਪੰਨਾ ੩੫੪)

ਜਿਵੇਂ ਫਿਲਮ ਦੇ ਪਰਦੇ ਤੇ ਪ੍ਰਕਾਸ਼ ਤੇ ਅੰਧੇਰਾ ਮਿਲ ਕੇ ਤਸਵੀਰ ਦੌੜਦੀ ਹੈ, ਇਵੇਂ ਹੀ ਇਹ ਸੰਸਾਰ ਧੁੱਪ ਛਾਂ ਦੀ ਖੇਡ ਹੈ। ਇਹ ਖੇਡ ਤਮਾਸ਼ਾ ਕਾਲ ਦਾ ਹੈ। ਯਾਨੀ ਕਿ ਮੌਤ ਦਾ ਹੈ। ਸਾਰਾ ਮੌਤ (ਕਾਲ) ਦਾ ਤਮਾਸ਼ਾ ਹੈ।

ਸਕਲ ਕਾਲ ਕਾ ਕੀਆ ਤਮਾਸ਼ਾ ॥

ਦਰਅਸਲ ਜਿੰਨੀ ਦੇਰ ਮੌਤ ਦੇ ਤਮਾਸ਼ੇ ਨਹੀਂ ਆਉਂਦੀ, ਓਨੀ ਦੇਰ ਜੀਵਨ ਵਿਚ ਸਹਿਜ ਨਹੀਂ ਆਉਂਦਾ। ਆਦਮੀ ਜਿਸ ਨੂੰ ਜੀਵਨ ਸਮਝਦਾ ਹੈ ਉਹ ਮੌਤ ਦਾ ਹੀ ਦੂਜਾ ਪਹਿਲੂ ਹੁੰਦਾ ਹੈ। ਇਕ ਅਟੱਲ ਸਚਾਈ ਇਹ ਹੈ ਕਿ ਜਿਸ ਨੂੰ ਜੀਵਨ ਦੀ ਸਮਝ ਲਗ ਜਾਂਦੀ ਹੈ, ਉਹ ਮੌਤ ਨੂੰ ਇਕ ਦਮ ਪ੍ਰਵਾਨ ਕਰ ਲੈਂਦਾ ਹੈ। ਪਰ ਜਿਸ ਨੂੰ ਸਮਝ ਨਹੀਂ ਲਗਦੀ ਉਸ ਨੂੰ ਭਾਵੇਂ ਹਜਾਰ ਸਾਲ ਉਮਰ ਮਿਲ ਜਾਏ, ਫਿਰ ਵੀ ਉਸ ਨੂੰ ਜੀਵਨ ਨਹੀਂ ਮੌਤ ਹੀ ਮਿਲੇਗੀ। ਰਾਜਾ ਯਯਾਤੀ ਦੀ ਕਥਾ ਤੁਸਾਂ ਸੁਣੀ ਹੋਵੇਗੀ। ਕਹਿੰਦੇ ਹਨ ਕਿ ਰਾਜੇ ਯਯਾਤੀ ਦੀ ਬੜੀ ਲੰਬੀ ਉਮਰ ਸੀ। ਉਸ ਦੇ ਕਈ ਪੋਤਰੇ ਅਤੇ ਪੜਪੋਤਰੇ ਸਨ। ਆਖਿਰ ਜਿਸ ਦਿਨ ਮੌਤ ਆਈ ਤਾਂ ਯਯਾਤੀ ਨੂੰ ਕਹਿਣ ਲਗੀ, ਤੂੰ ਹੁਣ ਮੇਰੇ ਨਾਲ ਚਲ ਤੇਰਾ ਜੀਵਨ ਖਤਮ ਹੋ ਗਿਆ ਹੈ। ਵੈਸੇ ਮੌਤ ਪੁੱਛ

ਕੇ ਨਹੀਂ ਆਉਂਦੀ। ਪਰ ਭਾਵ ਨੂੰ ਸਪੱਸ਼ਟ ਕਰਨ ਲਈ ਮੈਂ ਇਹ ਕਹਾਣੀ ਕਹਿ ਰਿਹਾ ਹਾਂ। ਕਹਿੰਦੇ ਹਨ ਕਿ ਮੌਤ ਨੂੰ ਦੇਖ ਕੇ ਬੜਾ ਗਿੜ ਗਿੜਾਇਆ ਕਹਿਣ ਲਗਾ ਕਿ ਮੈਂ ਅਜੇ ਮਰਨਾ ਨਹੀਂ ਚਾਹੁੰਦਾ। ਪਰ ਮੌਤ ਕਹਿਣ ਲਗੀ ਕਿ ਨਹੀਂ, ਸੰਸਾਰ ਵਿਚ ਤੇਰੀ ਚਲਦੀ ਹੈ। ਕਰਤਾਰ ਦੇ ਨਿਯਮ ਨੂੰ ਕੋਈ ਨਹੀਂ ਤੋੜ ਸਕਦਾ। ਯਯਾਤੀ ਫਿਰ ਕਹਿਣ ਲਗਾ ਕਿ ਅਜੇ ਤਾਂ ਮੈਂ ਪੂਰਾ ਜੀਵਨ ਦੇਖਿਆ ਹੀ ਨਹੀਂ। ਜੀਵਨ ਵਾਸਤੇ ਸਾਮਾਨ ਹੀ ਇਕੱਠਾ ਕਰਦਾ ਰਿਹਾ ਹਾਂ। ਹੁਣ ਜਦੋਂ ਜੀਵਨ ਦਾ ਸਮਾਂ ਆਇਆ ਹੈ ਤਾਂ ਮੌਤ ਆ ਗਈ ਹੈ। ਇਹ ਸੁਣ ਕੇ ਮੌਤ ਦੀ ਰਾਣੀ ਨੇ ਕਿਹਾ ਕਿ ਯਯਾਤੀ! ਮੈਂ ਤੇਰੇ ਤੇ ਤਰਸ ਖਾ ਕੇ ਛੱਡ ਦੇਂਦੀ ਹਾਂ। ਪਰ ਤੂੰ ਮੈਨੂੰ ਪੱਕਾ ਦੱਸ ਤੈਨੂੰ ਲੈਣ ਵਾਸਤੇ ਮੈਂ ਦੁਬਾਰਾ ਕਦੋਂ ਆਵਾਂ? ਮੌਤ ਨੇ ਕਿਹਾ ਕਿ ਮੇਰੀ ਸ਼ਰਤ ਹੈ ਕਿ ਮੈਂ ਜਦੋਂ ਦੁਬਾਰਾ ਆਵਾਂ ਤਾਂ ਤੂੰ ਮੈਨੂੰ ਮੇਰੇ ਨਾਲ ਜਾਣ ਲਈ ਤਿਆਰ ਮਿਲੇਗਾ। ਯਯਾਤੀ ਇਹ ਸੁਣ ਕੇ ਕਹਿਣ ਲਗਾ ਕਿ ਐ ਮੌਤ ਰਾਣੀ! ਹੁਣ ਜਦੋਂ ਤੂੰ ਮੌਕਾ ਦੇ ਹੀ ਰਹੀ ਹੈ ਤਾਂ ਘੱਟ ਤੋਂ ਘੱਟ ਸੌ ਸਾਲ ਤਾਂ ਹੋਰ ਦੇ ਤਾਂ ਕਿ ਮੈਂ ਰੱਜ ਕੇ ਜੀਵਨ ਦੇਖ ਲਵਾਂ। ਮੌਤ ਵੀ ਸੁਣ ਕੇ ਹੈਰਾਨ ਹੋ ਗਈ ਕਿ ਆਦਮੀ ਕਿੰਨਾ ਲੋਭੀ ਹੈ। ਮੌਤ ਨੇ ਕਿਹਾ ਕਿ ਠੀਕ ਹੈ, ਇਕ ਸੌ ਸਾਲ ਮੈਂ ਤੈਨੂੰ ਕੁਝ ਨਹੀਂ ਕਹਾਂਗੀ। ਪਰ ਏਨੀ ਉਮਰ ਵਿਚ ਤੂੰ ਆਪਣੀਆਂ ਸਾਰੀਆਂ ਵਾਸ਼ਨਾਵਾਂ, ਆਸਾਵਾਂ, ਤ੍ਰਿਸ਼ਨਾਵਾਂ ਪੂਰੀਆਂ ਕਰ ਲਈ। ਪਰ ਮੈਂ ਜਦੋਂ ਵੀ ਆਵਾਂ ਤੂੰ ਆਪਣੀ ਖੁਸ਼ੀ ਨਾਲ ਮੇਰੇ ਨਾਲ ਚਲ ਪਈਂ। ਯਯਾਤੀ ਨੇ ਕਿਹਾ ਠੀਕ ਹੈ ਮੈਂ ਓਦੋਂ ਆਪਣੀ ਖੁਸ਼ੀ ਨਾਲ ਮਰ ਜਾਵਾਂਗਾ। ਇਹ ਬਚਨ ਲੈ ਕੇ ਮੌਤ ਦੀ ਰਾਣੀ ਓਥੋਂ ਗਾਇਬ ਹੋ ਗਈ।

ਸੌ ਸਾਲ ਬਾਅਦ ਮੌਤ ਦੀ ਰਾਣੀ ਫਿਰ ਆਣ ਪ੍ਰਗਟ ਹੋਈ। ਯਯਾਤੀ ਮੌਤ ਨੂੰ ਦੇਖ ਕੇ ਫਿਰ ਘਬਰਾ ਗਿਆ। ਮੌਤ ਦੀ ਰਾਣੀ ਪੁੱਛਣ ਲਗੀ ਕਿ ਤੂੰ ਬਚਨ ਦਿੱਤਾ ਸੀ ਕਿ ਆਪਣੀ ਖੁਸ਼ੀ ਨਾਲ ਮਰਨ ਲਈ ਤਿਆਰ ਹੋਵਾਂਗਾ। ਯਯਾਤੀ ਕਹਿਣ ਲਗਾ ਕਿ ਸੌ ਸਾਲ ਤਾਂ ਐਵੇਂ ਹੀ ਨਿਕਲ ਗਏ ਹਨ। ਮੇਰੇ ਤਾਂ ਬਹੁਤ ਕੰਮ ਅਜੇ ਕਰਨ ਵਾਲੇ ਹਨ। ਸੌ ਪੋਤਰੇ ਮੇਰੇ ਵਿਆਹੁਣ ਵਾਲੇ ਹਨ। ਓਹਨਾਂ ਦੀਆਂ ਸ਼ਾਦੀਆਂ ਦੇਖਣੀਆਂ ਹਨ। ਹੋਰ ਵੀ ਅਨੇਕਾਂ ਕੰਮ ਰਹਿ ਗਏ ਹਨ। ਯਯਾਤੀ ਫਿਰ ਤਰਲੇ ਲੈਣ ਲਗਾ ਕਿ ਮੈਨੂੰ ਕੁਝ ਸਮਾਂ ਹੋਰ ਜ਼ਿੰਦਗੀ ਬਖਸ਼ੀ ਜਾਏ। ਮੌਤ ਦੀ ਰਾਣੀ ਕਹਿਣ ਲਗੀ ਨਹੀਂ ਹੋਰ ਸਮਾਂ ਨਹੀਂ ਮਿਲ ਸਕਦਾ। ਯਯਾਤੀ ਬੜਾ ਗਿੜ ਗਿੜਾਇਆ। ਦਰਅਸਲ ਏਸ ਸਮੇਂ ਹਰ ਕੋਈ ਗਿੜ ਗਿੜਾਉਂਦਾ ਹੈ। ਮੌਤ ਕਿਸੇ ਦਾ ਲਿਹਾਜ ਨਹੀਂ ਕਰਦੀ। ਆਖਿਰ ਮੌਤ ਦੀ ਰਾਣੀ ਨੇ ਕਿਹਾ ਕਿ ਹੁਣ ਮੈਂ ਫਿਰ ਤੈਨੂੰ ਸੌ ਸਾਲ ਉਮਰ ਹੋਰ ਦੇ ਸਕਦੀ ਹਾਂ, ਬ-ਸ਼ਰਤ-ਏ ਕਿ ਤੇਰੀ ਥਾਂ ਤੇ ਕੋਈ ਦੂਜਾ ਮਰਨ ਲਈ ਤਿਆਰ ਹੋਵੇ। ਮੈਂ ਉਸ ਨੂੰ ਲੈ ਜਾਵਾਂਗੀ ਤੇ ਤੈਨੂੰ ਛੱਡ ਜਾਵਾਂਗੀ। ਯਯਾਤੀ ਕਹਿਣ ਲਗਾ ਕਿ ਮੇਰਾ ਬੜਾ ਵੱਡਾ ਪਰਿਵਾਰ ਹੈ। ਕੋਈ ਨ ਕੋਈ ਤਾਂ ਜਰੂਰ ਕੁਰਬਾਨੀ

ਦੇਵੇਗਾ। ਇਸ ਵਾਸਤੇ ਮੈਂ ਕਿਸੇ ਨੂੰ ਤਿਆਰ ਕਰਕੇ ਲਿਆਂਉਂਦਾ ਹਾਂ। ਯਯਾਤੀ ਆਪਣੇ ਪਰਿਵਾਰ ਦੇ ਇਕ ਇਕ ਜੀਅ ਕੋਲ ਗਿਆ। ਹਰੇਕ ਨੂੰ ਆਪਣੀ ਥਾਂ ਤੇ ਮਰਨ ਵਾਸਤੇ ਪੁਛਿਆ ਪਰ ਕੋਈ ਵੀ ਮਰਨ ਲਈ ਤਿਆਰ ਨਾ ਹੋਇਆ। ਹਰੇਕ ਜੀ ਇਹ ਸੋਚਣ ਲਗਾ ਕਿ ਜਦੋਂ ਦੋ ਸੌ ਸਾਲ ਦੀ ਉਮਰ ਭੋਗ ਕੇ ਇਹ ਬੁੱਢਾ ਯਯਾਤੀ ਮਰਨ ਨੂੰ ਤਿਆਰ ਨਹੀਂ ਹੈ ਤਾਂ ਫਿਰ ਅਸੀਂ ਕਿਉਂ ਇਸ ਦੀ ਥਾਂ ਤੇ ਮਰੀਏ। ਯਯਾਤੀ ਨਿਰਾਸ਼ ਹੋ ਕੇ ਵਾਪਿਸ ਪਰਤਨ ਹੀ ਲਗਾ ਸੀ ਕਿ ਯਯਾਤੀ ਦੇ ਅਠਾਰਾਂ ਸਾਲ ਦੇ ਪੋਤਰੇ ਨੇ ਪਿੱਛੋਂ ਅਵਾਜ਼ ਮਾਰ ਕੇ ਕਿਹਾ ਦਾਦੂ! ਠਹਿਰ। ਮੈਂ ਤੇਰੀ ਥਾਂ ਤੇ ਮਰਨ ਨੂੰ ਤਿਆਰ ਹਾਂ। ਬਹੁਤ ਸੋਹਣੀ ਉਸ ਦੀ ਸ਼ਕਲ ਸੀ। ਅਜੇ ਉਸ ਦੀ ਸ਼ਾਦੀ ਵੀ ਨਹੀਂ ਸੀ ਹੋਈ। ਉਸ ਨੇ ਯਯਾਤੀ ਨੂੰ ਕਿਹਾ ਕਿ ਜੇ ਮੇਰੀ ਉਮਰ ਤੈਨੂੰ ਮਿਲ ਸਕਦੀ ਹੈ ਤਾਂ ਮੈਂ ਮਰਨ ਨੂੰ ਤਿਆਰ ਹਾਂ। ਯਯਾਤੀ ਨੇ ਮੌਤ ਨੂੰ ਕਿਹਾ ਕਿ ਇਹ ਮੇਰਾ ਪੋਤਾ ਮਰਨ ਨੂੰ ਤਿਆਰ ਹੈ। ਮੇਰੀ ਥਾਂ ਤੂੰ ਇਸ ਨੂੰ ਲੈ ਜਾ। ਮੌਤ ਵੀ ਸੁਣ ਕੇ ਹੈਰਾਨ ਹੋਈ ਕਿ ਇਹ ਬੱਚਾ ਪਾਗਲ ਹੈ। ਵੈਸੇ ਵੀ ਦੂਜਿਆਂ ਦੀ ਥਾਂ ਤੇ ਕੁਰਬਾਨੀ ਕਰਨ ਵਾਲੇ ਪਾਗਲ ਹੀ ਸਮਝੇ ਜਾਂਦੇ ਹਨ। ਮੌਤ ਨੇ ਉਸ ਬੱਚੇ ਦੇ ਕੰਨ ਵਿਚ ਕਿਹਾ ਕਿ ਤੂੰ ਪਾਗਲ ਹੈ? ਜਦ ਤੇਰਾ ਦਾਦਾ ਦੋ ਸੌ ਸਾਲ ਜੀਵਨ ਜੀ ਕੇ ਵੀ ਮਰਨ ਨੂੰ ਤਿਆਰ ਨਹੀਂ, ਤਾਂ ਫਿਰ ਤੂੰ ਕਿਉਂ ਇਸ ਦੀ ਥਾਂ ਤੇ ਮਰਦਾ ਹੈ? ਉਹ ਬੱਚਾ ਕਹਿਣ ਲਗਾ ਕਿ ਏਸੇ ਵਾਸਤੇ ਤਾਂ ਮੈਂ ਮਰਨ ਨੂੰ ਤਿਆਰ ਹਾਂ ਕਿ ਜਦ ਇਹ ਬੁੱਢਾ ਦਾਦੂ ਦੋ ਸੌ ਸਾਲ ਜੀ ਕੇ ਵੀ ਨਹੀਂ ਰਜਿਆ ਤਾਂ ਫਿਰ ਕੋਈ ਰਜ ਹੀ ਨਹੀਂ ਸਕਦਾ। ਬਸ! ਮੈਨੂੰ ਇਹ ਸਮਝ ਹੈ ਕਿ ਕਿੰਨੀ ਵੱਡੀ ਮਰਜੀ ਕੋਈ ਉਮਰ ਭੋਗ ਲਏ ਪਰ ਕਿਸੇ ਮੰਜ਼ਿਲ ਤੇ ਪਹੁੰਚਣ ਲਈ ਤਾਂ ਕੋਈ ਹੋਰ ਜੀਵਨ ਚਾਹੀਦਾ ਹੈ। ਵੱਡੀ ਉਮਰ ਨਾਲ ਨਾ ਕੋਈ ਕਿਤੇ ਪਹੁੰਚਦਾ ਹੈ ਅਤੇ ਨਾ ਹੀ ਤ੍ਰਿਸ਼ਨਾ ਮੁਕਦੀ ਹੈ। ਸਦੀਵੀ ਜੀਵਨ ਕੇਵਲ ਗਿਆਨੀ ਕੋਲ ਹੁੰਦਾ ਹੈ।

ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ ॥
ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ॥

(ਪੰਨਾ ੧੪੧੨)

ਸੋ ਜੀਵਨ ਤਾਂ ਗਿਆਨੀ ਕੋਲ ਹੁੰਦਾ ਹੈ। ਅਗਿਆਨੀ ਤਾਂ ਰੋਜ਼ ਮਰਦਾ ਹੈ। ਉਹ ਯਯਾਤੀ ਦਾ ਪੋਤਾ ਕਹਿਣ ਲਗਾ, ਕਿ ਮੈਨੂੰ ਤਾਂ ਇਹ ਪਤਾ ਲਗਾ ਹੈ ਕਿ ਜੋ ਜੀਵਨ ਹੈ, ਉਹ ਮੌਤ ਦੀ ਪਕੜ ਤੋਂ ਪਰੇ ਹੈ। ਜੋ ਜੀਵਨ ਹੈ ਹੀ ਨਹੀਂ ਉਸ ਲਈ ਤਰਲੇ ਲਈ ਜਾਣਾ ਮੂਰਖਤਾ ਹੈ। ਦਰਅਸਲ ਜੀਵਨ ਸਰੀਰਕ ਤਲ ਤੇ ਨਹੀਂ, ਜੀਵਨ ਤਾਂ ਆਪਣੇ ਅੰਦਰੋਂ ਸ਼ੁਰੂ ਹੁੰਦਾ ਹੈ। ਜੀਵਨ ਦੀ ਸਮਝ ਲਗਦਿਆਂ ਸਾਰ ਹੀ ਮੌਤ ਤੋਂ ਡਰ ਲਗਣਾ ਹਟ ਜਾਂਦਾ ਹੈ। ਜੋ ਡਰ ਹੈ ਉਹ ਤਾਂ ਮੌਤ ਦਾ ਹੀ ਡਰ ਹੈ। ਜਿਸ ਨੂੰ ਗਿਆਨ ਆ ਜਾਂਦਾ ਹੈ ਉਸ ਦਾ ਡਰ ਮੁੱਕ ਜਾਂਦਾ ਹੈ। ਉਹ ਤਾਂ ਫਿਰ

ਉਡੀਕ ਕਰਦਾ ਹੈ ਕਿ ਜਿਸ ਮੌਤ ਨੇ ਕੱਲ੍ਹ ਆਉਣਾ ਹੈ ਉਹ ਭਾਵੇਂ ਅਜ ਆ ਜਾਏ। ਉਹ ਮੌਤ ਨੂੰ ਦੇਖ ਕੇ ਘਬਰਾਉਂਦਾ ਨਹੀਂ।

ਗਿਆਨੀ ਨੂੰ ਇਹ ਪਤਾ ਹੁੰਦਾ ਹੈ ਕਿ ਮੌਤ ਤਾਂ ਉਸ ਦਿਨ ਹੀ ਸ਼ੁਰੂ ਹੋ ਜਾਂਦੀ ਹੈ। ਜਿਸ ਦਿਨ ਮਨੁੱਖ ਪੈਦਾ ਹੁੰਦਾ ਹੈ। ਜਿੰਨੀ ਦੇਰ ਸੂਰਜ ਨਹੀਂ ਚੜ੍ਹਦਾ ਓਨੀ ਦੇਰ ਦਿਨ ਦੀ ਉਮਰ ਆਪਣੀ ਜਾਤ ਵਿਚ ਪੂਰੀ ਹੁੰਦੀ ਹੈ। ਸੂਰਜ ਦੀਆਂ ਕਿਰਨਾਂ ਨਿਕਲਣ ਦੇ ਨਾਲ ਹੀ ਦਿਨ ਦੀ ਉਮਰ ਘਟਣੀ ਸ਼ੁਰੂ ਹੋ ਜਾਂਦੀ ਹੈ। ਕਬੀਰ ਸਾਹਿਬ ਜੀ ਆਪਣੀ ਜ਼ੁਬਾਨੀ ਇਸ ਅਟੱਲ ਸਚਾਈ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਦਿਨ ਦੇ ਚੜ੍ਹਨ ਦੇ ਨਾਲ ਹੀ ਲੋਕ ਦਿਨ ਨੂੰ ਚਾਰ ਹਿੱਸਿਆਂ ਵਿਚ ਵੰਡ ਲੈਂਦੇ ਹਨ। ਇਹ ਪਹਿਲਾ ਪਹਿਰ ਹੈ। ਇਹ ਦੂਜਾ ਪਹਿਰ ਹੈ। ਇਹ ਤੀਜਾ ਪਹਿਰ ਹੈ। ਚੌਥੇ ਪਹਿਰ ਦੇ ਨਾਲ ਹੀ ਦਿਨ ਜ਼ਿੰਦਗੀ ਮੁੱਕ ਜਾਂਦੀ ਹੈ। ਜਿਵੇਂ ਸੂਰਜ ਦੇ ਚੜ੍ਹਨ ਦੇ ਨਾਲ ਹੀ ਦਿਨ ਦੀ ਉਮਰ ਘਟਣੀ ਸ਼ੁਰੂ ਹੋ ਜਾਂਦੀ ਹੈ। ਠੀਕ ਇਸੇ ਤਰ੍ਹਾਂ ਹੀ ਬੱਚੇ ਦੇ ਪੈਦਾ ਹੁੰਦੇ ਸਾਰ ਹੀ ਉਸ ਦੀ ਉਮਰ ਵੀ ਘਟਣੀ ਸ਼ੁਰੂ ਹੋ ਜਾਂਦੀ ਹੈ। ਬਚਪਨ ਹੈ, ਕਿਸ਼ੋਰ ਉਮਰ ਹੈ, ਫਿਰ ਜਵਾਨੀ ਆਉਂਦੀ ਹੈ। ਫਿਰ ਬੁਢੇਪਾ ਆ ਜਾਂਦਾ ਹੈ। ਬੁਢੇਪੇ ਤੋਂ ਅਗੇ ਕੇਵਲ ਮੌਤ ਹੈ।

ਦਿਨ ਤੇ ਪਹਰ, ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥
ਕਾਲੁ ਅਹੇਰੀ, ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥ ੧॥
ਸੋ ਦਿਨੁ ਆਵਨ ਲਾਗਾ॥
ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ॥ ੧॥ ਰਹਾਉ॥

(ਪੰਨਾ ੬੯੨)

ਜ਼ਿੰਦਗੀ ਰੋਜ਼ ਹਥੋਂ ਨਿਕਲਦੀ ਜਾ ਰਹੀ ਹੈ। ਮੌਤ ਵੱਲ ਰੋਜ਼ ਸਫਰ ਹੋ ਰਿਹਾ ਹੈ। ਆਦਮੀ ਆਪਣਾ ਬਹੁਤਾ ਜੀਵਨ ਇਸ ਗਾਫਲਤਾ ਵਿਚ ਗੁਜਾਰਦਾ ਹੈ, ਕਿ ਆਉਣ ਵਾਲੇ ਸਮੇਂ ਦੀ ਚਿੰਤਾ ਕਰਦਾ ਹੈ। ਬੀਤ ਗਏ ਸਮੇਂ ਲਈ ਪਛਤਾਵਾ ਕਰਦਾ ਹੈ। ਪਛਤਾਵੇ ਅਤੇ ਚਿੰਤਾ ਵਿਚ ਅਜ ਦਾ ਵਰਤਮਾਨ ਜੀਵਨ ਹੱਥੋਂ ਨਿਕਲ ਜਾਂਦਾ ਹੈ। ਰਮਾਇਣ ਦੀ ਬੜੀ ਰੌਚਕ ਇਕ ਕਥਾ ਹੈ। ਰਾਮ ਚੰਦਰ ਤੇ ਰਾਵਣ ਦੀ ਆਪਸੀ ਜੰਗ ਸਮੇਂ ਰਾਵਣ ਦੀ ਨਾਭੀ ਵਿਚ ਤੀਰ ਵੱਜ ਗਿਆ ਤੇ ਰਾਵਣ ਮੂਰਛਿਤ ਹੋ ਕੇ ਡਿੱਗ ਪਿਆ। ਰਾਮ ਚੰਦਰ ਨੇ ਬਹੁਤ ਅਫਸੋਸ ਕੀਤਾ। ਲਛਮਣ ਰਾਮ ਨੂੰ ਪੁੱਛਦੇ ਹਨ ਕਿ ਤੁਹਾਨੂੰ ਤਾਂ ਰਾਵਣ ਦੇ ਮਰਨ ਦੀ ਖੁਸ਼ੀ ਹੋਣੀ ਚਾਹੀਦੀ ਹੈ। ਰਾਮ ਕਹਿੰਦੇ ਹਨ, ਲਛਮਣ! ਨਹੀਂ ਖੁਸ਼ੀ ਕਿਸ ਗੱਲ ਦੀ ਕਰਨੀ ਹੈ? ਰਾਵਣ ਇਕ ਬਹੁਤ ਵਿਦਵਾਨ ਇਨਸਾਨ ਸੀ, ਦੁਨੀਆਂ ਵਿਚ ਰਾਵਣ ਵਰਗੇ ਬੰਦੇ ਕਦੇ ਕਦਾਈਂ ਸਦੀਆਂ ਬਾਅਦ ਹੀ ਆਉਂਦੇ ਹਨ। ਅਫਸੋਸ ਹੈ ਕਿ ਰਾਵਣ ਵਰਗਾ ਕੀਮਤੀ ਬੰਦਾ, ਇਸ ਦੁਨੀਆਂ ਤੋਂ ਜਾ ਰਿਹਾ ਹੈ। ਕਹਿੰਦੇ ਹਨ ਕਿ ਰਾਮ ਨੇ, ਲਛਮਣ ਨੂੰ ਕਿਹਾ ਕਿ ਲਛਮਣ!

ਰਾਵਣ ਦੇ ਸੁਆਸ ਅਜੇ ਚਲਦੇ ਹਨ। ਸੁਆਸ ਟੁੱਟਣ ਤੋਂ ਪਹਿਲਾਂ ਤੂੰ ਕੋਈ ਕੀਮਤੀ ਰਹੱਸ ਦੀ ਗੱਲ ਪੁੱਛ ਕੇ ਆ। ਲਛਮਣ ਕਹਿਣ ਲਗਾ, ਭਰਾਤਾ ਜੀ! ਦੁਸ਼ਮਣ ਕੋਲੋਂ ਕੁਝ ਪੁਛਣਾ ਕਾਇਰਤਾ ਹੈ। ਦੁਸ਼ਮਣ ਦੇ ਮਰਨ ਦੀ ਖੁਸ਼ੀ ਸਜਣ ਕਰਦੇ ਹਨ। ਰਾਮ ਕਹਿਣ ਲਗੇ ਨਹੀਂ। ਸਿਆਣਿਆਂ ਨੂੰ ਇਹ ਪਤਾ ਹੁੰਦਾ ਹੈ ਕਿ:

ਦੁਸ਼ਮਣ ਮਰੇ ਦੀ ਖੁਸ਼ੀ ਨਾ ਕਰੀਏ ਸਜਣਾ ਵੀ ਛੱਡ ਜਾਣਾ॥

ਇਸ ਕਰਕੇ ਐ ਲਛਮਣ! ਮੇਰੀ ਤੈਨੂੰ ਹਦਾਇਤ ਹੈ ਕਿ ਰਾਵਣ ਦਮ ਤੋੜ ਦੇਵੇ ਕਿ ਇਸ ਤੋਂ ਪਹਿਲਾਂ ਤੂੰ ਰਾਵਣ ਕੋਲ ਜਾ ਅਤੇ ਕੋਈ ਕੀਮਤੀ ਵਿਚਾਰ ਪੁੱਛ ਕੇ ਆ। ਲਛਮਣ ਕਹਿੰਦਾ ਹੈ ਭਰਾਤਾ ਜੀ ਮੈਂ ਜਾਵਾਂ? ਰਾਮ ਕਹਿੰਦੇ ਹਨ ਕਿ ਤੂੰ ਜਾ ਨਾ ਚਾਹੁੰਦਿਆਂ ਹੋਇਆਂ ਵੀ ਵੱਡੇ ਭਰਾਤਾ ਦੀ ਆਗਿਆ ਮੰਨ ਕੇ ਲਛਮਣ ਨੂੰ ਜਾਣਾ ਪਿਆ। ਜ਼ਖਮੀ ਪਏ ਰਾਵਣ ਕੋਲ ਪਹੁੰਚ ਕੇ ਲਛਮਣ ਪੁਛਦੇ ਹਨ ਕਿ ਐ ਰਾਵਣ! ਤੁਸੀਂ ਤਾਂ ਹੁਣ ਸੰਸਾਰ ਛੱਡ ਰਹੇ ਹੋ। ਜਾਂਦੇ ਸਮੇਂ ਕੋਈ ਕੀਮਤੀ ਵਿਚਾਰ ਹੀ ਸਾਡੀ ਝੋਲੀ ਵਿਚ ਪਾ ਜਾਉ, ਜਿਸ ਦਾ ਕਿ ਅਸੀਂ ਲਾਭ ਉਠਾ ਸਕੀਏ? ਰਾਵਣ ਨੇ ਅੱਖਾਂ ਖੋਲ੍ਹ ਕੇ ਦੇਖਿਆ ਤੇ ਕਿਹਾ ਕਿ ਤੇਰੇ ਵਰਗੇ ਆਦਮੀ ਨੂੰ ਮੈਂ ਕੁਝ ਨਹੀਂ ਦਸਦਾ, ਜਿਸ ਨੂੰ ਕਿ ਇਹ ਵੀ ਨਹੀਂ ਪਤਾ ਕਿ ਕਿਸੇ ਕੋਲੋਂ ਕੁਝ ਲੈਣ ਜਾਈਏ ਤਾਂ ਮੰਗੀਦਾ ਕਿਵੇਂ ਹੈ? ਲਛਮਣ ਇਹ ਜੁਆਬ ਸੁਣ ਕੇ ਵਾਪਿਸ ਆ ਗਏ। ਆ ਕੇ ਰਾਮ ਨੂੰ ਕਹਿਣ ਲਗੇ ਕਿ ਮੈਂ ਕਿਹਾ ਸੀ ਕਿ ਮੈਨੂੰ ਨਾ ਭੇਜੋ। ਉਹ ਬੜਾ ਹੰਕਾਰੀ ਹੈ। ਉਸ ਨੇ ਮੈਨੂੰ ਕੁਝ ਨਹੀਂ ਦਸਿਆ। ਰਾਮ ਪੁੱਛਦੇ ਹਨ ਕਿ ਫਿਰ ਵੀ ਉਸ ਨੇ ਕੀ ਆਖਿਆ ਹੈ? ਲਛਮਣ ਕਹਿੰਦੇ ਹਨ ਕਿ ਰਾਵਣ ਕਹਿੰਦਾ ਹੈ ਕਿ ਤੇਰੇ ਵਰਗਿਆਂ ਨੂੰ ਮੈਂ ਕੁਝ ਨਹੀਂ ਦਸਦਾ, ਜਿਨ੍ਹਾਂ ਨੂੰ ਕਿ ਇਹ ਵੀ ਨਹੀਂ ਪਤਾ ਕਿ ਕਿਸੇ ਕੋਲ ਕੁਝ ਲੈਣ ਜਾਈਏ ਤਾਂ ਮੰਗੀਦਾ ਕਿਵੇਂ ਹੈ। ਰਾਮ ਕਹਿੰਦੇ ਹਨ ਕਿ ਲਛਮਣ ਤੂੰ ਕਿਵੇਂ ਕਿਹਾ ਸੀ? ਲਛਮਣ ਕਹਿੰਦੇ ਹਨ ਕਿ ਮੈਂ ਕਿਹਾ ਸੀ ਕਿ ਤੁਸੀਂ ਤਾਂ ਹੁਣ ਸੰਸਾਰ ਤਿਆਗ ਰਹੇ ਹੋ ਸਾਨੂੰ ਕੋਈ ਆਪਣੀ ਜ਼ਿੰਦਗੀ ਦੀ ਰਹੱਸ ਪੂਰਨ ਵਿਚਾਰ ਹੀ ਦੱਸ ਜਾਉ? ਰਾਮ ਕਹਿਣ ਲਗੇ ਹੁਣ ਤੂੰ ਦੁਬਾਰਾ ਜਾ ਅਤੇ ਜਿਸ ਤਰ੍ਹਾਂ ਮੈਂ ਤੈਨੂੰ ਦਸਦਾ ਹਾਂ ਤੂੰ ਉਸ ਤਰ੍ਹਾਂ ਜਾ ਕੇ ਕਹੀਂ। ਤੂੰ ਰਾਵਣ ਨੂੰ ਜਾ ਕੇ ਪੈਰਾਂ ਤੇ ਨਮਸਕਾਰ ਕਰੀਂ, ਫਿਰ ਹੱਥ ਜੋੜ ਕੇ ਕਹੀਂ ਕਿ ਐ ਬ੍ਰਹਮਣ ਦੇਵਤਾ! ਕੁਦਰਤ ਦੇ ਨੇਮ ਅਨੁਸਾਰ ਇਥੋਂ ਸਭ ਨੂੰ ਜਾਣਾ ਪੈਂਦਾ ਹੈ। ਤੁਸੀਂ ਵੀ ਆਪਣਾ ਤਨ ਤਿਆਗ ਰਹੇ ਹੋ। ਮੇਰੀ ਆਪ ਨੂੰ ਹੱਥ ਜੋੜ ਕੇ ਬਿਨੈ ਹੈ ਕਿ ਆਪਣੀ ਜ਼ਿੰਦਗੀ ਦਾ ਕੋਈ ਰਹੱਸ ਪੂਰਨ ਤੱਥ ਸਾਨੂੰ ਵੀ ਦਰਸਾ ਜਾਉ। ਤਾਂ ਕਿ ਅਸੀਂ ਵੀ ਲਾਭ ਲੈ ਸਕੀਏ? ਲਛਮਣ ਜਾਣਾ ਤਾਂ ਨਹੀਂ ਸੀ ਚਾਹੁੰਦਾ। ਪਰ ਵੱਡੇ ਭਾਈ ਦੀ ਆਗਿਆ ਦਾ ਪਾਲਣ ਕਰਨਾ ਮਜਬੂਰੀ ਸੀ। ਲਛਮਣ ਗਿਆ। ਜਿਵੇਂ ਰਾਮ ਨੇ ਸਮਝਾਇਆ ਸੀ ਉਸੇ ਤਰ੍ਹਾਂ ਹੀ ਜਾ ਕੇ ਉਸ ਨੇ ਰਾਵਣ ਨੂੰ ਕਿਹਾ। ਰਾਵਣ ਸੁਣ ਕੇ ਕਹਿਣ ਲਗਾ ਕਿ ਹਾਂ! ਹੁਣ ਤੈਨੂੰ ਪੁੱਛਣ ਦਾ ਢੰਗ ਆਇਆ ਹੈ। ਹੁਣ ਮੈਂ

ਤੈਨੂੰ ਕੁਝ ਦਸਦਾ ਹਾਂ। ਕਹਿੰਦੇ ਹਨ ਕਿ ਰਾਵਣ ਨੇ ਜੋ ਕੁਝ ਲਛਮਣ ਨੂੰ ਦਸਿਆ ਉਹ ਵਾਕਿਆ ਹੀ ਬੜਾ ਕੀਮਤੀ ਸੀ। ਰਾਵਣ ਨੇ ਲਛਮਣ ਨੂੰ ਕਿਹਾ ਕਿ "ਲਛਮਣ! ਹਰੇਕ ਮਨੁੱਖ ਦੀ ਜ਼ਿੰਦਗੀ ਦਾ ਇਕ ਰਹੱਸ ਪੂਰਨ ਪਹਿਲੂ ਹੈ ਕਿ ਹਰੇਕ ਮਨੁੱਖ ਆਉਣ ਵਾਲੇ ਕਲ੍ਹ ਨੂੰ ਉਡੀਕਦਾ ਹੈ। ਯਾਨੀ ਕਿ ਆਉਣ ਵਾਲੇ ਸਮੇਂ ਦੀ ਉਡੀਕ ਵਿਚ ਬੈਠਾ ਹੈ। ਪਰ ਜ਼ਿੰਦਗੀ ਵਿਚ ਕਲ੍ਹ ਨਹੀਂ ਆਉਂਦਾ।" ਦਰਅਸਲ ਇਹ ਹਕੀਕਤ ਹੈ ਕਿ ਜ਼ਿੰਦਗੀ ਵਿਚ ਕੇਵਲ ਅਜ ਹੀ ਆਉਂਦਾ ਹੈ। ਕਲ੍ਹ ਕਦੇ ਨਹੀਂ ਆਉਂਦਾ।

ਅਕਸਰ ਸਾਰੀ ਜ਼ਿੰਦਗੀ ਏਸੇ ਦੁਬਿਧਾ ਵਿਚ ਲੰਘਦੀ ਹੈ ਕਿ ਆਦਮੀ ਆਉਣ ਵਾਲੇ ਸਮੇਂ ਦੀ ਚਿੰਤਾ ਕਰਦਾ ਹੈ ਤੇ ਬੀਤੇ ਹੋਏ ਸਮੇਂ ਦਾ ਪਛਤਾਵਾ ਕਰਦਾ ਹੈ। ਏਸ ਚਿੰਤਾ ਤੇ ਪਛਤਾਵੇ ਵਿਚ ਜੋ ਅੱਜ ਸਮਾਂ ਹੈ ਉਹ ਹੱਥੋਂ ਨਿਕਲ ਜਾਂਦਾ ਹੈ। ਜਿਸ ਦਾ ਅੱਜ ਹੱਥੋਂ ਨਿਕਲ ਗਿਆ, ਉਸ ਦਾ ਕਲ੍ਹ ਵੀ ਚੰਗਾ ਨਹੀਂ ਹੋ ਸਕਦਾ। ਕਿਉਂਕਿ ਅੱਜ ਨੇ ਹੀ ਕਲ੍ਹ ਬਣਨਾ ਹੈ। ਜੇ ਅੱਜ ਹੀ ਚੰਗਾ ਨਹੀਂ ਤਾਂ ਕਲ੍ਹ ਕਿਵੇਂ ਚੰਗਾ ਹੋ ਸਕਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਿੱਖ ਕੌਮ ਦੇ ਸੰਤ ਕਵੀ ਹੋਏ ਹਨ। ਉਹ ਕਹਿੰਦੇ ਹਨ ਕਿ:

ਬੀਤ ਗਈ ਦੀ ਯਾਦ ਪਈ ਮਨ ਨੂੰ ਤੜਪਾਵੇ॥
ਆਉਣ ਵਾਲੇ ਦਾ ਸਹਿਮ ਪਿਆ ਵੱਢ ਵੱਢ ਖਾਵੇ॥

ਮੌਤ ਦੀ ਕਲਾ ਦਾ ਸਾਰਾ ਰਹੱਸ ਸਮੇਂ ਵਿਚ ਛਿਪਿਆ ਪਿਆ ਹੈ। ਜਿਹੜਾ ਬੰਦਾ ਸਮੇਂ ਦੀ ਕਦਰ ਨਹੀਂ ਕਰਦਾ, ਸਮਾਂ ਉਸ ਨੂੰ ਮੁਆਫ ਨਹੀਂ ਕਰਦਾ। ਸਮਾਂ ਤਾਂ ਆਪਣੀ ਚਾਲ ਚਲੀ ਜਾ ਰਿਹਾ ਹੈ। ਸਮਾਂ ਰੁਕਦਾ ਨਹੀਂ, ਪਰ ਬੰਦਾ ਗਾਫਿਲ ਹੈ। ਐ ਬੰਦੇ! ਜਿਸ ਮੌਤ ਦਾ ਤੈਨੂੰ ਬੜਾ ਡਰ ਹੈ, ਉਹ ਸਮੇਂ ਵਿਚ ਛਿਪੀ ਹੋਈ ਹੈ। ਤੂੰ ਸਮੇਂ ਨੂੰ ਸਮਝਣ ਦਾ ਯਤਨ ਕਰ ਮੌਤ ਦੀ ਸਮਝ ਤੈਨੂੰ ਆਪਣੇ ਆਪ ਆ ਜਾਏਗੀ। ਇਸ ਵਾਸਤੇ ਜੇ ਮੌਤ ਨੂੰ ਸਮਝਣਾ ਹੈ ਤਾਂ ਵਕਤ ਦੀ ਵਿਚਾਰ ਕਰ।

ਵਖਤ ਵਿਚਾਰੇ ਸੁ ਬੰਦਾ ਹੋਇ॥

ਮੈਂ ਕਿਸੇ ਸਿਆਣੇ ਕੋਲੋਂ ਇਕ ਕਹਾਣੀ ਸੁਣੀ ਸੀ ਕਿ ਇਕ ਆਦਮੀ ਦਾ ਇਕਲੌਤਾ ਪੁੱਤਰ ਅਠਾਰਾਂ ਸਾਲਾਂ ਦਾ ਹੋ ਕੇ ਮਰ ਗਿਆ। ਇਕਲੌਤਾ ਤੇ ਲਾਡਲਾ ਪੁੱਤਰ ਹੋਣ ਕਰਕੇ ਉਸ ਨੂੰ ਬੜਾ ਧੱਕਾ ਲਗਾ। ਮੋਹ ਦਾ ਮਾਰਿਆ ਹੋਇਆ ਉਹ ਆਦਮੀ ਆਪਣਾ ਦਿਮਾਗੀ ਸੰਤੁਲਨ ਖੋਹ ਬੈਠਾ। ਜਿਸ ਕਬਰ ਵਿਚ ਉਸ ਦੇ ਬੱਚੇ ਨੂੰ ਦਫਨਾਇਆ ਗਿਆ ਸੀ, ਉਸ ਕਬਰ ਤੇ ਜਾ ਕੇ ਉਹ ਆਦਮੀ ਰੋਜ਼ ਕਬਰ ਨਾਲ ਗੱਲਾਂ ਕਰਿਆ ਕਰੇ। ਕਿੰਨਾਂ-ਕਿੰਨਾਂ ਚਿਰ ਉਹ ਇਸ ਤਰ੍ਹਾਂ ਰੋਜ਼ ਕਰਦਾ ਰਿਹਾ। ਇਕ ਦਿਨ ਉਸ ਕੋਲੋਂ ਰਿਹਾ ਨਾ ਗਿਆ। ਕਿ ਉਸ ਨੇ ਕਬਰ ਦੀ ਇਕ ਇੱਟ ਪੁੱਟੀ ਤੇ

ਵਿਚ ਦੇਖਣਾ ਸ਼ੁਰੂ ਕੀਤਾ। ਕਬਰ ਵਿਚ ਘੁੱਪ ਅੰਧੇਰਾ ਦੇਖ ਕੇ ਕਹਿਣ ਲਗਾ ਬੇਟਾ! ਮੈਂ ਤੈਨੂੰ ਕਦੇ ਅੰਧੇਰੇ ਵਿਚ ਇਕਲਿਆਂ ਬਾਹਰ ਨਹੀਂ ਸੀ ਜਾਣ ਦਿੱਤਾ। ਪਰ ਇਥੇ ਏਨੀ ਅੰਧੇਰੀ ਕਬਰ ਵਿਚ ਮੈਂ ਤੈਨੂੰ ਇਕਲਿਆਂ ਹੀ ਛੱਡ ਦਿੱਤਾ ਹੈ। ਕਹਿੰਦੇ ਹਨ ਕਿ ਉਸ ਕਬਰ ਵਿਚੋਂ ਅਵਾਜ਼ ਆਈ ਕਿ ਪਿਤਾ ਜੀ! ਜੇ ਇਸ ਅੰਧੇਰੀ ਕਬਰ ਤੋਂ ਡਰ ਲਗਦਾ ਹੈ ਤਾਂ ਇਮਾਨ ਤੇ ਧਰਮ ਦੀ ਰੋਸ਼ਨੀ ਨਾਲ ਲੈ ਕੇ ਆਉਣਾ। ਇਹ ਕਬਰ ਤੁਹਾਨੂੰ ਵੀ ਉਡੀਕ ਰਹੀ ਹੈ। ਤੁਹਾਡੇ ਕੋਲ ਜ਼ਿੰਦਗੀ ਦੇ ਗਿਣੇ ਮਿਣੇ ਦਿਨ ਰਹਿ ਗਏ ਹਨ।

ਗਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥

(ਪੰਨਾ ੨੫੪)

ਪਰਮਾਤਮਾ ਨੇ ਦਿਨ ਵੀ ਤੇ ਸੁਆਸ ਵੀ ਬੰਦੇ ਦੇ ਗਿਣ ਕੇ ਮੁਕੱਰਰ ਕੀਤੇ ਹੋਏ ਹਨ। ਐ ਪਿਤਾ ਜੀ! ਜਿਹੜਾ ਮੋਹ ਦੇ ਅੰਧੇਰ ਵਿਚ ਫਸਿਆ ਹੋਇਆ ਹੀ ਆਪਣਾ ਜੀਵਨ ਗੁਜਾਰ ਦੇਵੇ ਉਹ ਮੂੜ੍ਹ ਤੇ ਗਵਾਰ ਹੀ ਹੁੰਦਾ ਹੈ। ਇਸ ਤੋਂ ਵੱਧ ਕੁਝ ਨਹੀਂ। ਅੱਜ ਤੁਹਾਡੇ ਕੋਲ ਸਮਾਂ ਹੈ। ਪਰ ਜਿਸ ਦਿਨ ਇਸ ਕਬਰ ਵਿਚ ਵਾਸਾ ਹੋਵੇਗਾ ਉਸ ਦਿਨ ਤਾਂ ਅਣਤੋਲੀ ਮਿੱਟੀ ਉਪਰ ਪਾ ਦਿੱਤੀ ਜਾਵੇਗੀ। ਅੰਤਿਮ ਨਿਵਾਸ ਤਾਂ ਕਬਰ ਵਿਚ ਹੀ ਹੋਵੇਗਾ। ਇਸ ਸਰੀਰ ਦਾ ਅਸਲੀ ਘਰ ਕਬਰ ਹੀ ਹੈ। ਕਬਰ ਤਾਂ ਇਸ ਸਰੀਰ ਦੀ ਉਡੀਕ ਕਰ ਰਹੀ ਹੈ।

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥ ੯੩॥

(ਪੰਨਾ ੧੩੮੨)

□□□□

ਸੰਜੋਗ ਵਿਯੋਗ ਅਤੇ ਮੌਤ ਦੀ ਕਲਾ

ਇਥੇ ਜਿੰਨੇ ਸਾਡੇ ਸੰਸਾਰ ਦੇ ਸਬੰਧ ਹਨ, ਇਹ ਸਾਰੇ ਪੂਰਬ ਸੰਜੋਗ ਕਰਕੇ ਹਨ। ਸੰਜੋਗ ਵਿਚ ਜਨਮ ਛਿਪਿਆ ਹੈ ਅਤੇ ਵਿਯੋਗ ਵਿਚ ਮੌਤ ਛਿਪੀ ਹੈ। ਮਾਂ, ਬਾਪ, ਭੈਣ, ਭਰਾ, ਪੁੱਤਰ ਧੀਆਂ ਅਤੇ ਆਪਣੇ ਅਤੀ ਪਿਆਰੇ ਸਜਣ ਮਿੱਤਰ ਆਦਿ ਸਾਰੇ ਪੂਰਬ ਦੇ ਸੰਜੋਗ ਕਰਕੇ ਮਿਲਦੇ ਹਨ। ਜਦੋਂ ਇਸ ਧਰਤੀ ਤੋਂ ਜੀਵ ਦਾ ਸੰਜੋਗ ਮੁੱਕ ਜਾਂਦਾ ਹੈ ਤਾਂ ਵਿਜੋਗ ਹੋ ਜਾਂਦਾ ਹੈ। ਫਿਰ ਦਾਣਾ ਪਾਣੀ ਵੀ ਮੁੱਕ ਜਾਂਦਾ ਹੈ। ਮੌਤ ਦੀ ਕਲਾ ਦਾ ਨਾਮ ਹੀ ਵਿਜੋਗ ਹੈ। ਜਦੋਂ ਵਿਜੋਗ ਹੋ ਜਾਏ ਤਾਂ ਫਿਰ ਇਥੇ ਕੋਈ ਨਹੀਂ ਰੱਖ ਸਕਦਾ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਸੰਜੋਗ ਤੇ ਵਿਜੋਗ ਸਾਰੀ ਕਾਇਨਾਤ ਦੀ ਕਾਰ ਨੂੰ ਚਲਾਉਂਦੇ ਹਨ। ਸੰਜੋਗ ਉਹ ਵਿਧੀ ਹੈ ਜਿਸ ਦੁਆਰਾ ਜੀਵ ਦੇ ਭਾਗ ਦਾ ਜਿੰਨਾ ਰਿਜ਼ਕ ਹੁੰਦਾ ਹੈ, ਉਹ ਜੀਵਨ ਵਿੱਚ ਮਿਲ ਜਾਂਦਾ ਹੈ। ਆਪਣੇ ਭਾਗ ਦਾ ਰਿਜ਼ਕ ਜੀਵ ਦੇ ਲੇਖੇ ਵਿੱਚ ਆ ਜਾਂਦਾ ਹੈ। ਜਦੋਂ ਦਾਣੇ ਪਾਣੀ ਦਾ ਲੇਖਾ ਮੁੱਕ ਜਾਂਦਾ ਹੈ ਤਾਂ ਵਿਜੋਗ, ਜੀਵ ਨੂੰ ਉਸ ਥਾਂ ਤੇ ਲੈ ਜਾਂਦਾ ਹੈ ਜਿਸ ਥਾਂ ਤੇ ਜੀਵ ਨੇ ਆਖਰੀ ਸੁਆਸ ਲੈਣਾ ਹੁੰਦਾ ਹੈ। ਵਿਜੋਗ ਦੀ ਕਿਰਿਆ ਅੰਤਿਮ ਕਿਰਿਆ ਹੁੰਦੀ ਹੈ। ਜਦੋਂ ਜੀਵ ਦਾ ਵਿਜੋਗ ਹੁੰਦਾ ਹੈ ਤਾਂ ਮੌਤ ਦਾ ਫਰਿਸ਼ਤਾ ਜੀਵ ਨੂੰ ਉਸ ਥਾਂ ਤੇ ਲੈ ਜਾਂਦਾ ਹੈ ਜਿਥੇ ਜੀਵ ਨੇ ਅੰਤਿਮ ਸੁਆਸ ਲੈਣਾ ਹੁੰਦਾ ਹੈ। ਇਸ ਦੇ ਨਾਲ ਹੀ ਜੀਵ ਦਾ ਸਭ ਨਾਲੋਂ ਵਿਜੋਗ ਹੋ ਜਾਂਦਾ ਹੈ ਤੇ ਵਿਯੋਗ ਕਰਕੇ ਵਿਛੜ ਜਾਂਦੇ ਹਨ ਅੰਤਲੇ ਸਮੇਂ ਤੇ ਇਸ ਜੀਵ ਦਾ ਕੋਈ ਵੀ ਸਹਾਇਕ ਨਹੀਂ ਹੁੰਦਾ।

ਗੁਰਦੇਵ ਦਾ ਪਵਿੱਤਰ ਕਥਨ ਹੈ ਕਿ:

ਮਾਤਾ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥ ੧॥

(ਪੰਨਾ ੭੦੦)

ਭਾਵ ਨੂੰ ਸਪੱਸ਼ਟ ਕਰਨ ਲਈ ਇਕ ਕਥਾ ਕਹਿੰਦੇ ਹਾਂ। ਕਿਸੇ ਸ਼ਹਿਰ ਵਿਚ ਬੜਾ ਧਨਵਾਨ ਇਕ ਵਣਜਾਰਾ ਰਹਿੰਦਾ ਸੀ। ਏਨਾ ਅਮੀਰ ਹੋਣ ਦੇ ਬਾਵਜੂਦ ਉਸ ਦੀ ਸੰਤਾਨ ਕੋਈ ਨਹੀਂ ਸੀ। ਸੰਤਾਨ ਨਾ ਹੋਣ ਕਰਕੇ ਅਕਸਰ ਉਹ ਦੁਖੀ ਰਹਿੰਦਾ ਸੀ। ਉਹ ਸੋਚਦਾ ਰਹਿੰਦਾ ਸੀ ਕਿ ਏਨੀ ਜਾਇਦਾਦ ਮੇਰੀ ਕਿਸ ਕੰਮ ਦੀ ਹੈ, ਜਦ ਮੇਰਾ ਕੋਈ ਧੀ ਪੁੱਤਰ ਨਹੀਂ ਹੈ। ਦੋਵੇਂ ਪਤੀ ਪਤਨੀ ਅਕਸਰ ਦੁਖੀ ਰਹਿੰਦੇ ਸਨ। ਜਿਉਂ-ਜਿਉਂ ਉਹਨਾਂ ਦੀ ਉਮਰ ਵੱਧਦੀ ਜਾਂਦੀ ਸੀ। ਤਿਉਂ-ਤਿਉਂ ਉਹਨਾਂ ਦਾ ਦੁੱਖ ਵੱਧਦਾ ਜਾਂਦਾ ਸੀ। ਇਕ ਦਿਨ ਉਹਨਾਂ ਨੂੰ ਕਿਸੇ ਨੇ ਦੁੱਖੀ ਦੇਖ ਕੇ ਕਿਹਾ ਕਿ ਸ਼ਹਿਰ

ਵਿਚ ਇਕ ਮਹਾਤਮਾ ਆਏ ਹਨ। ਸੁਣਿਆ ਹੈ ਕਿ ਉਹ ਬੜੇ ਕਰਨੀ ਵਾਲੇ ਮਹਾਂਪੁਰਖ ਹਨ। ਜੇਕਰ ਤੁਸੀਂ ਵੀ ਉਹਨਾਂ ਮਹਾਂਪੁਰਖਾਂ ਦਾ ਅਸ਼ੀਰਵਾਦ ਪ੍ਰਾਪਤ ਕਰੋ ਤਾਂ ਹੋ ਸਕਦਾ ਹੈ ਤੁਹਾਡੇ ਘਰ ਵੀ ਬੱਚਾ ਪੈਦਾ ਹੋ ਜਾਵੇ। ਜਿਵੇਂ ਡੁਬਦੇ ਨੂੰ ਤਿਨਕੇ ਦਾ ਸਹਾਰਾ ਹੁੰਦਾ ਹੈ। ਉਸ ਵਣਜਾਰੇ ਦੀਆਂ ਅੱਖਾਂ ਵਿਚ ਇਹ ਸੁਣ ਕੇ ਚਮਕ ਆ ਗਈ। ਉਸ ਵਣਜਾਰੇ ਨੇ ਸੰਤ ਭੇਟਾ ਵਾਸਤੇ ਕੁਝ ਤਿਲ ਫੁੱਲ ਭੇਟਾ ਪ੍ਰਸਾਦਿ ਲਿਆ ਤੇ ਨਾਲ ਆਪਣੀ ਧਰਮ ਪਤਨੀ ਨੂੰ ਲਿਆ ਤੇ ਮਹਾਂਪੁਰਖਾਂ ਦੀ ਸ਼ਰਨ ਵਿਚ ਪਹੁੰਚ ਗਿਆ। ਮਹਾਂਪੁਰਖਾਂ ਨੇ ਬੜੇ ਅਦਬ ਨਾਲ ਆਪਣੇ ਕੋਲ ਬਿਠਾਇਆ ਤੇ ਉਸ ਦੀ ਵਿਥਿਆ ਪੁਛੀ। ਉਸ ਵਣਜਾਰੇ ਨੇ ਕਿਹਾ ਮਹਾਰਾਜ! ਮੈਂ ਕਰੋੜਾਂ ਦੀ ਸੰਪਤੀ ਦਾ ਮਾਲਕ ਹਾਂ ਪਰ ਮੇਰੀ ਕੋਈ ਸੰਤਾਨ ਨਹੀਂ ਹੈ। ਕ੍ਰਿਪਾ ਕਰਕੇ ਮੇਰੇ ਸਿਰ ਤੇ ਹੱਥ ਰੱਖੋ। ਅਸ਼ੀਰਵਾਦ ਦਿਉ ਕਿ ਸਾਡੇ ਘਰ ਸੰਤਾਨ ਹੋਵੇ? ਉਹ ਮਹਾਤਮਾ ਕਹਿਣ ਲਗੇ ਕਿ ਇਸ ਸੰਸਾਰ ਵਿਚ ਜੋ ਕੁਝ ਵੀ ਮਿਲਦਾ ਹੈ ਉਹ ਸੰਜੋਗ ਦਾ ਮਿਲਦਾ ਹੈ। ਜੋ ਕੁਝ ਮਿਟਦਾ ਹੈ ਉਹ ਵਿਯੋਗ ਕਰਕੇ ਮਿਟਦਾ ਹੈ। ਇਸ ਸੰਸਾਰ ਦੀ ਜੋ ਸਿਰਜਣ ਬਿਨਸਨ ਦੀ ਕਾਰ ਚਲਦੀ ਹੈ, ਉਹ ਸੰਜੋਗ ਵਿਯੋਗ ਕਰਕੇ ਚਲਦੀ ਹੈ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ (ਜਪੁਜੀ ਸਾਹਿਬ)

ਉਹ ਧਨਵਾਨ ਵਣਜਾਰਾ ਕਹਿਣ ਲਗਾ ਕਿ ਸੁਣਿਆ ਹੈ ਕਿ ਮਹਾਂਪੁਰਖਾਂ ਦੇ ਅਸ਼ੀਰਵਾਦ ਨਾਲ ਮੰਦੇ ਭਾਗ ਵੀ ਖੁਲ੍ਹ ਜਾਂਦੇ ਹਨ। ਆਪ ਜੀ ਕ੍ਰਿਪਾ ਕਰਕੇ ਆਪਣਾ ਬਖਸ਼ਿਸ਼ ਭਰਿਆ ਹੱਥ ਸਾਡੇ ਸਿਰ ਤੇ ਰੱਖੋ। ਮਹਾਂਪੁਰਖਾਂ ਨੇ ਉਸ ਨੂੰ ਬਹੁਤੇ ਹੀ ਤਰਲੇ ਲੈਂਦਿਆਂ ਦੇਖ ਕੇ ਅਸੀਸ ਦਿੱਤੀ ਕਿ ਤੇਰੇ ਘਰ ਪੁੱਤਰ ਹੋਵੇਗਾ। ਉਹ ਵਣਜਾਰਾ ਹੱਦੋਂ ਵੱਧ ਖੁਸ਼ ਹੋ ਕੇ ਘਰ ਆਇਆ। ਵਾਕਿਆ ਹੀ ਅਗਲੇ ਸਾਲ ਉਸ ਦੇ ਘਰ ਇਕ ਸੋਹਣੇ ਪੁੱਤਰ ਨੇ ਜਨਮ ਲਿਆ। ਕੁਦਰਤੀ ਹੈ ਕਿ ਸੱਤ ਦਿਨ ਦੇ ਭੁੱਖੇ ਨੂੰ ਜੇ ਰੁਖੀ ਰੋਟੀ ਮਿਲ ਜਾਏ ਤਾਂ ਜਿਹੜਾ ਸੁਆਦ ਉਸ ਨੂੰ ਰੁਖੀ ਰੋਟੀ ਵਿਚੋਂ ਆਉਂਦਾ ਹੈ ਉਹ ਰਸ ਕਿਸੇ ਰਜੇ ਹੋਏ ਨੂੰ ਛਤੀ ਪਦਾਰਥਾਂ ਵਿਚੋਂ ਨਹੀਂ ਆਉਂਦਾ। ਭਾਵ ਕਿ ਜਿਹੜੀ ਖੁਸ਼ੀ ਨਿਰਸੰਤਾਨ ਨੂੰ ਇਕ ਬੱਚਾ ਪ੍ਰਾਪਤ ਕਰਕੇ ਹੁੰਦੀ ਹੈ ਉਹ ਖੁਸ਼ੀ ਉਸ ਨੂੰ ਨਹੀਂ ਹੁੰਦੀ ਜਿਸ ਘਰ ਪਹਿਲਾਂ ਹੀ ਚਾਰ ਬੱਚੇ ਹਨ। ਸੋ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਧਨਵਾਨ ਵਣਜਾਰੇ ਨੂੰ ਕਿੰਨੀ ਖੁਸ਼ੀ ਹੋਵੇਗੀ। ਉਸ ਨੇ ਲੱਖਾਂ ਰੁਪਏ ਦਾਨ ਪੁੰਨ ਤੇ ਹੀ ਖਰਚ ਕਰ ਦਿੱਤੇ। ਅਨੇਕਾਂ ਤਰ੍ਹਾਂ ਦੀਆਂ ਖੁਸ਼ੀਆਂ ਕੀਤੀਆਂ। ਕਹਿੰਦੇ ਹਨ ਕਿ ਕਈ ਦਿਨ ਖੁਸ਼ੀਆਂ ਹੁੰਦੀਆਂ ਰਹੀਆਂ। ਜਦੋਂ ਉਹ ਬੱਚਾ ਸਵਾ ਮਹੀਨੇ ਦਾ ਹੋਇਆ ਤਾਂ ਉਸ ਦੀ ਮੌਤ ਹੋ ਗਈ। ਉਸ ਵਣਜਾਰੇ ਦੇ ਸਿਰ ਤੇ ਮੁਸੀਬਤਾਂ ਦੇ ਪਹਾੜ ਢਹਿ ਪਏ। ਉਸ ਦਾ ਦੁਖ ਨਿਰਸੰਤਾਨ ਹੋਣ ਨਾਲੋਂ ਵੀ ਚਾਰ ਗੁਣਾਂ ਹੋਰ ਵੱਧ ਗਿਆ। ਉਹ ਫਿਰ ਦੋਵੇਂ ਜੀਅ ਉਹਨਾਂ ਹੀ ਮਹਾਂਪੁਰਖਾਂ ਕੋਲ ਗਏ। ਜਾ ਕੇ ਕਹਿਣ ਲਗੇ ਕਿ ਮਹਾਰਾਜ! ਸਾਡੇ ਨਾਲ ਇਹ ਕੀ ਭਾਣਾ

ਵਰਤਿਆ ਹੈ? ਉਹ ਸੰਤ ਕਹਿਣ ਲਗੇ ਕਿ ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਜੋ ਕੁਝ ਮਿਲਦਾ ਹੈ ਉਹ ਸੰਜੋਗ ਦਾ ਮਿਲਦਾ ਹੈ। ਜਿੰਨਾ ਚਿਰ ਸੰਜੋਗ ਉਸ ਬੱਚੇ ਦਾ ਤੁਹਾਡੇ ਨਾਲ ਸੀ ਓਨਾ ਚਿਰ ਉਹ ਤੁਹਾਡੇ ਕੋਲ ਰਿਹਾ। ਜਦੋਂ ਹਿਸਾਬ ਕਿਤਾਬ ਮੁੱਕ ਗਿਆ ਉਹ ਚਲਾ ਗਿਆ।

ਉਹ ਵਣਜਾਰਾ ਤੇ ਉਸ ਦੀ ਪਤਨੀ ਫਿਰ ਬੜੇ ਤਰਲੇ ਲੈਣ ਲਗੇ। ਉਹ ਫਿਰ ਕਹਿਣ ਕਿ ਸਾਨੂੰ ਅਸ਼ੀਰਵਾਦ ਦਿਉ? ਸਾਡੇ ਘਰ ਹੋਰ ਬੱਚਾ ਹੋਵੇ। ਉਹਨਾਂ ਮਹਾਂਪੁਰਖਾਂ ਨੇ ਫਿਰ ਤਰਸ ਖਾ ਕੇ ਉਨ੍ਹਾਂ ਨੂੰ ਅਸੀਸ ਦਿੱਤੀ ਕਿ ਤੁਹਾਡੇ ਘਰ ਫਿਰ ਬੱਚਾ ਪੈਦਾ ਹੋਵੇਗਾ। ਗੁਰੂ ਕ੍ਰਿਪਾ ਸਦਕਾ, ਅਗਲੇ ਸਾਲ ਫਿਰ ਉਹਨਾਂ ਦੇ ਘਰ ਇਕ ਸੋਹਣੇ ਬੱਚੇ ਨੇ ਜਨਮ ਲਿਆ। ਉਹ ਦੰਪਤੀ ਅੰਦਰੋਂ ਭਾਵੇਂ ਬੜੇ ਖੁਸ਼ ਹੋਏ ਪਰ ਇਸ ਵਾਰ ਉਨ੍ਹਾਂ ਦਾਨ ਪੁੰਨ ਰਾਹੀਂ ਬਾਹਰੋਂ ਕੋਈ ਖਰਚਾ ਨਾ ਕੀਤਾ। ਪਰ ਇਕ ਅਨੋਖੀ ਘਟਨਾ ਘਟੀ ਕਿ ਉਹ ਬੱਚਾ ਰੋਣੋ ਨਾ ਹਟਿਆ ਕਰੇ। ਅੱਠੇ ਪਹਿਰ ਰੋਂਦਾ ਹੀ ਰਿਹਾ ਕਰੇ। ਵਣਜਾਰੇ ਨੂੰ ਫਿਰ ਬੜਾ ਦੁਖ ਕਿ ਇਹ ਹੁਣ ਰੋਣੋ ਹੀ ਨਹੀਂ ਹੱਟਦਾ। ਉਹ ਬੱਚਾ ਪੰਜ ਸਾਲ ਦਾ ਹੋ ਗਿਆ, ਪਰ ਪੰਜ ਸਾਲਾਂ ਵਿਚ ਉਹ ਇਕ ਵਾਰ ਵੀ ਚੁੱਪ ਨਾ ਕੀਤਾ। ਹਾਰ ਕੇ ਅਖੀਰ ਉਹ ਦੋਵੇਂ ਜੀ ਬੱਚੇ ਨੂੰ ਲੈ ਕੇ ਫਿਰ ਉਹਨਾਂ ਹੀ ਮਹਾਂਪੁਰਖਾਂ ਕੋਲ ਗਏ। ਸੰਤਾਂ ਦੀ ਸ਼ਰਨ ਜਾ ਕੇ ਕਹਿਣ ਲਗੇ ਮਹਾਰਾਜ! ਇਸ ਦੇ ਸਿਰ ਬਖਸ਼ਿਸ਼ ਦਾ ਹੱਥ ਰਖੋ। ਇਹ ਰੋਣੋ ਹੀ ਨਹੀਂ ਹਟਦਾ। ਪੰਜ ਸਾਲ ਇਸ ਦੀ ਉਮਰ ਹੋ ਗਈ ਹੈ ਪਰ ਪੰਜਾਂ ਸਾਲਾਂ ਵਿਚ ਇਹ ਇਕ ਵਾਰੀ ਵੀ ਚੁੱਪ ਨਹੀਂ ਕੀਤਾ। ਇਸ ਦੇ ਰੋਣ ਦਾ ਹੁਣ ਸਾਨੂੰ ਬੜਾ ਦੁਖ ਹੈ। ਮਹਾਂਪੁਰਖ ਕਹਿਣ ਲਗੇ ਕਿ ਹੁਣੇ ਇਸ ਨੂੰ ਪੁੱਛ ਲੈਂਦੇ ਹਾਂ ਕਿਉਂ ਰੋਂਦਾ ਹੈ? ਉਹਨਾਂ ਸੰਤਾਂ ਨੇ ਬੱਚੇ ਦੇ ਸਿਰ ਤੇ ਹੱਥ ਰਖਿਆ ਤਾਂ ਉਹ ਬੱਚਾ ਖਿੜਖੜਾ ਕੇ ਹੱਸ ਪਿਆ। ਉਹ ਵਣਜਾਰਾ ਤੇ ਵਣਜਾਰਨ ਬੜੇ ਹੈਰਾਨ ਹੋਏ। ਉਹ ਵਣਜਾਰਾ ਤੇ ਵਣਜਾਰਨ ਉਹਨਾਂ ਮਹਾਂਪੁਰਖਾਂ ਨੂੰ ਪੁਛਣ ਲਗੇ ਮਹਾਰਾਜ! ਇਹ ਰੋਂਦਾ ਕਿਉਂ ਸੀ? ਸੰਤ ਕਹਿਣ ਲਗੇ ਇਹ ਵੀ ਇਸ ਨੂੰ ਪੁੱਛ ਲੈਂਦੇ ਹਾਂ। ਉਹਨਾਂ ਸੰਤਾਂ ਨੇ ਫਿਰ ਦੁਬਾਰਾ ਬੱਚੇ ਦੇ ਸਿਰ ਤੇ ਹੱਥ ਧਰ ਕੇ ਪੁਛਿਆ ਕਿ ਬੇਟਾ! ਤੂੰ ਰੋਂਦਾ ਕਿਉਂ ਸੀ? ਉਹ ਬੱਚਾ ਕਹਿਣ ਲਗਾ ਬਾਬਾ! ਰੋਂਦਾ ਨਾ ਤਾਂ ਕੀ ਕਰਦਾ? ਇਸ ਵਣਜਾਰੇ ਦੇ ਘਰ ਮੈਂ ਕੋਈ ਨਵਾਂ ਜਨਮ ਨਹੀਂ ਲਿਆ। ਮੈਂ ਤਾਂ ਕਈ ਜਨਮਾਂ ਤੋਂ ਇਸ ਦੇ ਘਰ ਜਨਮ ਲੈ ਰਿਹਾ ਹਾਂ। ਕਦੇ ਮੈਂ ਇਸ ਦਾ ਬੱਚਾ ਬਣਦਾ ਹਾਂ ਤੇ ਕਦੇ ਇਹ ਮੇਰਾ ਬੱਚਾ ਬਣਦਾ ਹੈ। ਇਹ ਸਿਲਸਿਲਾ ਕਈ ਜਨਮਾਂ ਤੋਂ ਚਲਿਆ ਆ ਰਿਹਾ ਹੈ। ਰੋਂਦਾ ਮੈਂ ਇਸ ਵਾਸਤੇ ਹਾਂ ਕਿ ਭਾਵੇਂ ਇਹ ਮੇਰਾ ਬੱਚਾ ਬਣ ਕੇ ਜਨਮੇ ਤੇ ਭਾਵੇਂ ਮੈਂ ਇਸ ਦਾ ਬੱਚਾ ਬਣ ਕੇ ਜਨਮਾਂ, ਕਮਾਈ ਮੈਂ ਹੀ ਕਰਦਾ ਹਾਂ ਤੇ ਇਸ ਨੂੰ ਖਵਾਉਂਦਾ ਹਾਂ। ਮੈਂ ਰੋਂਦਾ ਹਾਂ ਕਿ ਇਹ ਹੋਰ ਕਿੰਨੇ ਕੁ ਜਨਮ ਮੈਨੂੰ ਇਸੇ ਤਰ੍ਹਾਂ ਇਸ ਦਾ ਲੇਖਾ ਦੇਣਾ ਪਏਗਾ। ਪਹਿਲੇ ਜਨਮਾਂ ਵਿਚ ਤਾਂ ਮੈਂ ਕਦੇ ਰੋਇਆ ਨਹੀਂ ਪਰ ਇਸ ਵਾਰ ਮੈਂ

ਦੇਖਿਆ ਕਿ ਮੇਰੇ ਤੋਂ ਪਹਿਲਾਂ ਜਿਹੜਾ ਆਇਆ ਸੀ ਉਸ ਨੇ ਇਨ੍ਹਾਂ ਕੋਲੋਂ ਪੰਜ ਲੱਖ ਦਾ ਹਿਸਾਬ ਲੈਣਾ ਸੀ ਉਹ ਸਵਾ ਮਹੀਨੇ ਵਿਚ ਹੀ ਪੰਜ ਲੱਖ ਦਾ ਹਿਸਾਬ ਕਰਕੇ ਮੁਕਤ ਹੋ ਗਿਆ ਹੈ। ਮੈਂ ਰੋਂਦਾ ਸਾਂ ਕਿ ਹੇ ਵਾਹਿਗੁਰੂ! ਮੈਂ ਕਦੋਂ ਮੁਕਤ ਹੋਵਾਂਗਾ? ਮਹਾਂਪੁਰਖਾਂ ਨੇ ਪੁਛਿਆ ਕਿ ਹੁਣ ਹਸਿਆ ਕਿਉਂ? ਬੱਚਾ ਕਹਿਣ ਲਗਾ ਕਿ ਤੁਸਾਂ ਮੇਰੇ ਸਿਰ ਤੇ ਹੱਥ ਧਰ ਕੇ ਦਸਿਆ ਹੈ ਕਿ ਤੂੰ ਫਿਕਰ ਨਾ ਕਰ ਏਹੀ ਤੇਰਾ ਆਖਰੀ ਜਨਮ ਹੈ। ਇਹ ਸੁਣ ਕੇ ਮੇਰੀ ਖੁਸ਼ੀ ਦਾ ਆਰਾ ਪਾਰ ਨਹੀਂ ਰਿਹਾ।

ਦਰਅਸਲ ਇਹ ਕਹਾਣੀ ਜੀਵਨ ਦੀ ਹਕੀਕਤ ਹੈ। ਸਾਰੀ ਸ੍ਰਿਸ਼ਟੀ ਦੀ ਕਾਰ ਸੰਜੋਗ ਵਿਜੋਗ ਨਾਲ ਚਲ ਰਹੀ ਹੈ। ਇਕ ਆਦਮੀ ਆਪਣੀ ਤਿਜੋਰੀ ਵਿਚ ਜਿੰਨੀ ਦੌਲਤ ਬੰਦ ਕਰਕੇ ਰਖਦਾ ਹੈ, ਉਸ ਸਾਰੀ ਦੌਲਤ ਨੂੰ ਉਹ ਇਕੱਲਾ ਨਹੀਂ ਵਰਤਦਾ। ਉਸ ਵਿਚ ਕਈ ਤਰ੍ਹਾਂ ਦੇ ਸੰਜੋਗੀ ਹੁੰਦੇ ਹਨ। ਕੋਈ ਪੁੱਤਰ ਹੈ, ਕੋਈ ਮਿੱਤਰ ਹੈ, ਭੈਣ, ਭਰਾ, ਮਾਂ, ਬਾਪ, ਰਿਸ਼ਤੇਦਾਰ, ਸਬੰਧੀ, ਕੁਟੰਬੀ ਸਭ ਵਿਚੇ ਆ ਜਾਂਦੇ ਹਨ। ਜਿਥੇ ਜਿਥੇ ਸੰਜੋਗ ਹੁੰਦਾ ਹੈ, ਉਥੇ ਉਥੇ ਜੀਵ ਦਾ ਰਿਜ਼ਕ ਹੁੰਦਾ ਹੈ, ਜੀਵ ਨੂੰ ਕੇਵਲ ਉੱਦਮ ਕਰਨ ਦੀ ਲੋੜ ਹੈ, ਉਸ ਦੀ ਕਿਰਤ ਉਸ ਨੂੰ ਧੱਕਾ ਦੇ ਕੇ ਉਥੇ ਲੈ ਜਾਂਦੀ ਹੈ, ਜਿਥੇ ਰਿਜ਼ਕ ਮੁੱਕ ਜਾਏ ਓਥੇ ਸੰਜੋਗ ਮੁੱਕ ਜਾਂਦਾ ਹੈ। ਸੰਜੋਗ ਮੁੱਕ ਜਾਏ ਤਾਂ ਵਿਜੋਗ ਹੋ ਜਾਂਦਾ ਹੈ। ਵਿਜੋਗ ਦਾ ਮਤਲਬ ਕਿ ਸੰਸਾਰ ਨਾਲੋਂ ਹਿਸਾਬ ਕਿਤਾਬ ਖਤਮ ਹੋ ਗਿਆ ਹੈ। ਯਾਨੀ ਕਿ ਹੁਣ ਮੌਤ ਹੈ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਕਥਨ ਹੈ, ਕਿ ਕਰਤਾ ਪੁਰਖ ਨੇ ਜੀਵ ਦੇ ਨੱਕ ਵਿਚ ਕਿਰਤ ਦੀ ਨੱਥ ਪਾਈ ਹੋਈ ਹੈ। ਜੀਵਾਂ ਦਾ ਰਿਜ਼ਕ ਉਸ ਕਰਤੇ ਨੇ ਸਾਰੀ ਧਰਤੀ ਤੇ ਖਲਾਰ ਦਿੱਤਾ ਹੈ, ਜਿਥੇ ਜਿਥੇ ਰਿਜ਼ਕ ਹੁੰਦਾ ਹੈ, ਓਥੇ ਓਥੇ ਕਿਰਤ ਦੀ ਨੱਥ ਖਿੱਚ ਕੇ ਲੈ ਜਾਂਦਾ ਹੈ।

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ ੨॥

(ਪੰਨਾ ੬੫੩)

ਗੁਰੂ ਨਾਨਕ ਦੇਵ ਜੀ ਦੀ ਜਨਮ ਕਥਾ ਵਿਚ ਇਕ ਕਥਾ ਦਰਜ ਹੈ। ਭਾਵ ਨੂੰ ਸਪੱਸ਼ਟ ਕਰਨ ਲਈ ਸੁਣਾਉਂਦਾ ਹਾਂ। ਗੁਰੂ ਨਾਨਕ ਸਾਹਿਬ ਤੇ ਮਰਦਾਨਾ ਪ੍ਰਚਾਰ ਯਾਤਰਾ ਦੇ ਦੌਰਾਨ ਪੰਜਾਬ ਤੋਂ ਦੂਰ ਕਿਸੇ ਹੋਰ ਸਟੇਟ ਵਿਚ ਗਏ ਹੋਏ ਸਨ। ਜੰਗਲ ਦੇ ਇਲਾਕੇ ਵਿਚੋਂ ਦੀ ਸਫਰ ਕਰਦੇ ਜਾਂਦੇ ਸਨ ਕਿ ਮਰਦਾਨਾ ਕਹਿਣ ਲਗਾ ਸਤਿਗੁਰੂ ਜੀ! ਮੈਨੂੰ ਬੜੀ ਡਾਢੀ ਭੁੱਖ ਲਗੀ ਹੈ। ਗੁਰਦੇਵ ਕਹਿਣ ਲਗੇ ਮਰਦਾਨਿਆ! ਜਿਥੇ ਦਾਣਾ ਪਾਣੀ ਹੋਵੇਗਾ ਓਥੇ ਜਰੂਰ ਮਿਲ ਜਾਣਾ ਹੈ। ਮਰਦਾਨਾ ਕਹਿਣ ਲਗਾ ਗੁਰਦੇਵ! ਮੇਰੇ ਕੋਲੋਂ ਹੁਣ ਹੋਰ ਅਗੇ ਨਹੀਂ ਚਲਿਆ ਜਾਂਦਾ। ਮਰਦਾਨਾ ਤਾਂ ਓਥੇ ਹੀ ਢੇਰੀ ਢਾਹ ਕੇ ਬੈਠ ਗਿਆ। ਕਹਿਣ ਲਗਾ ਖਾਣਾ ਮਿਲੇਗਾ ਤਾਂ ਅਗੇ ਤੁਰਾਂਗਾ। ਏਨੇ ਨੂੰ ਇਕ ਜਿਮੀਦਾਰ ਆਪਣੇ ਸਿਰ ਤੇ ਮੱਕੀ ਦੀਆਂ ਛੱਲੀਆਂ ਦੀ ਗੱਠੜੀ ਰੱਖੀ

ਆ ਗਿਆ। ਉਸ ਜਿਮੀਦਾਰ ਨੇ ਗੁਰਦੇਵ ਤੇ ਮਰਦਾਨੇ ਨੂੰ ਮਹਾਤਮਾ ਜਾਣ ਕੇ ਛਲੀਆਂ ਦੀ ਗੱਠੜੀ ਥੱਲੇ ਰੱਖੀ ਤੇ ਨਮਸਕਾਰ ਕੀਤੀ। ਕੁਝ ਛਲੀਆਂ ਵੀ ਉਸ ਨੇ ਗੁਰਦੇਵ ਦੇ ਚਰਨਾਂ ਤੇ ਭੇਟਾ ਕੀਤੀਆਂ। ਗੁਰਦੇਵ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਿਆ। ਤੈਨੂੰ ਭੁੱਖ ਲਗੀ ਹੈ ਤੂੰ ਛਲੀਆਂ ਭੁੰਨ ਕੇ ਖਾ ਲੈ? ਮਰਦਾਨੇ ਨੇ ਗੁਰਦੇਵ ਦਾ ਹੁਕਮ ਮੰਨ ਕੇ ਛਲੀਆਂ ਭੁੰਨੀਆਂ ਤੇ ਗੁਰਦੇਵ ਦੇ ਅੱਗੇ ਰੱਖੀਆਂ। ਗੁਰਦੇਵ ਨੇ ਉਹ ਛਲੀਆਂ ਉਸ ਜਿਮੀਦਾਰ ਨੂੰ ਵੀ ਦਿੱਤੀਆਂ, ਮਰਦਾਨੇ ਨੂੰ ਵੀ ਤੇ ਆਪ ਵੀ ਲੈ ਕੇ ਛਕਣ ਲਗੇ। ਜਦੋਂ ਮਰਦਾਨਾ ਛਲੀ ਖਾ ਰਿਹਾ ਸੀ ਤਾਂ ਗੁਰੂ ਜੀ ਮਰਦਾਨੇ ਵਲ ਦੇਖ ਕੇ ਤਮਸਖਰਾਨਾ ਲਹਿਜ਼ੇ ਨਾਲ ਹੱਸਣ ਲਗੇ। ਮਰਦਾਨੇ ਨੇ ਸੋਚਿਆ ਕਿ ਮੈਨੂੰ ਜ਼ਿਆਦਾ ਭੁੱਖ ਲਗੀ ਹੈ ਤੇ ਮੈਨੂੰ ਜਲਦੀ ਜਲਦੀ ਛਲੀ ਖਾਂਦੇ ਨੂੰ ਦੇਖ ਕੇ ਹੱਸਦੇ ਹਨ। ਮਰਦਾਨਾ ਕਹਿਣ ਲਗਾ ਮਹਾਰਾਜ! ਮੈਨੂੰ ਭੁੱਖ ਲਗੀ ਹੈ, ਇਸ ਕਰਕੇ ਮੈਂ ਕਾਹਲੀ ਨਾਲ ਛਲੀ ਖਾ ਰਿਹਾ ਹਾਂ। ਤੁਸੀਂ ਮੇਰੇ ਤੇ ਹੱਸੋ ਨਾ। ਗੁਰੂ ਜੀ ਕਹਿਣ ਲਗੇ ਕਿ ਤੇਰੇ ਤੇ ਨਹੀਂ ਹੱਸਦਾ ਮੈਂ ਤਾਂ ਕਰਤਾ ਪੁਰਖ ਦੀ ਕੁਦਰਤ ਤੇ ਵਿਸਮਾਦ ਹਾਂ ਕਿ ਛੱਲੀ ਤੇਰੇ ਹੱਥ ਵਿਚ ਹੈ ਪਰ ਦਾਣੇ ਕਿਸੇ ਹੋਰ ਨੇ ਵੀ ਖਾਣੇ ਹਨ। ਮਰਦਾਨਾ ਕਹਿਣ ਲਗਾ ਕਿ ਇਹ ਕਿਵੇਂ ਹੋ ਸਕਦਾ ਹੈ? ਗੁਰਦੇਵ ਕਹਿਣ ਲਗੇ ਕਿ ਦੇਖ ਲੈ, ਜਿਹੜੀ ਛਲੀ ਤੂੰ ਖਾ ਰਿਹਾ ਹੈ, ਇਸ ਵਿਚ ਦੋ ਦਾਣੇ ਕਿਸੇ ਹੋਰ ਦੇ ਹਨ। ਮਰਦਾਨੇ ਨੇ ਛੇਤੀ ਛੇਤੀ ਉਹ ਸਾਰੀ ਛੱਲੀ ਦੇ ਦਾਣੇ ਖਾ ਲਏ। ਜਦੋਂ ਅਖੀਰਲੇ ਦੋ ਦਾਣੇ ਖਾਣ ਲਈ ਮਰਦਾਨੇ ਨੇ ਆਪਣੇ ਮੂੰਹ ਵਿਚ ਸੁਟੇ ਤਾਂ ਉਹ ਦੋ ਦਾਣੇ ਮਰਦਾਨੇ ਦੀਆਂ ਨਾਸਕਾਂ ਵਿਚ ਚੜ੍ਹ ਗਏ। ਮਰਦਾਨਾ ਬੜਾ ਪ੍ਰੇਸ਼ਾਨ ਹੋਇਆ। ਉਹ ਦੋ ਦਾਣੇ ਨਾਸਕਾਂ ਵਿਚੋਂ ਨਿਕਲਣ ਹੀ ਨਾ। ਮਰਦਾਨੇ ਨੂੰ ਸੁਆਸ ਲੈਣਾ ਔਖਾ ਹੋ ਗਿਆ। ਗੁਰੂ ਜੀ ਨੂੰ ਕਹਿਣ ਲਗਾ ਕਿ ਮੈਂ ਬਹੁਤ ਔਖਾ ਹਾਂ। ਦਾਣੇ ਨਾਸਕਾਂ ਵਿਚੋਂ ਨਿਕਲਦੇ ਨਹੀਂ। ਮੇਰਾ ਕੋਈ ਇਲਾਜ ਕਰੋ? ਗੁਰਦੇਵ ਕਹਿਣ ਲਗੇ ਕੁਦਰਤੀ ਹੈ ਕਿ ਸੂਰਜ ਵਲ ਦੇਖਣ ਨਾਲ ਛਿੱਕਾਂ ਆ ਜਾਂਦੀਆਂ ਹਨ। ਮਰਦਾਨੇ ਨੇ ਸੂਰਜ ਵੱਲ ਦੇਖ ਕੇ ਦੋ ਵਾਰ ਛਿੱਕਿਆ। ਨਾਸਕਾਂ ਵਿਚ ਫਸੇ ਹੋਏ ਦਾਣੇ ਦੂਰ ਜਾ ਡਿੱਗੇ। ਇਕ ਪੰਛੀ ਉਡਦਾ ਹੋਇਆ ਆਇਆ ਤੇ ਉਸ ਨੇ ਉਹ ਦਾਣੇ ਖਾ ਲਏ। ਗੁਰਦੇਵ ਕਹਿਣ ਲਗੇ ਦੇਖ ਮਰਦਾਨਿਆਂ! ਜਿਸ ਦੇ ਭਾਗ ਦੇ ਦਾਣੇ ਸਨ ਉਸ ਨੂੰ ਮਿਲ ਗਏ ਹਨ। ਇਸ ਧਰਤੀ ਸਭ ਦਾ ਰਿਜ਼ਕ ਕਰਤਾ ਪੁਰਖ ਸੰਭਾਲਿਆ ਹੋਇਆ ਹੈ। ਜਿੰਨੀ ਦੇਰ ਤਕ ਸੰਜੋਗ ਹੈ, ਰਿਜ਼ਕ ਮਿਲਦਾ ਹੀ ਰਹਿੰਦਾ ਹੈ। ਸੰਜੋਗ ਮੁੱਕ ਜਾਏ, ਫਿਰ ਵਿਯੋਗ ਹੈ। ਵਿਯੋਗ ਯਾਨੀ ਮੌਤ ਦੀ ਕਲਾ ਹੈ। ਸੰਜੋਗ ਜਨਮ ਤੇ ਜੀਵਨ ਦੇਂਦਾ ਹੈ। ਵਿਯੋਗ, ਵਿਛੋੜਾ ਤੇ ਮੌਤ ਪ੍ਰਦਾਨ ਕਰਦਾ ਹੈ।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ *(ਜਪੁਜੀ ਸਾਹਿਬ)*

ਜਦੋਂ ਇਸ ਧਰਤੀ ਤੋਂ ਜੀਵ ਦਾ ਸੰਜੋਗ ਮੁੱਕ ਜਾਂਦਾ ਹੈ ਤਾਂ ਵਿਜੋਗ ਹੋ ਜਾਂਦਾ

ਹੈ। ਫਿਰ ਦਾਣਾ ਪਾਣੀ ਵੀ ਮੁੱਕ ਜਾਂਦਾ ਹੈ। ਮੌਤ ਦੀ ਕਲਾ ਦਾ ਨਾਮ ਹੀ ਵਿਜੋਗ ਹੈ। ਜਦੋਂ ਵਿਜੋਗ ਹੋ ਜਾਏ ਤਾਂ ਫਿਰ ਇਥੇ ਕੋਈ ਨਹੀਂ ਰੱਖ ਸਕਦਾ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਸੰਜੋਗ ਤੇ ਵਿਜੋਗ ਸਾਰੀ ਕਾਇਨਾਤ ਦੀ ਕਾਰ ਨੂੰ ਚਲਾਉਂਦੇ ਹਨ। ਸੰਜੋਗ ਉਹ ਵਿਧੀ ਹੈ ਜਿਸ ਦੁਆਰਾ ਜੀਵ ਦੇ ਭਾਗ ਦਾ ਜਿੰਨਾ ਰਿਜ਼ਕ ਹੁੰਦਾ ਹੈ, ਉਹ ਜੀਵਨ ਵਿਚ ਮਿਲ ਜਾਂਦਾ ਹੈ। ਆਪਣੇ ਭਾਗ ਦਾ ਰਿਜ਼ਕ ਜੀਵ ਦੇ ਲੇਖੇ ਵਿਚ ਆ ਜਾਂਦਾ ਹੈ। ਜਦੋਂ ਦਾਣੇ ਪਾਣੀ ਦਾ ਲੇਖਾ ਮੁੱਕ ਜਾਂਦਾ ਹੈ, ਤਾਂ ਵਿਜੋਗ, ਜੀਵ ਨੂੰ ਉਸ ਥਾਂ ਤੇ ਲੈ ਜਾਂਦਾ ਹੈ ਜਿਸ ਥਾਂ ਤੇ ਜੀਵ ਨੇ ਆਖਰੀ ਸੁਆਸ ਲੈਣਾ ਹੁੰਦਾ ਹੈ, ਵਿਜੋਗ ਦੀ ਕਿਰਿਆ ਅੰਤਿਮ ਕਿਰਿਆ ਹੁੰਦੀ ਹੈ। ਜਦੋਂ ਜੀਵ ਦਾ ਵਿਜੋਗ ਹੁੰਦਾ ਹੈ ਤਾਂ ਮੌਤ ਦਾ ਫਰਿਸ਼ਤਾ ਜੀਵ ਨੂੰ ਉਸ ਥਾਂ ਤੇ ਲੈ ਜਾਂਦਾ ਹੈ ਜਿਥੇ ਜੀਵ ਨੇ ਅੰਤਿਮ ਸੁਆਸ ਲੈਣਾ ਹੁੰਦਾ ਹੈ।

□□□□

ਸੰਖੇਪ ਜੀਵਨ
ਸੰਤਰੇਨ ਗਿਆਨੀ ਸੁਖਬੀਰ ਸਿੰਘ

ਗੁਰਦਾਸਪੁਰ ਜ਼ਿਲ੍ਹੇ ਦਾ ਕਸਬਾ "ਕਾਦੀਆਂ ਮਿਰਜ਼ੇ ਦੀਆਂ" ਦੇ ਨੇੜੇ ਛੋਟਾ ਜਿਹਾ ਪਿੰਡ ਹੈ "ਖਾਰਾ"। ਖਾਰੇ ਪਿੰਡ ਵਿਚ ਪਿਤਾ ਸ੍ਰ: ਤਾਰਾ ਸਿੰਘ ਅਤੇ ਮਾਤਾ ਲਾਭ ਕੌਰ ਜੀ ਦੇ ਗ੍ਰਹਿ ਵਿਖੇ ਸੰਨ ੧੯੫੯ ਈ: ਵਿੱਚ ਆਪ ਦਾ ਜਨਮ ਹੋਇਆ। ਮੁੱਢਲਾ ਜੀਵਨ ਬੜਾ ਹੀ ਤਰਸਯੋਗ ਰਿਹਾ ਹੈ। ਜਿਵੇਂ ਕਿ ੧੯੪੭ ਵਿੱਚ ਪਾਕਿਸਤਾਨ ਬਣ ਜਾਣ ਕਰਕੇ ਮਾਤਾ ਪਿਤਾ ਪਾਕਿਸਤਾਨ ਜ਼ਿਲ੍ਹਾ ਸਿਆਲਕੋਟ ਦੇ ਪਿੰਡ "ਉਚਾ ਸੱਦੋਵਾਲਾ" ਤੋਂ ਉੱਠ ਆਏ ਸਨ। ਪਾਕਿਸਤਾਨ ਬਣ ਜਾਣ ਨਾਲ ਜੋ ਜ਼ਮੀਨ ਦਾ ਚੰਗਾ ਕਾਰੋਬਾਰ ਪਾਕਿਸਤਾਨ ਵਿਚ ਸੀ, ਉਹ ਏਧਰ ਪੂਰਬੀ ਪੰਜਾਬ ਵਿਚ ਆ ਕੇ ਨਾ ਬਣਿਆ। ਕਰੀਬਨ ਸਾਰੀ ਜ਼ਮੀਨ ਗੁਆਚ ਗਈ। ਉਸ ਸਮੇਂ ਦੇ ਕੁਝ ਚਲਾਕ ਲੋਕਾਂ ਨੇ ਸ੍ਰ: ਤਾਰਾ ਸਿੰਘ ਦੀ ਜ਼ਮੀਨ ਆਪਣੇ ਨਾਮ ਉਪਰ ਰਿਸ਼ਵਤ ਆਦਿ ਦੇ ਜ਼ਰੀਏ ਚੜ੍ਹਵਾ ਲਈ। ਕਈ ਸਾਲ ਏਸ ਸੰਸੇ ਵਿਚ ਭਟਕਣਾ ਪਿਆ ਕਿ ਸ਼ਾਇਦ ਸ੍ਰ: ਤਾਰਾ ਸਿੰਘ ਦੀ ਜੱਦੀ ਜ਼ਮੀਨ ਕਿਸੇ ਹੋਰ ਪਿੰਡ ਪੈ ਗਈ ਹੋਵੇ। ਕਦੇ ਕਿਸੇ ਪਿੰਡ ਅਤੇ ਕਦੇ ਕਿਸੇ ਪਿੰਡ ਸਮੇਤ ਪ੍ਰਵਾਰ ਦੇ ਭਟਕਣਾ ਪਿਆ। ਅੰਖਰ ਕਿਸੇ ਪਟਵਾਰੀ ਨੇ ਦੱਸ ਪਾਈ ਕਿ ਤੁਹਾਡੀ ਜ਼ਮੀਨ ਕਾਦੀਆਂ ਦੇ ਨੇੜੇ "ਖਾਰੇ" ਪਿੰਡ ਵਿਚ ਹੋ ਸਕਦੀ ਹੈ। ਖਾਰੇ ਆ ਕੇ ਪਤਾ ਕਰਨ ਤੇ ਪਤਾ ਲੱਗਾ ਕਿ ਸਾਰੀ ਜ਼ਮੀਨ ਕਿਸੇ ਹੋਰ ਸੱਜਣ ਦੇ ਨਾਮ ਚੜ੍ਹ ਚੁੱਕੀ ਹੈ ਅਤੇ ਕੇਵਲ ਤਿੰਨ ਕਨਾਲ ਜ਼ਮੀਨ ਬਚੀ ਹੈ। ਏਸ ਹਾਲਤ ਵਿੱਚ ਸ੍ਰ: ਤਾਰਾ ਸਿੰਘ ਨੂੰ ਬੜਾ ਵੱਡਾ ਸਦਮਾ ਪਹੁੰਚਿਆ। ਏਸ ਵੇਲੇ ਸ੍ਰ: ਤਾਰਾ ਸਿੰਘ ਦੇ ਤਿੰਨ ਬੱਚੇ ਕੋਲ ਸਨ। ਵੱਡਾ ਪੁੱਤਰ ਸ੍ਰ. ਬਾਵਾ ਸਿੰਘ ਮਜਬੂਰਨ ਖੇਤੀ ਦਾ ਕੰਮ ਛੱਡ ਕੇ ਬਟਾਲੇ ਸ਼ਹਿਰ ਵਿਚ ਕਿਸੇ ਫੈਕਟਰੀ ਵਿੱਚ ਮਜ਼ਦੂਰੀ ਕਰਨ ਲੱਗਾ। ਉਸ ਤੋਂ ਛੋਟੀ ਲੜਕੀ ਸੁਰਜੀਤ ਕੌਰ ਸੀ। ਉਸ ਤੋਂ ਛੋਟਾ ਲੜਕਾ ਸਾਧੂ ਸਿੰਘ ਸੀ। ੧੯੬੦ ਤੱਕ ਕਰੀਬਨ ਸ੍ਰ. ਤਾਰਾ ਸਿੰਘ ਨੂੰ ਇਹ ਆਸ ਬਿਲਕੁਲ ਹੀ ਖਤਮ ਹੋ ਗਈ ਕਿ ਉਹਨਾਂ ਦੀ ਜ਼ਮੀਨ ਹੁਣ ਮਿਲ ਸਕੇਗੀ। ੧੯੫੯ ਵਿੱਚ ਸੰਤਰੇਨ ਗਿਆਨੀ ਸੁਖਬੀਰ ਸਿੰਘ ਦਾ ਜਨਮ ਹੋਇਆ। ਏਸ ਵਕਤ ਤੇ ਸ੍ਰ: ਤਾਰਾ ਸਿੰਘ ਦੀ ਹਾਲਤ ਜ਼ਮੀਨ ਨਾ ਮਿਲਣ ਕਰਕੇ ਬਹੁਤ ਜ਼ਿਆਦਾ ਖਸਤਾ ਹੋ ਗਈ ਸੀ। ਇਕ ਕੱਚਾ ਘਰ ਕੋਲ ਸੀ, ਜਿਸ ਦਾ ਕੇਵਲ ਇਕ ਹੀ ਕਮਰਾ ਸੀ। ਏਸ ਘਰ ਵਿਚ ਸ੍ਰ: ਤਾਰਾ ਸਿੰਘ ਨੂੰ ਮਹਿਸੂਸ ਹੁੰਦਾ ਸੀ ਕਿ ਮੈਂ ਰਾਜੇ ਤੋਂ ਭਿਖਾਰੀ ਹੋ ਗਿਆ ਹਾਂ। ਇਸ ਚਿੰਤਾ ਕਾਰਨ ਸ੍ਰ:

ਸੰਖੇਪ ਜੀਵਨ

ਸੰਤਰੇਨ ਗਿਆਨੀ ਸੁਖਬੀਰ ਸਿੰਘ

ਗੁਰਦਾਸਪੁਰ ਜ਼ਿਲ੍ਹੇ ਦਾ ਕਸਬਾ "ਕਾਦੀਆਂ ਮਿਰਜ਼ੇ ਦੀਆਂ" ਦੇ ਨੇੜੇ ਛੋਟਾ ਜਿਹਾ ਪਿੰਡ ਹੈ "ਖਾਰਾ"। ਖਾਰੇ ਪਿੰਡ ਵਿਚ ਪਿਤਾ ਸ੍ਰ: ਤਾਰਾ ਸਿੰਘ ਅਤੇ ਮਾਤਾ ਲਾਭ ਕੌਰ ਜੀ ਦੇ ਗ੍ਰਹਿ ਵਿਖੇ ਸੰਨ ੧੯੫੯ ਈ: ਵਿੱਚ ਆਪ ਦਾ ਜਨਮ ਹੋਇਆ। ਮੁੱਢਲਾ ਜੀਵਨ ਬੜਾ ਹੀ ਤਰਸਯੋਗ ਰਿਹਾ ਹੈ। ਜਿਵੇਂ ਕਿ ੧੯੪੭ ਵਿੱਚ ਪਾਕਿਸਤਾਨ ਬਣ ਜਾਣ ਕਰਕੇ ਮਾਤਾ ਪਿਤਾ ਪਾਕਿਸਤਾਨ ਜ਼ਿਲ੍ਹਾ ਸਿਆਲਕੋਟ ਦੇ ਪਿੰਡ "ਉਚਾ ਸੱਦੋਵਾਲਾ" ਤੋਂ ਉੱਠ ਆਏ ਸਨ। ਪਾਕਿਸਤਾਨ ਬਣ ਜਾਣ ਨਾਲ ਜੋ ਜ਼ਮੀਨ ਦਾ ਚੰਗਾ ਕਾਰੋਬਾਰ ਪਾਕਿਸਤਾਨ ਵਿਚ ਸੀ, ਉਹ ਏਧਰ ਪੂਰਬੀ ਪੰਜਾਬ ਵਿਚ ਆ ਕੇ ਨਾ ਬਣਿਆ। ਕਰੀਬਨ ਸਾਰੀ ਜ਼ਮੀਨ ਗੁਆਚ ਗਈ। ਉਸ ਸਮੇਂ ਦੇ ਕੁਝ ਚਲਾਕ ਲੋਕਾਂ ਨੇ ਸ੍ਰ: ਤਾਰਾ ਸਿੰਘ ਦੀ ਜ਼ਮੀਨ ਆਪਣੇ ਨਾਮ ਉਪਰ ਰਿਸ਼ਵਤ ਆਦਿ ਦੇ ਜ਼ਰੀਏ ਚੜ੍ਹਵਾ ਲਈ। ਕਈ ਸਾਲ ਏਸ ਸੰਸੇ ਵਿਚ ਭਟਕਣਾ ਪਿਆ ਕਿ ਸ਼ਾਇਦ ਸ੍ਰ: ਤਾਰਾ ਸਿੰਘ ਦੀ ਜੱਦੀ ਜ਼ਮੀਨ ਕਿਸੇ ਹੋਰ ਪਿੰਡ ਪੈ ਗਈ ਹੋਵੇ। ਕਦੇ ਕਿਸੇ ਪਿੰਡ ਅਤੇ ਕਦੇ ਕਿਸੇ ਪਿੰਡ ਸਮੇਤ ਪ੍ਰਵਾਰ ਦੇ ਭਟਕਣਾ ਪਿਆ। ਅੱਖਰ ਕਿਸੇ ਪਟਵਾਰੀ ਨੇ ਦੱਸ ਪਾਈ ਕਿ ਤੁਹਾਡੀ ਜ਼ਮੀਨ ਕਾਦੀਆਂ ਦੇ ਨੇੜੇ "ਖਾਰੇ" ਪਿੰਡ ਵਿਚ ਹੋ ਸਕਦੀ ਹੈ। ਖਾਰੇ ਆ ਕੇ ਪਤਾ ਕਰਨ ਤੇ ਪਤਾ ਲੱਗਾ ਕਿ ਸਾਰੀ ਜ਼ਮੀਨ ਕਿਸੇ ਹੋਰ ਸੱਜਣ ਦੇ ਨਾਮ ਚੜ੍ਹ ਚੁੱਕੀ ਹੈ ਅਤੇ ਕੇਵਲ ਤਿੰਨ ਕਨਾਲ ਜ਼ਮੀਨ ਬਚੀ ਹੈ। ਏਸ ਹਾਲਤ ਵਿੱਚ ਸ੍ਰ: ਤਾਰਾ ਸਿੰਘ ਨੂੰ ਬੜਾ ਵੱਡਾ ਸਦਮਾ ਪਹੁੰਚਿਆ। ਏਸ ਵੇਲੇ ਸ੍ਰ: ਤਾਰਾ ਸਿੰਘ ਦੇ ਤਿੰਨ ਬੱਚੇ ਕੋਲ ਸਨ। ਵੱਡਾ ਪੁੱਤਰ ਸ੍ਰ. ਬਾਵਾ ਸਿੰਘ ਮਜਬੂਰਨ ਖੇਤੀ ਦਾ ਕੰਮ ਛੱਡ ਕੇ ਬਟਾਲੇ ਸ਼ਹਿਰ ਵਿਚ ਕਿਸੇ ਫੈਕਟਰੀ ਵਿੱਚ ਮਜ਼ਦੂਰੀ ਕਰਨ ਲੱਗਾ। ਉਸ ਤੋਂ ਛੋਟੀ ਲੜਕੀ ਸੁਰਜੀਤ ਕੌਰ ਸੀ। ਉਸ ਤੋਂ ਛੋਟਾ ਲੜਕਾ ਸਾਧੂ ਸਿੰਘ ਸੀ। ੧੯੬੦ ਤੱਕ ਕਰੀਬਨ ਸ੍ਰ. ਤਾਰਾ ਸਿੰਘ ਨੂੰ ਇਹ ਆਸ ਬਿਲਕੁਲ ਹੀ ਖਤਮ ਹੋ ਗਈ ਕਿ ਉਹਨਾਂ ਦੀ ਜ਼ਮੀਨ ਹੁਣ ਮਿਲ ਸਕੇਗੀ। ੧੯੫੯ ਵਿੱਚ ਸੰਤਰੇਨ ਗਿਆਨੀ ਸੁਖਬੀਰ ਸਿੰਘ ਦਾ ਜਨਮ ਹੋਇਆ। ਏਸ ਵਕਤ ਤੇ ਸ੍ਰ: ਤਾਰਾ ਸਿੰਘ ਦੀ ਹਾਲਤ ਜ਼ਮੀਨ ਨਾ ਮਿਲਣ ਕਰਕੇ ਬਹੁਤ ਜ਼ਿਆਦਾ ਖਸਤਾ ਹੋ ਗਈ ਸੀ। ਇਕ ਕੱਚਾ ਘਰ ਕੋਲ ਸੀ, ਜਿਸ ਦਾ ਕੇਵਲ ਇਕ ਹੀ ਕਮਰਾ ਸੀ। ਏਸ ਘਰ ਵਿਚ ਸ੍ਰ: ਤਾਰਾ ਸਿੰਘ ਨੂੰ ਮਹਿਸੂਸ ਹੁੰਦਾ ਸੀ ਕਿ ਮੈਂ ਰਾਜੇ ਤੋਂ ਭਿਖਾਰੀ ਹੋ ਗਿਆ ਹਾਂ। ਇਸ ਚਿੰਤਾ ਕਾਰਨ ਸ੍ਰ:

ਅਨੇਕਾਂ ਧਾਰਮਿਕ ਲੋਕਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਸੀ। ਓਥੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੇ ਵੀ ਰੋਸ ਵਜੋਂ ਮਿਲਟਰੀ ਦੀ ਨੌਕਰੀ ਛੱਡ ਦਿੱਤੀ। ਹੈਰਾਨਗੀ ਦੀ ਹੱਦ ਇਹ ਹੋ ਗਈ ਕਿ ਕਿਸੇ ਵੀ ਰਿਸ਼ਤੇਦਾਰ ਭੈਣ ਭਰਾ ਨੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਨੂੰ ਆਪਣੇ ਕੋਲ ਰਹਿਣ ਲਈ ਹਾਂ ਨਾ ਕੀਤੀ। ਸਾਰੇ ਸਬੰਧੀਆਂ ਤੇ ਭੈਣ ਭਰਾਵਾਂ ਦੀ ਬੇ-ਰੁਖੀ ਤੋਂ ਸੰਤਰੇਨ ਗਿਆਨੀ ਸੁਖਬੀਰ ਸਿੰਘ ਨੂੰ ਇਹ ਮਹਿਸੂਸ ਹੋਇਆ ਕਿ ਇਹ ਸਾਰੇ ਸਬੰਧੀ ਸੁਖ ਵੇਲੇ ਦੇ ਸਬੰਧੀ ਹਨ। ਇਹਨਾਂ ਸਭ ਨੂੰ ਮੇਰੇ ਮਿਲਟਰੀ ਛੱਡ ਦੇਣ ਦਾ ਅਪਮਾਨ ਮਹਿਸੂਸ ਹੁੰਦਾ ਹੈ। ਨਾਲ ਹੀ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਹੁਣ ਕਰਨਗੇ ਕੀ? ਭਰ ਜੁਆਨੀ ਦੀ ਉਮਰ ਹੈ। ਮੰਗਣੀ ਹੋਈ ਹੋਈ ਸੀ। ਜੇ ਲੜਕੀ ਵਾਲਿਆਂ ਨੂੰ ਪਤਾ ਲੱਗੇਗਾ ਤਾਂ ਉਹ ਰਿਸ਼ਤਾ ਵੀ ਤੋੜ ਸਕਦੇ ਹਨ। ਖੈਰ! ਇਸ ਸਾਰੀ ਹਾਲਤ ਨੂੰ ਮਹਿਸੂਸ ਕਰਕੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੇ ਇਹ ਸਮਝਿਆ ਕਿ,

ਇਹ ਜਗਿ ਮੀਤੁ ਨ ਦੇਖਿਓ ਕੋਈ॥
ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥

(ਸੋਰਠਿ ਮਹਲਾ ੯, ਪੰਨਾ ੬੩੩)

ਗੁਰਮਤਿ ਦਾ ਇਹ ਉਪਦੇਸ਼ ਹਿਰਦੇ ਵਿਚ ਧਾਰਨ ਕਰਕੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਸਭ ਘਰ ਬਾਰ ਤੇ ਰਿਸ਼ਤੇਦਾਰ ਸਬੰਧੀਆਂ ਨੂੰ ਛੱਡ ਕੇ ਨਿਕਲ ਗਏ। ਜਿਵੇਂ ਪਰਬਤ ਤੋਂ ਡਿੱਗਾ ਹੋਇਆ ਪੱਥਰ ਰਿੜ੍ਹਦਿਆਂ ਰਿੜ੍ਹਦਿਆਂ ਗੋਲ ਹੋ ਜਾਂਦਾ ਹੈ। ਠੀਕ ਸੰਤਰੇਨ ਗਿਆਨੀ ਸੁਖਬੀਰ ਸਿੰਘ ਦੀ ਜ਼ਿੰਦਗੀ ਵੀ ਗੋਲ ਹੋ ਗਈ ਸੀ।

ਮੈਂ ਏਥੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਦੀ ਜ਼ਿੰਦਗੀ ਦਾ ਇਕ ਅਨੋਖਾ ਵਾਕਿਆ ਲਿਖਣਾ ਜ਼ਰੂਰੀ ਸਮਝਦਾ ਹਾਂ। ਜਿਸ ਵਕਤ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੇ ਸਾਰਾ ਘਰ ਬਾਰ ਛੱਡ ਦਿੱਤਾ ਸੀ, ਉਸ ਵਕਤ ਬਾਹਰ ਵੀ ਕੋਈ ਕਿਸੇ ਤੇ ਯਕੀਨ ਨਹੀਂ ਸੀ ਕਰਦਾ-ਕਿਉਂਕਿ ਹਾਲਾਤ ਖਰਾਬ ਹੋ ਗਏ ਸਨ। ਹਰ ਕੋਈ ਇਕ ਦੂਜੇ ਤੇ ਸ਼ੱਕ ਕਰਦਾ ਸੀ ਕਿ ਕੋਈ ਟੈਰੋਰਿਸ਼ਟ ਨਾ ਹੋਵੇ। ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੂੰ ਬਾਹਰ ਵੀ ਕੋਈ ਸਹਾਰਾ ਨਹੀਂ ਸੀ ਮਿਲ ਰਿਹਾ। ਪਰ ਸੰਤਰੇਨ ਗਿਆਨੀ ਸੁਖਬੀਰ ਸਿੰਘ ਵਰਗਾ ਆਤਮ ਬਲ ਰੱਖਣ ਵਾਲਾ ਸੱਜਣ ਏਸ ਹਾਲਤ ਵਿਚ ਵੀ ਮਾਯੂਸ ਨਹੀਂ ਹੁੰਦਾ। ਏਸ ਵੇਲੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਚੰਡੀਗੜ੍ਹ ਦੇ ਇਲਾਕੇ ਵਿਚ ਘੁੰਮ ਫਿਰ ਰਹੇ ਸਨ ਅਚਾਨਕ ਹੀ ਚੰਡੀਗੜ੍ਹ ਦੇ ਸੈਕਟਰ ੧੭ ਵਿੱਚ ਆ ਗਏ। ੧੭ ਸੈਕਟਰ ਦੀ ਮਾਰਕੀਟ ਵਿੱਚ ਇਕ ਐਸਾ ਨੌਜੁਆਨ ਦੇਖਿਆ ਜਿਹੜਾ ਤਿੰਨ ਦਿਨ ਤੋਂ ਲਗਾਤਾਰ ਸਾਈਕਲ ਚਲਾ ਰਿਹਾ ਸੀ। ਜਿਸ ਦਾ ਦਾਅਵਾ ਸੀ ਕਿ ਉਹ ਬਹੱਤਰ ਘੰਟੇ ਲਗਾਤਾਰ ਸਾਈਕਲ ਚਲਾ ਸਕਦਾ

ਹੈ। ਉਸ ਨੂੰ ਬਹੱਤਰ ਘੰਟੇ ਲਗਾਤਾਰ ਸਾਈਕਲ ਚਲਾਉਂਦਿਆਂ ਦੇਖ ਕੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਦੇ ਮਨ ਵਿਚ ਇਹ ਖਿਆਲ ਪੈਦਾ ਹੋਇਆ ਕਿ ਜੇਕਰ ਇਹ ਆਦਮੀ ਲਗਾਤਾਰ ਬਹੱਤਰ ਘੰਟੇ ਸਾਈਕਲ ਚਲਾ ਸਕਦਾ ਹੈ ਤਾਂ ਕੀ ਮੈਂ ਅਠਤਾਲੀ ਘੰਟੇ ਲਗਾਤਾਰ ਬੈਠ ਕੇ ਪਾਠ ਨਹੀਂ ਕਰ ਸਕਦਾ? ਮੈਂ ਮਿਲਟਰੀ ਦਾ ਸੈਨਿਕ ਵੀ ਰਿਹਾ ਹਾਂ। ਮੇਰਾ ਸਰੀਰ ਵੀ ਤੰਦਰੁਸਤ ਹੈ। ਹਾਲਾਂਕਿ ਉਹ ਸਾਈਕਲ ਚਲਾਉਣ ਵਾਲਾ ਆਦਮੀ ਬੜਾ ਕਮਜ਼ੋਰ ਲਗਦਾ ਸੀ। ਬਸ! ਏਸ ਘਟਨਾ ਨੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਦੇ ਮਨ ਅੰਦਰ ਇਹ ਵਿਸ਼ਵਾਸ਼ ਪੱਕਾ ਕਰ ਦਿੱਤਾ ਕਿ ਉਹ ਸ੍ਰੀ ਅਖੰਡ ਪਾਠ ਇਕੱਲੇ ਹੀ ਲਗਾਤਾਰ ਕਰਨਗੇ। ਏਸ ਨੂੰ ਹਕੀਕਤ ਵਿਚ ਬਦਲਣ ਲਈ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਚੰਡੀਗੜ੍ਹ ਤੋਂ ਲੁਧਿਆਣੇ ਵਾਲੀ ਬੱਸ ਬੈਠ ਗਏ। ਅਜੇ ਉਹ ਬਸ, ਖਰੜ ਤੋਂ ਥੋੜ੍ਹਾ ਅੱਗੇ ਆਈ ਸੀ ਕਿ ਇੱਥੇ ਬੱਸ ਸਟਾਪ ਤੇ ਸੁਖਬੀਰ ਸਿੰਘ ਜੀ ਆਪ ਮੁਹਾਰੇ ਹੀ ਉਤਰ ਖਲੋਤੇ। ਏਸ ਪਿੰਡ ਦਾ ਨਾਮ "ਘੜੂੰਆਂ" ਸੀ। ਏਸ ਪਿੰਡ ਵਿਚ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਨਾਮ ਤੇ ਇਕ ਅਸਥਾਨ ਬਣਿਆ ਹੈ। ਏਸ ਅਸਥਾਨ ਨੂੰ ਅਕਾਲਗੜ੍ਹ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਏਸ ਅਸਥਾਨ ਤੇ ਪ੍ਰਬੰਧਕਾਂ ਦੀ ਇਜਾਜ਼ਤ ਨਾਲ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੇ ਸ੍ਰੀ ਅਖੰਡ ਪਾਠ ਆਰੰਭ ਕਰ ਦਿੱਤਾ। ਵੱਡੇ ਬਾਬਾ ਜੀ ਕੋਲੋਂ ਸੰਤਰੇਨ ਗਿਆਨੀ ਸੁਖਬੀਰ ਸਿੰਘ ਨੇ ਕੁਝ ਦੇਸੀ ਦਵਾਈਆਂ ਦੇ ਨੁਸਖੇ ਵੀ ਸਿੱਖੇ ਹੋਏ ਸਨ। ਇਕ ਐਸਾ ਨੁਸਖਾ ਵੀ ਸਿਖਿਆ ਸੀ, ਜਿਸ ਦੁਆਰਾ ਆਦਮੀ ਬਿਨਾਂ ਕੁਝ ਖਾਧਿਆਂ ਪੀਤਿਆਂ ਤਿੰਨ ਚਾਰ ਦਿਨ ਤੱਕ ਭੁੱਖਾ ਵੀ ਰਹਿ ਸਕਦਾ ਹੈ। ਅਤੇ ਨਾ ਭੁੱਖ ਲਗਦੀ ਹੈ ਨਾ ਪਿਆਸ ਅਤੇ ਨਾ ਹੀ ਲੇਟਰੀਨ ਆਦਿ ਦੀ ਹਾਜਤ ਹੁੰਦੀ ਹੈ। ਉਸ ਨੁਸਖੇ ਅਨੁਸਾਰ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੇ ਆਪਣੇ ਸਰੀਰ ਨੂੰ ਢਾਲ ਲਿਆ। ਲਗਾਤਾਰ ਅਠਤਾਲੀ ਘੰਟੇ ਪਾਠ ਕੀਤਾ। ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਇਲਾਕਾ ਪੱਧਰ ਤੇ ਲੋਕ ਇਕੱਠੇ ਹੋ ਗਏ। ਅਖਬਾਰਾਂ ਵਿੱਚ ਖ਼ਬਰਾਂ ਲਗ ਜਾਣ ਨਾਲ ਬੜੀ ਸ਼ੋਹਰਤ ਵਧ ਗਈ।

ਏਥੋਂ ਹੀ ਇਕ ਬਜਾਜ ਪਰਿਵਾਰ ਸੰਤਰੇਨ ਗਿਆਨੀ ਸੁਖਬੀਰ ਸਿੰਘ ਨੂੰ ਸੇਵਾ ਭਾਵਨਾ ਨਾਲ ਆਪਣੇ ਕੋਲ "ਕੁਰਾਲੀ" ਕਸਬੇ ਵਿੱਚ ਲੈ ਗਿਆ। ਏਥੇ ਵੀ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੇ ਇਕ ਅਖੰਡ ਪਾਠ ਲਗਾਤਾਰ ਇਕਲਿਆਂ ਹੀ ਕੀਤਾ। ਏਥੇ ਕਥਾ ਉਪਦੇਸ਼ ਦੁਆਰਾ ਸੰਗਤਾਂ ਦੀ ਸੇਵਾ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਕਰਦੇ ਰਹੇ। ਲੋਕਾਂ ਦੇ ਮਨਾਂ ਵਿੱਚ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਹੁਰਾਂ ਬਾਰੇ ਸੰਤ ਸੁਭਾਅ ਵਾਲੀ ਬਿਰਤੀ ਦਾ ਪ੍ਰਭਾਵ ਪੈਣ ਲੱਗ ਪਿਆ। ਲੋਕ ਚੰਗੀ ਸੇਵਾ ਕਰਨ ਲਗ ਪਏ।

ਏਥੋਂ ਇਕ ਐਸਾ ਗੁਰਮੀਤ ਸਿੰਘ ਨਾਮ ਦਾ ਆਦਮੀ ਸੰਤਰੇਨ ਗਿਆਨੀ ਸੁਖਬੀਰ

ਸਿੰਘ ਨੂੰ ਮਿਲਿਆ ਜਿਹੜਾ ਬੜਾ ਚਲਾਕ ਕਿਸਮ ਦਾ ਸੀ। ਇਹ ਆਦਮੀ ਚੰਡੀਗੜ੍ਹ ਦੇ ਸੈਕਟਰ ਬੱਤੀ ਵਿਚ ਰਹਿੰਦਾ ਸੀ। ਪਰ ਬੈਂਕ ਦੇ ਗੰਨਮੈਨ ਦੀ ਨੌਕਰੀ ਤੋਂ ਸਸਪੈਂਡ ਹੋਇਆ ਹੋਇਆ ਸੀ। ਇਹ ਮੂੰਹ ਦਾ ਬੜਾ ਮਿੱਠਾ ਅਤੇ ਦਿਲ ਦਾ ਬੜਾ ਖੋਟਾ ਸੀ। ਰਾਜਨੀਤਿਕ ਲੋਕਾਂ ਨਾਲ ਵੀ ਇਹ ਚੰਗਾ ਮੇਲ ਜੋਲ ਰੱਖਦਾ ਸੀ। ਇਹ ਆਦਮੀ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੂੰ ਆਪਣੇ ਨਾਲ ਚੰਡੀਗੜ੍ਹ ਲੈ ਗਿਆ। ਏਸ ਨੇ ਇਕ ਸੋਚੀ ਸਮਝੀ ਚਾਲ ਦੇ ਨਾਲ ਇਕ ਵਿਉਂਤ ਬਣਾਈ। ਏਸ ਨੇ ਸੈਕਟਰ ਇਕੱਤੀ ਦੀ ਲੇਬਰ ਕਲੋਨੀ ਦੇ ਇਕ ਛੋਟੇ ਗੁਰਦੁਆਰੇ ਵਿੱਚ ਇਹ ਐਲਾਨ ਕਰ ਦਿੱਤਾ ਕਿ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਜੋ ਕਿ ਬੜੇ ਜਪੀ ਤਪੀ ਹਨ। ਉਹ ਇੱਕੀ ਦਿਨ ਵਾਸਤੇ ਭੋਰੇ ਵਿਚ ਬੈਠ ਕੇ ਨਾਮ ਅਭਿਆਸ ਕਰਨਗੇ। ਲੋਕਾਂ ਨੇ ਇਸ਼ਤਿਹਾਰ ਆਦਿ ਪੜ੍ਹੇ ਤੇ ਹੁੰਮ ਹੁਮਾ ਕੇ ਆਉਣ ਲਗ ਪਏ।

ਜੂਨ ੧੯੮੫ ਦੀ ਇਹ ਘਟਨਾ ਹੈ। ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੂੰ ਇੱਕੀ ਦਿਨ ਵਾਸਤੇ ਭੋਰੇ ਵਿਚ ਬਿਠਾ ਦਿੱਤਾ ਗਿਆ। ਖੈਰ! ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਜੋ ਕਿ ਪਹਿਲਾਂ ਹੀ ਸੰਸਾਰ ਤੋਂ ਬੜੇ ਉਪਰਾਮ ਸਨ। ਉਨ੍ਹਾਂ ਨੂੰ ਤਾਂ ਭੋਰਾ ਇਕ ਇਕਾਂਤ ਜਗ੍ਹਾ ਮਿਲ ਗਈ। ਜਿਥੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੇ ਆਪਣੇ ਵਿਦਿਆ ਗੁਰੂ ਸੰਤਰੇਨ ਗਿਆਨੀ ਹਰਨਾਮ ਸਿੰਘ ਜੀ ਦੀ ਦੱਸੀ ਹੋਈ ਵਿਧੀ ਅਨੁਸਾਰ ਨਾਮ ਅਭਿਆਸ ਕਰਨਾ ਆਰੰਭ ਕਰ ਦਿੱਤਾ। ਪਰ ਇਸ ਦੁਨੀਆਂ ਵਿਚ ਬੜੇ ਬੜੇ ਮਤਲਬੀ ਲੋਕ ਹੁੰਦੇ ਹਨ। ਭੋਰੇ ਤੋਂ ਬਾਹਰ ਸ਼ਰਧਾ ਭਾਵਨਾ ਅਧੀਨ ਲੋਕਾਂ ਦਾ ਤਾਂਤਾ ਲੱਗਣਾ ਸ਼ੁਰੂ ਹੋ ਗਿਆ। ਗੁਰਮੀਤ ਸਿੰਘ ਨੇ ਲੋਕਾਂ ਕੋਲੋਂ ਉਗਰਾਹੀ ਕਰਨੀ ਸ਼ੁਰੂ ਕਰ ਦਿੱਤੀ। ਜਿਸ ਕੋਲੋਂ ਜੋ ਵੀ ਮੰਗਿਆ ਜਾਂਦਾ, ਲੋਕ ਸ਼ਰਧਾ ਭਾਵਨਾ ਨਾਲ ਦੇ ਦੇਂਦੇ ਸਨ। ਲੋਕਾਂ ਕੋਲੋਂ ਉਗਰਾਹੀ ਕਰਦਿਆਂ ਅਤੇ ਕਾਫੀ ਧਨ ਇਕੱਠਾ ਹੁੰਦਾ ਦੇਖ ਕੇ, ਇਕ ਹੋਰ ਆਦਮੀ ਜਿਸ ਦਾ ਨਾਮ ਡਾ: ਹਰਚੰਦ ਸਿੰਘ ਸੀ ਤੇ ਬੜੈਲ ਪਿੰਡ ਦਾ ਰਹਿਣ ਵਾਲਾ ਸੀ, ਉਸ ਦਾ ਮਨ ਵੀ ਫਿਰ ਗਿਆ। ਉਸ ਨੇ ਵੀ ਲੋਕਾਂ ਕੋਲੋਂ ਪੈਸੇ ਇਕੱਠੇ ਕਰਨੇ ਆਰੰਭ ਦਿੱਤੇ। ਬਸ ਦੋਹਾਂ ਦੀ ਆਪਸੀ ਈਰਖਾ ਵੀ ਸ਼ੁਰੂ ਹੋ ਗਈ। ਈਰਖਾ ਵਸ ਝਗੜਾ ਵੀ ਸ਼ੁਰੂ ਹੋ ਗਿਆ। ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ, ਇੱਕੀ ਦਿਨਾਂ ਬਾਅਦ ਭੋਰੇ ਵਿਚੋਂ ਬਾਹਰ ਨਿਕਲੇ ਤਾਂ ਇਹ ਇਕ ਬੜਾ ਵੱਡਾ ਇਕੱਠ ਹੋਇਆ ਸੀ। ਜਿਸ ਵਿਚ ਗੁਰਮੀਤ ਸਿੰਘ ਤੇ ਡਾ: ਹਰਚੰਦ ਸਿੰਘ ਨੇ ਆਪਣੇ-ਆਪਣੇ ਰਾਜਸੀ ਨੇਤਾ ਲੋਕਾਂ ਨੂੰ ਵੀ ਸੱਦਿਆ ਹੋਇਆ ਸੀ। ਸਾਰੇ ਲੋਕ ਸੰਤਰੇਨ ਗਿਆਨੀ ਸੁਖਬੀਰ ਸਿੰਘ ਦੇ ਦਰਸ਼ਨ ਕਰਨ ਲਈ ਉਤਾਵਲੇ ਸਨ ਪਰ ਉਹ ਏਸ ਸਾਰੀ ਮਾਇਆ ਖੇਡ ਨੂੰ ਸਮਝਦੇ ਸਨ। ਉਨ੍ਹਾਂ ਨੇਂ ਸਾਰੇ ਭਰੇ ਹੋਏ ਦਰਬਾਰ ਵਿਚ ਸਾਰੀ ਸੰਗਤ ਨੂੰ ਸਾਫ ਕਹਿ ਦਿੱਤਾ ਕਿ ਮੈਨੂੰ ਸਾਰੀ ਦੁਨੀਆਂ ਤੋਂ ਕੁਝ ਨਹੀਂ ਚਾਹੀਦਾ। ਬਸ! ਏਸ ਤੋਂ ਬਾਅਦ ਗੁਰਮੀਤ ਸਿੰਘ ਤੇ ਹਰਚੰਦ ਸਿੰਘ ਦਾ

ਝਗੜਾ ਹੁੰਦਾ ਹੀ ਛੱਡ ਕੇ ਉਹ ਜਲੰਧਰ ਆ ਗਏ।

ਜਲੰਧਰ ਆ ਕੇ ਲਾਡੋਵਾਲੀ ਰੋਡ ਤੇ ਇਕ ਛੋਟੇ ਗੁਰਦੁਆਰੇ ਵਿਚ ਸੁਭਾਵਕ ਹੀ ਗੁਰਬਾਣੀ ਕਥਾ ਉਪਦੇਸ਼ ਕਰਦੇ ਰਹੇ। ਅਜੇ ਮਹੀਨਾ ਕੁ ਹੀ ਹੋਇਆ ਸੀ ਕਿ ਇੰਗਲੈਂਡ ਤੋਂ ਆਏ ਹੋਏ ਇਕ ਮਹਾਂਪੁਰਖ ਜਿਨ੍ਹਾਂ ਦਾ ਨਾਮ ਸੰਤ ਨੌਰੰਗ ਸਿੰਘ ਸੀ, ਹਰਿਮੰਦਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸੋਨਾ ਚੜ੍ਹਾਉਣ ਦੀ ਸੇਵਾ ਇਨ੍ਹਾਂ ਨੇ ਸ਼ੁਰੂ ਕਰਵਾਈ ਸੀ ਅਤੇ ੧੯੯੪-੯੫ ਵਿਚ ਸਚਖੰਡ ਪਿਆਨਾ ਕਰ ਗਏ ਸਨ। ਉਹਨਾਂ ਨੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਨੂੰ ਕਥਾ ਕਰਦਿਆਂ ਸੁਣਿਆ। ਉਹਨਾਂ ਨੇ ਆਪਣੇ ਨਾਲ ਇੰਗਲੈਂਡ ਲਿਜਾਣ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਨੇ ਹਾਂ ਕਰ ਦਿੱਤੀ। ਸੰਤ ਨੌਰੰਗ ਸਿੰਘ ਜੀ ਨੇ ਆਪ ਹੀ ਪਾਸਪੋਰਟ ਤਿਆਰ ਕਰਵਾਇਆ ਅਤੇ ਆਪਣੇ ਕੋਲੋਂ ਹੀ ਇੰਗਲੈਂਡ ਦਾ ਟਿਕਟ ਲੈ ਕੇ ਦਿੱਤਾ। ਉਹ ਉਨ੍ਹਾਂ ਨੂੰ ਆਪਣੇ ਨਾਲ ਇੰਗਲੈਂਡ ਲੈ ਗਏ। ਇਕ ਸਾਲ ਦੇ ਕਰੀਬ ਇੰਗਲੈਂਡ ਦੀਆਂ ਸੰਗਤਾਂ ਦੀ ਪ੍ਰਚਾਰ ਦੁਆਰਾ ਸੇਵਾ ਕੀਤੀ ਤੇ ਫਿਰ ਵਾਪਸ ਆ ਗਏ। ੧੯੮੬ ਵਿਚ ਮਲੇਸ਼ੀਆ ਦੀ ਸੰਗਤ ਆਪਣੇ ਨਾਲ ਲੈ ਗਈ। ਮਲੇਸ਼ੀਆ ਤੋਂ ਹੀ ਸਿੰਘਾਪੁਰ ਦੇ ਲੋਕ ਲੈ ਗਏ। ੧੯੮੭ ਵਿਚ ਵਾਪਸ ਫਿਰ ਦੇਸ਼ ਆ ਗਏ।

੧੯੮੭ ਵਿਚ ਹੀ ਜਲੰਧਰ ਵਿਚ ਸੰਤਰੇਨ ਗਿਆਨੀ ਸੁਖਬੀਰ ਸਿੰਘ ਨੇ ਇਕ ਆਰਫਨ ਸੈਂਟਰ ਅਸਥਾਪਨ ਕਰਨ ਦਾ ਮਨ ਬਣਾਇਆ। ਕਿਉਂਕਿ ਉਨ੍ਹਾਂ ਨੇ ਆਪਣੇ ਬਚਪਨ ਵਿੱਚ ਦੇਖਿਆ ਹੋਇਆ ਸੀ ਕਿ ਯਤੀਮ ਤੇ ਬੇ-ਸਹਾਰਾ ਬੱਚਿਆਂ ਦੀ ਜ਼ਿੰਦਗੀ ਕੀ ਹੁੰਦੀ ਹੈ? ਏਸ ਵਾਸਤੇ ਉਨ੍ਹਾਂ ਨੇ ਇਕ ਛੋਟਾ ਤੇ ਪਿਆਰਾ ਆਰਫਨ ਸੈਂਟਰ ਬਣਾਉਣ ਦਾ ਮਨ ਬਣਾਇਆ। ਏਸ ਮਕਸਦ ਲਈ ਮਿੱਠਾਪੁਰ ਪਿੰਡ ਦੇ ਨੇੜੇ ਜ਼ਮੀਨ ਖ੍ਰੀਦਣ ਲਈ ਦੇਖ ਰਹੇ ਸਨ। ਸਚਖੰਡ ਵਾਸੀ ਸ੍ਰ ਅਵਤਾਰ ਸਿੰਘ "ਪਵਾਰ" ਨਾਲ ਮੁਲਾਕਾਤ ਹੋਈ। ਉਨ੍ਹਾਂ ਨੇ ਪੁਛਿਆ ਕਿ ਸੰਤ ਜੀ! ਤੁਹਾਨੂੰ ਕਿਸ ਮਕਸਦ ਵਾਸਤੇ ਜ਼ਮੀਨ ਚਾਹੀਦੀ ਹੈ? ਜਦੋਂ ਦੱਸਿਆ ਗਿਆ ਕਿ ਆਰਫਨ ਸੈਂਟਰ ਬਣਾਉਣਾ ਹੈ, ਤਾਂ ਉਹਨਾਂ ਨੇ ਚਾਰ ਕਨਾਲਾਂ ਜ਼ਮੀਨ ਵਿਚੋਂ ਇਕ ਕਨਾਲ ਜ਼ਮੀਨ ਮੁਫਤ ਦੇ ਦਿੱਤੀ। ਹੁਣ ਏਸ ਅਸਥਾਨ ਤੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਆਪ ਪਿੰਡਾਂ ਵਿਚ ਜਾ ਕੇ ਘਰਾਂ ਦੀ ਹਾਲਤ ਦੇਖ ਕੇ, ਜੋ ਬਹੁਤ ਗਰੀਬ ਤੇ ਮਾਯੂਸ ਪਰਵਾਰ ਹੁੰਦੇ ਹਨ। ਉਹਨਾਂ ਦੇ ਬੱਚੇ ਬੱਚੀਆਂ ਨੂੰ ਆਰਫਨ ਸੈਂਟਰ ਵਿਚ ਲਿਆ ਕੇ ਰੋਟੀ ਕਪੜਾ, ਰਿਹਾਇਸ਼ ਅਤੇ ਉੱਚ ਪੱਧਰੀ ਵਿਦਿਆ ਦਾ ਪ੍ਰਬੰਧ ਕਰਦੇ ਹਨ। ਵਿਦਿਆ ਵਾਸਤੇ ਬੜੇ ਕੁਆਲੀਫਾਈਡ ਟੀਚਰ ਰੱਖੇ ਹੋਏ ਹਨ ਅਤੇ ਅਧਿਆਤਮ ਵਿਦਿਆ ਲਈ ਕਥਾ ਕੀਰਤਨ ਸਿਖਾਉਣ ਵਾਲੇ ਉਸਤਾਦ ਰੱਖੇ ਹੋਏ ਹਨ। ਸਾਰਾ ਸਟਾਫ ਪੇਮੈਂਟ ਤੇ ਕੰਮ ਕਰਦਾ ਹੈ। ਦੇਸ਼ ਵਿਦੇਸ਼ ਦੀਆਂ ਸੰਗਤਾਂ ਏਸ ਸ਼ੁੱਭ ਕੰਮ ਵਿਚ ਸਹਿਯੋਗ ਦੇਂਦੀਆਂ ਹਨ।

ਉਨ੍ਹਾਂ ਨੇ ਮਨੁੱਖਤਾ ਦੇ ਭਲੇ ਲਈ ਬਹੁਤ ਸੁੰਦਰ ਤੇ ਵਿਦਵਤਾ ਪੂਰਕ ਛੇ ਪੁਸਤਕਾਂ ਲਿਖੀਆਂ ਹਨ। ਪਹਿਲੀ ਪੁਸਤਕ ਹੈ। "**ਕੁਦਰਤ ਦੀ ਕਲਾ**" ਦੋ ਭਾਗ ਸੈੱਟ। ਦੂਜੀ ਪੁਸਤਕ ਹੈ **ਗੁਰੂ ਦੀ ਕਲਾ**, ਤੀਜੀ ਪੁਸਤਕ **ਮਾਇਆ ਕੀ ਕਲਾ**, ਚੌਥੀ ਪੁਸਤਕ **ਇਕ ਸੌ ਅੱਠ ਮਣਕੇ**, ਪੰਜਵੀਂ ਪੁਸਤਕ **ਗੁਰਮਤਿ ਦੀ ਕਲਾ** (**ਗੁਰਸਿੱਖ ਸੰਵਾਦ**) ਅਤੇ ਛੇਵੀਂ ਪੁਸਤਕ ਆਪ ਜੀ ਦੇ ਹੱਥ ਵਿਚ ਹੈ, "**ਮੌਤ ਦੀ ਕਲਾ**"। ਮੇਰੀ ਕਰਤਾ ਪੁਰਖ ਅਗੇ ਅਰਦਾਸ ਹੈ ਕਿ ਸੰਤਰੇਨ ਗਿਆਨੀ ਸੁਖਬੀਰ ਸਿੰਘ ਜੀ ਦੀ ਕਲਮ ਵਿੱਚ ਅਥਾਹ ਬਲ ਪ੍ਰਦਾਨ ਹੋਵੇ ਅਤੇ ਧਰਮ ਕੌਮ ਅਤੇ ਮਨੁੱਖਤਾ ਦੀ ਸੇਵਾ ਕਰਨ ਦੀ ਸ਼ਕਤੀ ਪ੍ਰਾਪਤ ਹੋਵੇ।

ਏਸ ਕਾਰਜ ਵਿਚ ਭਾਈ ਚਤਰ ਸਿੰਘ, ਜੀਵਨ ਸਿੰਘ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਸਾਹਿਬ ਵਾਲਿਆਂ ਦੀ ਪ੍ਰਸਿੱਧ ਫਰਮ ਦੇ ਵਰਤਮਾਨ ਮਾਲਕ, ਵੀਰ ਹਰਿੰਦਰਪਾਲ ਸਿੰਘ, ਵੀਰ ਮਹਿੰਦਰ ਪਾਲ ਸਿੰਘ ਅਤੇ ਵੀਰ ਹਰਭਜਨ ਸਿੰਘ ਜੀ ਵਿਸ਼ੇਸ਼ ਵਧਾਈ ਦੇ ਪਾਤਰ ਹਨ। ਏਸ ਫਰਮ ਵਲੋਂ ਜਿਥੇ ਅਨੇਕਾਂ ਹੋਰ ਲੇਖਕਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕਰਕੇ ਪ੍ਰਚਾਰ ਵਿਚ ਯੋਗਦਾਨ ਪਾਇਆ ਹੈ। ਉਥੇ ਸੰਤਰੇਨ ਗਿਆਨੀ ਸੁਖਬੀਰ ਸਿੰਘ ਦੀਆਂ ਰਚਨਾਵਾਂ ਨੂੰ ਵੀ ਪ੍ਰਕਾਸ਼ਿਤ ਕਰਕੇ ਅਧਿਆਤਮ ਪ੍ਰਕਾਸ਼ ਵਿਚ ਅਨਮੋਲ ਹਿੱਸਾ ਪਾ ਰਹੇ ਹਨ।

ਅਮਰੀਕਾ ਦੇ ਸ੍ਰ. ਦੀਦਾਰ ਸਿੰਘ ਬੈਂਸ, ਸ੍ਰ. ਦਿਲਬਾਗ ਸਿੰਘ ਬੈਂਸ ਅਤੇ ਸ੍ਰ. ਗੁਰਨਾਮ ਸਿੰਘ "ਪੰਮਾ" ਗਿਆਨੀ ਸਰਵਨ ਸਿੰਘ ਆਦਿ ਗਿਆਨੀ ਜਗਜੀਤ ਸਿੰਘ, ਸ੍ਰ. ਭੁਪਿੰਦਰ ਸਿੰਘ ਅਠਵਾਲ, ਸ੍ਰ. ਸਜਬਜੀਤ ਸਿੰਘ ਸਾਰੇ ਸੱਜਣ ਵਧਾਈ ਦੇ ਪਾਤਰ ਹਨ।

ਸ਼ੁਭ ਕਾਮਨਾਵਾਂ ਸਹਿਤ,

ਗਿਆਨੀ ਕੁਲਵੰਤ ਸਿੰਘ "ਨਿਰਗੁਣ", ਚੰਡੀਗੜ੍ਹ।

□□□□

ਸੰਤਰੇਨ ਸੰਪ੍ਰਦਾ ਦਾ ਇਤਿਹਾਸ

ਸੰਤਰੇਨ ਉਹ ਇਤਿਹਾਸਕ ਸੰਸਥਾ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੰਸਾਰ ਆਗਮਨ ਤੋਂ ਪਹਿਲਾਂ ਭਾਰਤ ਦੀ ਹਾਲਤ ਬੜੀ ਤਰਸਯੋਗ ਸੀ। ਇਸ ਤਰਸਯੋਗ ਹਾਲਤ ਦਾ ਕਾਰਨ, ਵਿਦੇਸ਼ੀ ਹੁਕਮਰਾਨ ਸਨ। ਇਸ ਦੇਸ਼ ਉੱਪਰ ਭੇਡਾਂ ਬਕਰੀਆਂ ਚਾਰਨ ਵਾਲੇ ਵੀ ਹਮਲਾਵਰ ਹੋ ਕੇ ਆਏ ਤੇ ਰਾਜ ਕਰਦੇ ਰਹੇ, ਨਾਲੇ ਇਸ ਦੇਸ਼ ਨੂੰ ਲੁੱਟਦੇ ਰਹੇ। ਕਾਬਲ ਵਲੋਂ ਆਉਂਦੇ ਪਠਾਣਾਂ ਦੇ ਹਮਲਿਆਂ ਨੇ ਭਾਰਤ ਵਿਚ ਕਈ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ ਹੋਏ ਸਨ। ਗਿਆਰ੍ਹਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਨੇ ਪੰਜਾਬ ਅਤੇ ਪੰਜਾਬ ਦੇ ਰਸਤੇ ਭਾਰਤ ਦੇ ਹੋਰ ਹਿੱਸਿਆਂ ਉਤੇ ਬੜੇ ਹਮਲੇ ਕੀਤੇ। ਇਹਨਾਂ ਹਮਲਿਆਂ ਨਾਲ ਹਿੰਦੂ ਰਾਜਿਆਂ ਦਾ ਲੱਕ ਟੁੱਟ ਗਿਆ। ਮਹਿਮੂਦ ਤੋਂ ਪਿਛੋਂ ਭਾਰਤ ਉਤੇ ਮੁਸਲਮਾਨਾਂ ਲਈ ਹਮਲੇ ਕਰਨ ਦਾ ਰਾਹ ਖੁਲ੍ਹ ਗਿਆ। ਦੋ ਸਦੀਆਂ ਵਿਚ ਹੀ ਹਿੰਦੂ ਤਾਕਤ ਕੇਵਲ ਨਾ ਮਾਤਰ ਹੀ ਰਹਿ ਗਈ। ਤੇਰ੍ਹਵੀਂ ਸਦੀ ਦੇ ਸ਼ੁਰੂ ਵਿਚ ਹੀ ਮੁਸਲਿਮ ਰਾਜ ਭਾਰਤ ਵਿਚ ਪੱਕੇ ਪੈਰੀਂ ਸਥਾਪਿਤ ਹੋ ਗਿਆ ਸੀ। ਸੰਨ ੧੨੦੬ ਤੋਂ ਲੈ ਕੇ ੧੫੨੬ ਤਕ ਯਾਨੀ ਕਿ ੩੨੦ ਸਾਲ ਲਗਾਤਾਰ ਪਠਾਣਾਂ ਦੇ ਪੰਜ ਖਾਨਦਾਨਾਂ ਨੇ ਭਾਰਤ ਤੇ ਰੱਜ ਕੇ ਰਾਜ ਕੀਤਾ। ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ੧੪੬੯ ਈਸਵੀ ਵਿਚ ਅਵਤਾਰ ਹੋਇਆ, ਉਸ ਵੇਲੇ ਅਖੀਰਲਾ ਲੋਧੀ ਖਾਨਦਾਨ ਦਾ ਪਹਿਲਾ ਬਾਦਸ਼ਾਹ ਬਹਿਲੋਲ ਲੋਧੀ ਦਿੱਲੀ ਦੇ ਤਖ਼ਤ ਉਤੇ ਕਾਬਜ਼ ਸੀ।

ਇਹਨਾਂ ਪਠਾਣ ਰਾਜਿਆਂ ਨੇ ਪ੍ਰਿਥਵੀ ਰਾਜ ਵਰਗੇ ਸੂਰਮੇ ਰਾਜਪੂਤਾਂ ਦਾ ਘਾਣ ਕਰਕੇ ਰੱਖ ਦਿੱਤਾ ਸੀ। ਜਿਥੇ ਪ੍ਰਿਥਵੀ ਰਾਜ ਵਰਗੇ ਸੂਰਮਿਆਂ ਦਾ ਘਾਣ ਹੋ ਗਿਆ ਸੀ, ਉਥੇ ਗਰੀਬ ਪਰਜਾ ਦਾ ਕੀ ਹਾਲ ਹੋਵੇਗਾ ਇਹ ਅੰਦਾਜ਼ਾ ਲਾਉਣਾ ਔਖਾ ਸੀ?

ਭਾਰਤ ਵਿਚ ਪੈਰ ਪੱਕੇ ਕਰਦਿਆਂ ਹੀ ਇਹਨਾਂ ਮੁਸਲਮਾਨ ਰਾਜਿਆਂ ਨੇ ਪਹਿਲਾਂ ਕੰਮ ਇਹ ਕੀਤਾ ਕਿ ਭਾਰਤ ਦੀ ਜਿੰਨੀ ਉਪਜਾਊ (ਜਰਖੇਜ਼) ਜ਼ਮੀਨ ਸੀ। ਉਹ ਸਾਰੀ ਦੀ ਸਾਰੀ ਵੱਡੇ-ਵੱਡੇ ਮੁਸਲਮਾਨਾਂ ਨੂੰ ਜਗੀਰ ਦੇ ਤੌਰ ਤੇ ਦੇ ਦਿਤੀ ਸੀ। ਰਾਜਪੂਤਾਂ ਤੇ ਹੋਰ ਭਾਰਤ ਦੇ ਸ਼ੁਭਚਿੰਤਕਾਂ ਕੋਲੋਂ ਜ਼ਮੀਨਾਂ ਖੋਹ ਲਈਆਂ ਗਈਆਂ ਸਨ। ਏਸੇ ਸਕੀਮ ਦੇ ਸ਼ਿਕਾਰ ਰਾਇਬੁਲਾਰ ਦੇ ਪਿਤਾ ਰਾਇ ਭੋਇ ਭੱਟੀ ਹੋਏ ਸਨ। ਭੱਟੀ ਇਕ ਰਾਜਪੂਤ ਗੋਤ ਹੈ। ਮੁਸਲਮਾਨਾਂ ਦੇ ਰਾਜ ਵੇਲੇ ਬਹੁਤ ਸਾਰੇ ਰਾਜਪੂਤਾਂ ਨੂੰ ਮਜਬੂਰਨ ਮੁਸਲਮਾਨ ਹੋਣਾ ਪਿਆ ਸੀ। ਏਹੀ ਮਜਬੂਰੀ ਸਰਦਾਰ ਰਾਇ ਭੋਇ

ਭੱਟੀ ਨਾਲ ਵਾਪਰੀ। ਸਮੇਂ ਦੀ ਹਕੂਮਤ ਨੇ ਭੱਟੀ ਸਾਹਿਬ ਅੱਗੇ ਇਹ ਮਸਲਾ ਰੱਖਿਆ ਕਿ ਜਾਂ ਤਾਂ ਤੁਹਾਡੀ ਸਾਰੀ ਜ਼ਮੀਨ ਜ਼ਬਤ ਕਰ ਲਈ ਜਾਏਗੀ। ਜੇ ਤੁਸੀਂ ਆਪਣੀ ਜ਼ਮੀਨ ਬਚਾਉਣੀ ਚਾਹੁੰਦੇ ਹੋ ਤਾਂ ਤੁਸੀਂ ਕਲਮਾ ਪੜ੍ਹ ਕੇ ਮੁਸਲਮਾਨ ਹੋ ਜਾਉ। ਏਹੀ ਜ਼ਮੀਨ ਤੁਹਾਨੂੰ ਜਗੀਰ ਵਜੋਂ ਬਖਸ਼ ਦਿੱਤੀ ਜਾਵੇਗੀ। ਸੋ ਰਾਇ ਭੋਇ ਭੱਟੀ ਨੇ ਮੁਸਲਮਾਨ ਹੋਣਾ ਮਨਜ਼ੂਰ ਕਰ ਲਿਆ। ਮੁਸਲਮਾਨ ਹੋ ਜਾਣ ਤੋਂ ਉਪਰੰਤ ਰਾਇ ਭੋਇ ਨੂੰ ਤਲਵੰਡੀ ਪਿੰਡ ਦੇ ਆਸ ਪਾਸ ਦੇ ਪਿੰਡਾਂ ਦੀ ਜ਼ਮੀਨ ਜਗੀਰ ਵਜੋਂ ਦਿੱਤੀ ਗਈ। ਰਾਇ ਭੋਇ ਇਹਨਾਂ ਸਾਰੇ ਪਿੰਡਾਂ ਦੇ ਮਾਲਕ ਬਣ ਗਏ। ਤਲਵੰਡੀ ਦਾ ਪਹਿਲਾ ਨਾਮ ਰਾਇਪੁਰ ਤਲਵੰਡੀ ਸੀ। ਰਾਇ ਭੋਇ ਦੇ ਇਸ ਪਿੰਡ ਆਪਣਾ ਕੇਂਦਰੀ ਅਸਥਾਨ ਬਨਾਉਣ ਨਾਲ ਇਹ ਪਿੰਡ ਰਾਇ ਭੋਇ ਦੀ ਤਲਵੰਡੀ ਪ੍ਰਸਿੱਧ ਹੋ ਗਿਆ। ਗੁਰੂ ਨਾਨਕ ਸਾਹਿਬ ਜੀ ਦਾ ਏਥੇ ਅਵਤਾਰ ਹੋਣ ਨਾਲ ਇਸ ਦਾ ਨਾਮ "ਨਨਕਾਣਾ ਸਾਹਿਬ" ਪ੍ਰਸਿੱਧ ਹੋ ਗਿਆ।

ਰਾਇ ਭੋਇ ਭੱਟੀ ਸਰਦਾਰ ਦੀ ਤਰ੍ਹਾਂ ਪਤਾ ਨਹੀਂ ਕਿੰਨੇ ਰਾਜਪੂਤ ਸਰਦਾਰਾਂ ਨੂੰ ਮੁਸਲਮਾਨ ਬਣਨਾ ਪਿਆ ਹੋਵੇਗਾ। ਕਈਆਂ ਦੇ ਨਾਮ ਇਤਿਹਾਸ ਵਿੱਚ ਬੜੇ ਪ੍ਰਸਿੱਧ ਹਨ। ਪਿੰਡ ਭੱਟੀਆਂ, ਜ਼ਿਲ੍ਹਾ ਗੁਜਰਾਤ ਦਾ ਦੁੱਲਾ ਭੱਟੀ ਅਤੇ ਉਸ ਦਾ ਪੁੱਤਰ ਕਮਾਲ ਖਾਨ ਦਾ ਨਾਮ ਬੜਾ ਮਸ਼ਹੂਰ ਹੈ।

ਇਸੇ ਤਰ੍ਹਾਂ ਹੀ ਪਠਾਣ ਸੈਨਿਕਾਂ ਨੂੰ ਹਰੇਕ ਭਾਰਤ ਵਾਸੀ ਨਾਲ ਆਪ ਹੁਦਰੀ ਤੇ ਮਨਮਾਨੀ ਕਰਨ ਦੀ ਖੁਲ੍ਹ ਸੀ। ਏਸ ਖੁਲ੍ਹ ਦੇ ਕਾਰਨ ਬਹੁਤੇ ਸਾਰੇ ਪਠਾਣਾਂ ਨੇ ਰਾਜਪੂਤ ਔਰਤਾਂ ਦੀ ਇੱਜ਼ਤ ਨਾਲ ਖੇਲਿਆ। ਏਸ ਤਰ੍ਹਾਂ ਨਾਲ ਆਮ ਗਰੀਬ ਬੰਦੇ ਦੀ ਕੋਈ ਪੁੱਛ-ਪੜਤਾਲ ਨਹੀਂ ਸੀ ਰਹਿ ਗਈ। ਗਰੀਬ ਆਦਮੀ ਕੋਲ ਦੋ ਹੀ ਰਸਤੇ ਸਨ। ਇਕ ਤਾਂ ਇਹ ਕਿ ਜਿਸ ਗਰੀਬ ਰਾਜਪੂਤ ਦੀ ਧੀ-ਭੈਣ ਤੇ ਪਤਨੀ ਦੀ ਇੱਜ਼ਤ ਖਰਾਬ ਹੁੰਦੀ ਸੀ। ਉਹ ਜਾਂ ਤਾਂ ਖੁਦਕਸ਼ੀ ਕਰਕੇ ਮਰ ਜਾਏ ਜਾਂ ਫਿਰ ਤਲਵਾਰ ਚੁੱਕ ਕੇ ਬਾਗੀ ਹੋ ਜਾਏ। ਏਸ ਤਰ੍ਹਾਂ ਬਹੁਤ ਸਾਰੇ ਰਾਜਪੂਤਾਂ ਨੇ ਤਾਂ ਖੁਦਕਸ਼ੀ ਕਰਕੇ ਆਪਣੀਆਂ ਜਾਨਾਂ ਵੀ ਗਵਾਈਆਂ। ਪਰ ਕਈ ਏਸ ਤਰ੍ਹਾਂ ਦੀ ਗੈਰਤ ਅਣਖ ਵਾਲੇ ਰਾਜਪੂਤ ਨਿਤਰੇ, ਜਿਨ੍ਹਾਂ ਨੇ ਤਲਵਾਰ ਚੁੱਕੀ ਤੇ ਹਕੂਮਤ ਦੇ ਖਿਲਾਫ ਬਗਾਵਤਾਂ ਵੀ ਕਰਦੇ ਰਹੇ। ਜਿਵੇਂ ਕਿ ਅਕਬਰ ਵੇਲੇ ਜੈਮਲ ਤੇ ਫੱਤਾ ਚਿਤੌੜ ਦੇ ਕਿਲ੍ਹੇ ਵਿਚ ਆਪਣੀਆਂ ਧਰਮ ਪਤਨੀਆਂ ਤੇ ਬੱਚੇ-ਬੱਚੀਆਂ ਸਮੇਤ ਲੜਦੇ ਰਹੇ। ਪਰ ਆਪਣੀਆਂ ਧੀਆਂ-ਭੈਣਾਂ ਦੇ ਡੋਲੇ ਅਕਬਰ ਵਰਗਿਆਂ ਨੂੰ ਵੀ ਦੇਣੋਂ ਨਾਂਹ ਕਰ ਦਿੱਤੀ ਸੀ। ਜਦੋਂ ਚਿਤੌੜ ਦੇ ਕਿਲ੍ਹੇ ਵਿੱਚ ਸਾਰੇ ਮਰਦ ਸ਼ਹਾਦਤਾਂ ਪਾ ਗਏ ਤਾਂ ਸਾਰੀਆਂ ਔਰਤਾਂ ਨੇ ਆਪਣੇ ਆਪ ਨੂੰ ਮੁਗਲਾਂ ਦੇ ਹੱਥੀਂ ਆਉਣ ਤੋਂ ਬਚਾਉਣ ਲਈ ਕਟਾਰਾਂ ਮਾਰ-ਮਾਰ ਕੇ ਮਾਰ ਲਿਆ ਸੀ।

ਸੋ ਇਹ ਸਾਰਾ ਵਿਸਥਾਰ ਦੱਸਣ ਤੋਂ ਮੁਰਾਦ ਹੈ ਕਿ ਜਿਨ੍ਹਾਂ ਰਾਜਪੂਤਾਂ ਦੀ ਪਠਾਣਾਂ

ਦੇ ਰਾਜ ਵੇਲੇ ਏਸ ਤਰ੍ਹਾਂ ਦੀ ਦਸ਼ਾ ਸੀ ਉਹ ਕੁਝ ਤਾਂ ਆਪਣੇ ਆਪ ਖੁਦਕਸ਼ੀ ਕਰਦੇ ਰਹੇ। ਪਰ ਜਿਹੜੇ ਗੈਰਤ ਅਣਖ ਵਾਲੇ ਸਨ ਉਹ ਬਗਾਵਤਾਂ ਕਰਦੇ ਰਹੇ। ਪਰ ਤੀਜੀ ਕਿਸਮ ਦੇ ਕੁਝ ਐਸੇ ਵੀ ਲੋਕ ਸਨ, ਜਿਹੜੇ ਬੜੇ ਵਿਦਵਾਨ ਤੇ ਦੂਰ-ਅੰਦੇਸ਼ ਸਨ। ਉਹਨਾਂ ਨਾਲ ਵੀ ਪਠਾਣਾਂ ਵੱਲੋਂ ਏਸੇ ਤਰ੍ਹਾਂ ਦੀਆਂ ਧੱਕੇ-ਸ਼ਾਹੀਆਂ ਹੋਈਆਂ। ਪਰ ਉਹ ਲੋਕ ਖੁਦਕਸ਼ੀ ਕਰਨ ਨੂੰ ਕਾਇਰਤਾ ਮੰਨਦੇ ਸਨ। ਪਰ ਉਹ ਤਲਵਾਰ ਵੀ ਉਠਾ ਕੇ ਲੜਨ ਯੋਗ ਨਹੀਂ ਸਨ। ਉਹਨਾਂ ਨੇ ਆਪਣੀ ਦੂਰ-ਅੰਦੇਸ਼ੀ ਨਾਲ ਕੰਮ ਕਰਨਾ ਆਰੰਭ ਕੀਤਾ। ਲੋਧੀ ਬਾਦਸ਼ਾਹਾਂ ਦੇ ਵਕਤ ਦੀ ਹਕੂਮਤ ਵਲੋਂ ਸਤਾਏ ਹੋਏ ਲੋਕ ਕੁਝ ਤਾਂ ਤਲਵਾਰ ਚੁੱਕ ਕੇ ਬਾਗੀ ਹੋ ਜਾਂਦੇ ਸਨ। ਉਹਨਾਂ ਨੂੰ ਅਤਵਾਦੀ ਸਮਝ ਕੇ ਸਰਕਾਰ ਮਰਵਾ ਦੇਂਦੀ ਸੀ। ਇਹ ਗਰੀਬ ਅਤੇ ਬੁਜ਼ਦਿਲ ਕਿਸਮ ਦੇ ਲੋਕ ਸਨ, ਉਹ ਜਾਂ ਇਸਲਾਮ ਕਬੂਲ ਲੈਂਦੇ ਸਨ ਜਾਂ ਫਿਰ ਜਿਊਣ ਨਾਲੋਂ ਆਤਮ ਹੱਤਿਆ ਕਰ ਲੈਣੀ ਠੀਕ ਸਮਝਦੇ ਸਨ। ਪਰ ਇਹ ਸਿਆਣੇ ਅਤੇ ਬੁਧੀਮਾਨ ਲੋਕ ਸਨ, ਜੋ ਦੂਰ-ਅੰਦੇਸ਼ੀ ਨਾਲ ਵਿਚਾਰ ਕਰਦੇ ਸਨ। ਉਹ ਹਥਿਆਰ ਵੀ ਨਹੀਂ ਸਨ ਚੁਕਦੇ, ਪਰ ਉਹਨਾਂ ਦੀਆਂ ਬਹੁ-ਬੇਟੀਆਂ ਨੂੰ ਵੀ ਪਠਾਣ ਚੁੱਕ ਕੇ ਲੈ ਜਾਂਦੇ ਸਨ। ਇਸ ਤਰ੍ਹਾਂ ਦੀ ਕਿਸਮ ਦੇ ਲੋਕਾਂ ਨੇ ਕੁਝ ਸਿਧਾਂਤ ਵਿਚਾਰਨੇ ਸ਼ੁਰੂ ਕੀਤੇ ਅਤੇ ਆਪਸ ਵਿਚ ਸਾਧੂ ਮੰਡਲੀਆਂ ਦੇ ਭੇਸ ਵਿਚ ਲਾਮਬੰਦ ਹੋਣਾ ਸ਼ੁਰੂ ਹੋ ਗਏ।

ਜਦੋਂ ੧੪੬੯ ਈਸਵੀ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਸੀ, ਤਾਂ ਉਸ ਵੇਲੇ ਇਸ ਤਰ੍ਹਾਂ ਦੀਆਂ ਵੱਖੋ ਵੱਖ ਕਿਸਮਾਂ ਦੀਆਂ ਭਜਨ ਮੰਡਲੀਆਂ ਆਮ ਪਿੰਡਾਂ ਅਤੇ ਸ਼ਹਿਰਾਂ ਵਿਚ ਸਤਸੰਗ ਕਰਨ ਦੇ ਬਹਾਨੇ ਆਉਂਦੀਆਂ ਸਨ ਤੇ ਸਹੀ ਅਰਥਾਂ ਵਿਚ ਉਹ ਲੋਕਾਂ ਨੂੰ ਜਾਗਰੂਕ ਕਰਦੀਆਂ ਸਨ। ਅਕਸਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਜਿਹੜੀ ਭਗਤੀ ਲਹਿਰ ਚਲੀ ਸੀ ਉਸ ਵਿਚ ਕਬੀਰ, ਫਰੀਦ, ਰਵਿਦਾਸ, ਸਧਨਾ, ਸੈਣ, ਨਾਮਦੇਵ, ਧੰਨਾ, ਤ੍ਰਿਲੋਚਨ, ਰਾਮਾਨੰਦ, ਸੂਰਦਾਸ ਆਦਿ ਕਈ ਉੱਘੇ ਭਗਤ ਆਗੂਆਂ ਨੇ ਇਸ ਭਗਤੀ ਲਹਿਰ ਦੇ ਰਾਹੀਂ ਬਿਦੇਸ਼ੀ ਹਕੂਮਤ ਨੂੰ ਖੋਖਲਾ ਕਰਕੇ ਰੱਖ ਦਿੱਤਾ ਸੀ। ਪਰ ਇਹਨਾਂ ਭਗਤਾਂ ਅਤੇ ਆਮ ਜਨਤਾ ਨੇ ਜਿਹੜੇ ਜ਼ੁਲਮ ਬਿਦੇਸ਼ੀ ਹਕੂਮਤਾਂ ਦੇ ਸਹੇ, ਉਹ ਅਕਹਿ ਹਨ ਅਤੇ ਵਰਨਣ ਤੋਂ ਬਾਹਰ ਹਨ। ਭਾਵੇਂ ਇਹ ਭਗਤੀ ਲਹਿਰ ਆਪਣੇ ਢੰਗ ਨਾਲ ਬੜੇ ਜ਼ੋਰ ਸ਼ੋਰ ਨਾਲ ਕੰਮ ਕਰ ਰਹੀ ਸੀ, ਪਰ ਪੰਜਾਬ ਵਿਚ ਆਪਣੀ ਕਿਸਮ ਦੀ ਕੋਈ ਲਹਿਰ ਨਹੀਂ ਸੀ ਚਲੀ। ਬਾਬਾ ਫਰੀਦ ਨੂੰ ਛੱਡ ਕੇ ਬਾਕੀ ਭਗਤ ਆਗੂ ਸਾਰੇ ਦੂਜੇ ਸੂਬਿਆਂ ਵਿਚ ਕੰਮ ਕਰ ਰਹੇ ਸਨ। ਬਾਬਾ ਫਰੀਦ ਸੂਫੀ ਮੁਸਲਮਾਨ ਸਨ, ਇਸ ਕਰਕੇ ਮੁਸਲਮਾਨ ਹਕੂਮਤ ਨੇ ਬਾਬਾ ਫਰੀਦ ਉੱਪਰ ਬਹੁਤੇ ਜ਼ੁਲਮ ਤਾਂ ਨਹੀਂ ਸਨ ਢਾਹੇ। ਪਰ ਬਾਬਾ ਫਰੀਦ ਤੋਂ ਵੀ ਹਕੂਮਤ ਨੂੰ ਸਦਾ ਖਤਰਾ ਹੀ ਰਿਹਾ।

ਪਰ ਵਿਸ਼ੇਸ਼ ਪੰਜਾਬ ਦੇ ਕੇਂਦਰ ਵਿਚੋਂ ਇਕ ਭਗਤੀ ਲਹਿਰ ਉਠੀ ਸੀ। ਉਸ

ਭਗਤੀ ਲਹਿਰ ਦਾ ਆਗੂ ਬੜਾ ਪੜ੍ਹਿਆ ਲਿਖਿਆ ਅਤੇ ਆਯੁਰਵੈਦਿਕ ਦਵਾਈਆਂ ਦਾ ਵੀ ਬੜਾ ਗਿਆਤਾ ਸੀ। ਕਿਉਂਕਿ ਪੰਜਾਬ ਵਿਚ ਜ਼ਿਆਦਾ ਜੱਟ ਕੌਮ ਜ਼ਮੀਨ ਦਾ ਕੰਮ ਕਰਨ ਵਾਲੀ ਹੀ ਰਹਿੰਦੀ ਸੀ। ਪੰਜਾਬ ਵਿਚ ਬਹੁਤਾ ਧੱਕਾ ਜੱਟਾਂ ਨਾਲ ਹੀ ਹੋਇਆ ਜਾਂ ਫਿਰ ਰਾਜਪੂਤ ਭੱਟੀ ਘਰਾਣਿਆਂ ਨਾਲ ਬੜਾ ਧੱਕਾ ਹੋਇਆ। ਭਾਰਤ ਵਿਚ ਅਤੇ ਪਾਕਿਸਤਾਨ ਵਿਚ ਭੱਟੀ ਅਤੇ ਜੱਟ ਗੋਤਾਂ ਦੇ ਨੱਬੇ ਫੀਸਦੀ ਮੁਸਲਮਾਨ ਅੱਜ ਵੀ ਮਿਲਦੇ ਹਨ। ਇਹ ਸਾਰੇ ਪਠਾਣਾਂ ਅਤੇ ਮੁਗਲ ਹਕੂਮਤਾਂ ਦੀ ਜ਼ੁਲਮੋ ਸਿਤਮਗਿਰੀ ਦੀ ਤਸਵੀਰ ਹਨ। ਇਹ ਸਭ ਉਸ ਵਕਤ ਦੇ ਪੰਜਾਬੀ ਬੰਦੇ, ਮਜਬੂਰੀ ਵਸ ਮੁਸਲਮਾਨ ਬਣਾ ਲਏ ਗਏ ਸਨ। ਜਿਨ੍ਹਾਂ ਦਿਨਾਂ ਵਿਚ ਬਾਕੀ ਭਾਰਤ ਦੇ ਪ੍ਰਾਂਤਾਂ ਵਿਚ ਭਗਤ ਆਗੂਆਂ ਦੀ ਅਗਵਾਈ ਵਿਚ ਭਗਤੀ ਲਹਿਰਾਂ ਉੱਠ ਰਹੀਆਂ ਸਨ। ਉਹਨਾਂ ਦਿਨਾਂ ਵਿਚ ਇਕ ਪੰਜਾਬ ਵਿਚੋਂ ਲਹਿਰ ਉੱਠੀ, ਇਹ ਇਕ ਪੰਜਾਬੀ ਸਰਦਾਰ ਜਿਸ ਨੂੰ ਬਹਿਲੋਲ ਲੋਧੀ ਦੀ ਹਕੂਮਤ ਨੇ ਏਨਾ ਸਤਾਇਆ ਕਿ ਇਸ ਦਾ ਕੁਝ ਵੀ ਨਾ ਰਹਿਣ ਦਿੱਤਾ। ਇਸ ਦੇ ਪਿਤਾ ਹਰੀ ਜੀ "ਦਿਊ" ਅਤੇ ਮਾਤਾ ਲਕਸ਼ਮੀ ਦੀ ਪਹਿਲਾਂ ਜਗੀਰ ਜਬਤ ਕੀਤੀ ਗਈ। ਜਦੋਂ ਸਰਦਾਰ ਹਰੀ ਜੀ "ਦਿਊ" ਨੇ ਹਕੂਮਤ ਦਾ ਵਿਰੋਧ ਕੀਤਾ ਤਾਂ ਇਕ ਦਿਨ ਬਦਮਾਸ਼ ਪਠਾਣਾਂ ਨੇ ਰਾਤ ਵੇਲੇ ਸਰਦਾਰ ਹਰੀ ਜੀ "ਦਿਊ" ਨੂੰ ਅਤੇ ਉਸ ਦੀ ਧਰਮ ਪਤਨੀ ਨੂੰ ਮਾਰ ਦਿੱਤਾ ਅਤੇ ਉਹਨਾਂ ਦੀ ਸਤਾਰਾਂ ਸਾਲਾਂ ਦੀ ਜਵਾਨ ਧੀ ਨੂੰ ਪਠਾਣ ਚੁੱਕ ਕੇ ਲੈ ਗਏ। ਇਕ ਚੌਦਾਂ ਪੰਦਰਾਂ ਸਾਲ ਦਾ ਹਰੀ ਜੀ "ਦਿਊ" ਦਾ ਲੜਕਾ ਸੀ। ਉਹ ਪਤਾ ਨਹੀਂ ਇਸ ਅੰਧੇਰ ਗਰਦੀ ਵਿਚੋਂ ਕਿਵੇਂ ਬਚ ਗਿਆ। ਇਸ ਲੜਕੇ ਦਾ ਨਾਮ ਜਗੀਰਦਾਰ "ਹਰੀ ਜੀ "ਦਿਊ" ਨੇ ਬੜੇ ਸ਼ੌਕ ਨਾਲ "ਦਿਊ" ਕੰਵਰ ਰਖਿਆ ਸੀ। ਜਦੋਂ "ਦਿਊ" ਕੰਵਰ ਦੇ ਮਾਂ ਬਾਪ ਅਤੇ ਜਾਇਦਾਦ ਲੋਧੀ ਪਠਾਣਾਂ ਦੀ ਅੰਧੇਰ ਗਰਦੀ ਵਿਚ ਖ਼ਤਮ ਹੋ ਗਈ ਤਾਂ "ਦਿਊ" ਕੰਵਰ ਇਕ ਯਤੀਮ ਬੱਚਾ ਹੋ ਗਿਆ। ਕੋਈ ਮਹਾਤਮਾ ਤਰਸ ਖਾ ਕੇ, ਦਿਊ ਕੰਵਰ ਨੂੰ ਬਨਾਰਸ ਲੈ ਗਿਆ। ਉਸ ਮਹਾਤਮਾ ਨੇ ਬਨਾਰਸ ਦੇ ਇਕ ਯਤੀਮ ਬਚਿਆਂ ਨੂੰ ਪੜ੍ਹਾਉਣ ਵਾਲੇ ਆਸ਼ਰਮ ਵਿਚ ਦਾਖਲ ਕਰਵਾ ਦਿੱਤਾ। ਦਿਊ ਕੰਵਰ ਬਨਾਰਸ ਦੇ ਉਸ ਆਸ਼ਰਮ ਵਿਚੋਂ ਸੰਸਕ੍ਰਿਤ ਆਯੁਰਵੈਦਿਕ ਅਤੇ ਹੋਰ ਅਨੇਕਾਂ ਕਿਸਮ ਦੀ ਵਿਦਿਆ ਪ੍ਰਾਪਤ ਕਰਕੇ ਇਕ ਮਹਾਨ ਗਿਆਨੀ ਬਣ ਕੇ ਨਿਕਲਿਆ। ਉਸ ਆਸ਼ਰਮ ਦੇ ਸੰਸਕ੍ਰਿਤ ਪੜ੍ਹਾਉਣ ਵਾਲੇ ਉਸਤਾਦਾਂ ਨੇ "ਦਿਊ" ਕੰਵਰ ਦਾ ਪੰਜਾਬੀ ਨਾਮ ਕੱਟ ਕੇ ਨਵਾਂ ਨਾਮ "ਸੰਤਰੇਨ" ਰੱਖ ਲਿਆ ਸੀ। ਹੁਣ ਜਦੋਂ "ਸੰਤਰੇਨ" ਕਈ ਸਾਲਾਂ ਦੀ ਵਿਦਿਆ ਪ੍ਰਾਪਤ ਕਰਕੇ ਆਸ਼ਰਮ ਤੋਂ ਬਾਹਰ ਆਇਆ ਤਾਂ ਉਹ ਇਕ ਮਹਾਨ ਪੰਡਿਤ ਅਤੇ ਬ੍ਰਹਮਵੇਤਾ ਸਾਧੂ ਬਣ ਚੁੱਕਾ ਸੀ। ਲੋਕ ਉਸ ਦੀ ਵਿਦਿਆ ਅਤੇ ਪ੍ਰਚਾਰ ਤੋਂ ਏਨਾ ਪ੍ਰਭਾਵਤ ਸਨ, ਕਿ ਉਸ ਨੂੰ "ਸੁਆਮੀ ਸੰਤਰੇਨ ਜੀ" ਕਹਿੰਦੇ ਸਨ।

ਸੁਆਮੀ ਸੰਤਰੇਨ ਜੀ ਹੁਣ ਭਾਵੇਂ ਲੋਕਾਂ ਵਿਚ ਵਿਦਿਆ ਮਾਰਤੰਡ ਕਰਕੇ ਜਾਣੇ ਜਾਂਦੇ ਸਨ, ਪਰ ਉਹਨਾਂ ਨੂੰ ਆਪਣੇ ਬਚਪਨ "ਦਿਊ" ਕੰਵਰ ਵਾਲੇ ਦਿਨ ਭੁਲੇ ਨਹੀਂ ਸਨ। ਉਹਨਾਂ ਨੂੰ ਆਪਣੀ ਪੰਜਾਬੀ ਮਾਂ ਅਤੇ ਦਿਊ ਹਰੀ ਜੀ ਪਿਤਾ ਬਹੁਤ ਯਾਦ ਆਉਂਦੇ ਸਨ। ਜਦੋਂ ਸੁਆਮੀ ਸੰਤਰੇਨ ਨੂੰ ਉਹ ਅੰਧੇਰ ਗਰਦੀ ਦੀ ਰਾਤ ਯਾਦ ਆਉਂਦੀ, ਜਿਸ ਰਾਤ ਨੂੰ ਉਨ੍ਹਾਂ ਪਿਤਾ, ਦਿਊ ਹਰੀ ਅਤੇ ਮਾਤਾ ਲਕਸ਼ਮੀ ਦਾ ਕਤਲ, ਉਹਨਾਂ ਦੀਆਂ ਅੱਖਾਂ ਸਾਹਮਣੇ ਪਠਾਣ ਸਿਪਾਹੀਆਂ ਨੇ ਕਰ ਦਿੱਤਾ ਸੀ ਤਾਂ ਸੁਆਮੀ ਸੰਤਰੇਨ ਜੀ ਦਾ ਖੂਨ ਖੌਲ ਉਠਦਾ। ਖਾਸ ਤੌਰ ਜਦੋਂ ਉਹਨਾਂ ਨੂੰ ਉਹਨਾਂ ਦੀ ਸਤਾਰਾਂ ਸਾਲਾਂ ਦੀ ਜਵਾਨ ਭੈਣ ਨੂੰ ਉਹਨਾਂ ਦੇ ਸਾਹਮਣੇ ਇਕ ਪਠਾਣ ਧੂਹ ਕੇ ਆਪਣੇ ਘੋੜੇ ਤੇ ਜਬਰਦਸਤੀ ਸੁੱਟ ਕੇ ਲੈ ਗਿਆ। ਇਹ ਸੀਨ ਯਾਦ ਕਰਕੇ "ਸੁਆਮੀ ਸੰਤਰੇਨ" ਜੀ ਦੀਆਂ ਆਹਾਂ ਨਿਕਲ ਜਾਂਦੀਆਂ। ਆਪਣੇ "ਦਿਊ" ਜੱਟ ਖਾਨਦਾਨ ਦੀ ਦੁਰਦਸ਼ਾ ਦੀ ਯਾਦ ਨੇ ਇਸ ਜੱਟ ਸਾਧ ਨੂੰ ਬਨਾਰਸ ਵਿਚ ਟਿਕਣ ਨਾ ਦਿੱਤਾ। ਆਪਣੀ ਆਤਮਾ ਦੀ ਆਵਾਜ਼ ਤੋਂ ਮਜਬੂਰ ਹੋ ਕੇ, ਸੁਆਮੀ ਸੰਤਰੇਨ ਜੀ, ਆਪਣੇ ਨਾਲ ਕੁਝ ਆਪਣੇ ਵਰਗੇ ਹੀ ਪੰਜਾਬੀ ਸਾਧੂਆਂ ਦੀ ਇਕ ਮੰਡਲੀ ਨੂੰ ਲੈ ਕੇ ਬਨਾਰਸ ਨੂੰ ਛੱਡ ਕੇ ਆਪਣੇ ਪੰਜਾਬ ਦੀ ਜਰਖੇਜ਼ ਜ਼ਮੀਨ ਬਾਰ ਵਿਚ ਆ ਗਏ।

ਸੁਆਮੀ ਸੰਤਰੇਨ ਜੀ ਨੇ ਪੰਜਾਬ ਵਿਚ ਆ ਕੇ ਪਠਾਣ ਹਕੂਮਤ ਦੇ ਪੈਰ ਉਖਾੜਨ ਅਤੇ ਲੋਕਾਂ ਨੂੰ ਪ੍ਰਭੂ ਨਾਲ ਜੋੜਨ ਲਈ ਇਕ ਸਾਧ ਲਹਿਰ ਚਲਾਈ। ਸਭ ਤੋਂ ਪਹਿਲਾਂ ਸੁਆਮੀ ਸੰਤਰੇਨ ਜੀ ਨੇ ਅਪਣਾ ਉਹ ਕੇਂਦਰ ਬਣਾਇਆ, ਜਿਥੋਂ ਆਪਣੇ ਮਿਸ਼ਨ ਨੂੰ ਚਲਾਉਣਾ ਸੀ। ਰਾਵੀ ਦਰਿਆ ਦੇ ਨਾਲ ਲਗਦਾ ਬਾਰ ਦਾ ਸਾਰਾ ਇਲਾਕਾ ਬੜਾ ਸੁੰਦਰ ਅਤੇ ਜਰਖੇਜ਼ ਜ਼ਮੀਨ ਵਾਲਾ ਇਲਾਕਾ ਸੀ। ਉਹਨਾਂ ਦਿਨਾਂ ਵਿਚ ਇਸ ਇਲਾਕੇ ਦਾ ਕੇਂਦਰੀ ਵਪਾਰਕ ਸ਼ਹਿਰ "ਚੂਹੜ ਕਾਣਾ" ਸੀ।

ਚੂਹੜਕਾਣੇ ਤੋਂ ਥੋੜ੍ਹਾ ਦੂਰ ਕੁਝ ਇਲਾਕਾ ਬੜੇ ਫਲਦਾਰ ਪੌਦਿਆਂ ਵਾਲਾ ਰਮਣੀਕ ਇਲਾਕਾ ਸੀ। ਸੁਆਮੀ ਸੰਤਰੇਨ ਜੀ ਨੇ ਆਪਣਾ ਮਿਸ਼ਨ ਆਮ ਲੋਕਾਂ ਨੂੰ ਦਰਸਾਉਣ ਲਈ ਚੂਹੜਕਾਣੇ ਦੇ ਬਾਹਰਲੇ ਪਾਸੇ ਆਪਣਾ ਇਕ ਸੁੰਦਰ ਆਸ਼ਰਮ ਬਣਾ ਲਿਆ। ਅੱਜ ਕਲ੍ਹ ਇਹ ਅਸਥਾਨ "ਸੱਚਾ ਸੌਦਾ" ਨਾਮ ਗੁਰਦੁਆਰਾ ਕਰਕੇ ਜਾਣਿਆਂ ਜਾਂਦਾ ਹੈ ਅਤੇ ਚੂਹੜਕਾਣੇ ਦੀ ਨਵੀਂ ਆਬਾਦੀ ਦੋਹਾਂ ਪਾਸੇ ਵੱਸ ਗਈ ਹੋਈ ਹੈ। ਉਸ ਵਕਤ ਸੁਆਮੀ ਸੰਤਰੇਨ ਜੀ ਨੇ ਇਹ ਆਪਣਾ ਕੇਂਦਰੀ ਅਸਥਾਨ ਬੜੇ ਸੁਹਣੇ, ਬ੍ਰਿੱਛਾਂ, ਫਲਦਾਰ ਬੂਟਿਆਂ ਅਤੇ ਪਾਣੀ ਦਾ ਕਿਨਾਰਾ ਹੋਣ ਕਰਕੇ ਇਥੇ ਬਣਾਇਆ ਸੀ।

ਇਸ ਕੇਂਦਰ ਤੋਂ ਹੀ ਕੁਝ ਸਿਧਾਂਤ, "ਸੁਆਮੀ ਸੰਤਰੇਨ ਜੀ" ਤਿਆਰ ਕੀਤੇ ਅਤੇ ਆਪਣੇ ਸਾਥੀ ਵਿਦਵਾਨ ਸਾਧੂਆਂ ਰਾਹੀਂ ਲੋਕਾਂ ਵਿਚ ਪ੍ਰਚਾਰ ਆਰੰਭ ਕੀਤਾ। ਇਹ ਵਿਦਵਾਨ ਸਾਧੂ ਇਸੇ ਕੇਂਦਰ ਤੋਂ ਆਪਣੀਆਂ ਸਾਧੂ ਮੰਡਲੀਆਂ ਲੈ ਕੇ ਭਜਨ ਕੀਰਤਨ

ਕਰਨ ਦੇ ਬਹਾਨੇ, ਪੰਜਾਬ ਦੇ ਪਿੰਡਾਂ ਵਿਚ ਜਾਂਦੇ ਸਨ। ਏਹਨਾਂ ਸਾਧੂਆਂ ਦਾ ਪਹਿਲਾ ਨਿਯਮ ਸੀ ਕਿ ਕਿਸੇ ਕੋਲੋਂ ਮੰਗਣਾ ਕੁਝ ਨਹੀਂ। ਆਪਣੀ ਅਧਿਆਤਮਕ ਵਿਦਿਆ ਦੁਆਰਾ ਲੋਕਾਂ ਨੂੰ ਸੱਚ ਤੋਂ ਜਾਣੂ ਕਰਵਾਉਣਾ ਹੈ ਜੇਕਰ ਲੋਕ ਪ੍ਰਭਾਵਤ ਹੋ ਕੇ ਇਹਨਾਂ ਨੂੰ ਭੋਜਨ ਪਾਣੀ ਵਾਸਤੇ ਕੁਝ ਭੇਟਾ ਕਰਨ ਤਾਂ, ਉਹ ਭੇਟਾ ਚੂਹੜਕਾਣੇ ਆਪਣੇ ਕੇਂਦਰੀ ਅਸਥਾਨ ਤੇ ਪਹੁੰਚਾਉਣੀ ਹੈ ਜਾਂ ਭੇਟਾ ਦੇਣ ਵਾਲਿਆਂ ਨੂੰ ਕਿਹਾ ਜਾਵੇ ਕਿ ਉਹ ਆਪ ਭੇਟਾ ਪਹੁੰਚਾਣ। ਦੂਸਰਾ ਨਿਯਮ ਸੀ ਕਿ ਹਰੇਕ ਪਿੰਡ ਵਿਚ ਆਯੁਰਵੈਦਿਕ ਢੰਗ ਨਾਲ ਬੀਮਾਰ ਲੋਕਾਂ ਦਾ ਇਲਾਜ ਕਰਨਾ ਹੈ। ਗਰੀਬ ਕੋਲੋਂ ਕੁਝ ਨਹੀਂ ਲੈਣਾ ਅਤੇ ਧਨਵਾਨਾਂ ਕੋਲੋਂ ਦਵਾਈ ਦੇ ਪੈਸੇ ਜ਼ਰੂਰ ਲੈਣੇ ਹਨ ਅਤੇ ਆਸ਼ਰਮ ਨੂੰ ਚਲਦਿਆਂ ਰਖਣ ਲਈ ਸਹਿਯੋਗੀ ਸੱਜਣਾਂ ਨੂੰ ਆਪਣੇ ਨਾਲ ਜੋੜਨਾ ਹੈ। ਇਸ ਤਰ੍ਹਾਂ ਇਸ ਕੇਂਦਰੀ ਅਸਥਾਨ ਚੂਹੜਕਾਣੇ ਤੋਂ ਇਹ ਭਗਤੀ ਦੀ ਲਹਿਰ ਸਾਰੇ ਦੇਸ਼ ਵਿਚ ਫੈਲ ਗਈ। ਉਹਨਾਂ ਦੂਰ-ਅੰਦੇਸ਼ ਮਹਾਂਪੁਰਖਾਂ ਵਿਚੋਂ ਬਹੁਤ ਸਾਰਿਆਂ ਨੇ ਉਸ ਸਮੇਂ ਦਾ ਪ੍ਰਚਾਰਕ ਬਾਣਾ ਯਾਨੀਕਿ ਉਦਾਸੀ ਬਾਣਾ ਪਾ ਲਿਆ। ਜਿਥੇ ਉਹਨਾਂ ਨੇ ਧਰਮ ਪ੍ਰਚਾਰ ਆਰੰਭ ਕੀਤਾ। ਉਥੇ ਉਹਨਾਂ ਨੇ ਦੇਸ਼ ਦੇ ਲੋਕਾਂ ਨੂੰ ਵਿਦੇਸ਼ੀਆਂ ਦੇ ਚੁੰਗਲ ਤੋਂ ਬਚਾਉਣ ਲਈ ਕੁਝ ਨਿਯਮ ਵੀ ਤਿਆਰ ਕੀਤੇ। ਉਹਨਾਂ ਨਿਯਮਾਂ ਦਾ ਹੀ ਸੁਧਾਰ ਕਰਕੇ, ਪਿਛੋਂ ਗੁਰਮਤਿ ਵਿਚ ਪ੍ਰਚਲਤ ਕੀਤੇ ਗਏ। ਏਸ ਤਰ੍ਹਾਂ ਦੀ ਇਕ ਪ੍ਰਚਾਰਕ ਤੇ ਸੁਧਾਰਕ ਮੰਡਲੀ ਦੇਸ਼-ਵਿਦੇਸ਼ ਵਿਚ ਉਹਨਾਂ ਦਿਨਾਂ ਵਿੱਚ ਪ੍ਰਚਾਰ ਕਰਦੀ ਸੀ। ਉਸ ਮੰਡਲੀ ਨੂੰ "ਸੰਤਰੇਨ ਮੰਡਲੀ" ਕਿਹਾ ਜਾਂਦਾ ਸੀ। ਏਸ ਮੰਡਲੀ ਨੇ ਉਸ ਸਮੇਂ ਦੀ ਨਜ਼ਾਕਤ ਨੂੰ ਤਕ ਕੇ ਕੁਝ ਨਿਯਮ ਤਿਆਰ ਕੀਤੇ ਸਨ।

ਜਿਵੇਂ ਕੁੜੀ ਮਾਰ ਰਸਮ ਪ੍ਰਚਲਤ ਰਹੀ ਹੈ। ਏਸ ਰਸਮ ਨੂੰ ਤਾਂ ਉਸ ਵਕਤ ਮਜਬੂਰ ਲੋਕਾਂ ਨੇ ਮਜਬੂਰੀ ਵਸ ਪ੍ਰਚਲਤ ਕੀਤਾ ਸੀ। ਪਰ ਬਾਅਦ ਵਿਚ ਇਹ ਨਿਯਮ ਬੜਾ ਘਾਤਕ ਸਿੱਧ ਹੋਇਆ ਸੀ। ਇਸ ਦਾ ਮਤਲਬ ਤਾਂ ਏਨਾ ਹੀ ਸੀ ਕਿ ਐ ਰਾਜਪੂਤ ਲੋਕੋ ਆਪਣੀ ਜੰਮਦੀ ਬੱਚੀ ਦਾ ਗਲਾ ਘੁੱਟ ਕੇ ਮਾਰ ਦਿਓ। ਨਹੀਂ ਤਾਂ ਜੁਆਨ ਹੋਈ ਧੀ ਨੂੰ ਕੋਈ ਪਠਾਣ ਚੁੱਕ ਕੇ ਲੈ ਜਾਵੇਗਾ ਤੇ ਉਹ ਦੁਖ ਫਿਰ ਨਹੀਂ ਜਰਿਆ ਜਾਵੇਗਾ। ਇਸ ਕਰਕੇ ਇਸ ਜੰਮਦੀ ਬੱਚੀ ਨੂੰ ਮਾਰ ਦਿਉ। ਕਹਿੰਦੇ ਹਨ ਕਿ ਇਹ ਰਸਮ ਏਨੀ ਜ਼ਿਆਦਾ ਜ਼ੋਰ ਫੜ ਗਈ ਕਿ ਧੀਆਂ ਦਾ ਹਰੇਕ ਕੋਈ ਦੁਸ਼ਮਣ ਹੋ ਗਿਆ। ਏਸ ਰਸਮ ਦਾ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੁਧਾਰ ਕੀਤਾ ਤੇ ਆਖਿਆ ਕਿ "**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**" *(ਆਸਾ ਦੀ ਵਾਰ)*

ਸੰਤਰੇਨ ਪ੍ਰਚਾਰਕ ਮੰਡਲੀ ਵਲੋਂ ਇਹੋ ਨਿਯਮ ਵੀ ਬਣਾਇਆ ਗਿਆ ਕਿ ਇਹ ਪਠਾਣ ਲੋਕ ਅਰਬੀ, ਫਾਰਸੀ ਬੋਲਦੇ ਸਨ। ਆਪਣੀ ਪਸ਼ਤੋ ਭਾਸ਼ਾ ਨੂੰ ਭਾਰਤ ਵਿਚ ਪ੍ਰਚਲਤ ਕਰ ਰਹੇ ਸਨ। ਸਾਰੇ ਪੰਜਾਬੀਆਂ ਵਿਚ ਇਸ ਸੰਤਰੇਨ ਮੰਡਲੀ ਵਲੋਂ ਪ੍ਰਚਾਰ ਕੀਤਾ ਗਿਆ ਕਿ ਤੁਸੀਂ ਆਪਣੀ ਬੋਲੀ ਵਿਚ ਹੀ ਗੱਲਬਾਤ ਕਰਨੀ ਹੈ। ਵਿਦੇਸ਼ੀ

ਬੋਲੀ ਅਰਬੀ, ਪਸ਼ਤੋ ਆਦਿ ਦਾ ਬਾਈਕਾਟ ਕਰੋ। ਇਸ ਨਿਯਮ ਨੂੰ ਗੁਰਮਤਿ ਨੇ ਹੂ-ਬ-ਹੂ ਅਪਣਾਇਆ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਬਚਨ ਏਸੇ ਸੰਦਰਭ ਵਿਚ ਕਹੇ ਹਨ ਕਿ-

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ ੬ ॥

(ਪੰਨਾ ੧੧੯੧)

ਤੀਸਰਾ ਨਿਯਮ ਇਹ ਵੀ ਬਣਾਇਆ ਕਿ ਕੁੱਠਾ ਨਹੀਂ ਖਾਣਾ, ਕਿਉਂਕਿ ਸਾਰੇ ਦੇਸ਼ ਨੂੰ ਤਾਂ ਮਾਸ ਖਾਣੋਂ ਵਰਜਿਤ ਨਹੀਂ ਸੀ ਕੀਤਾ ਜਾ ਸਕਦਾ। ਪਰ ਕੁੱਠਾ ਖਾਣ ਤੋਂ ਵਰਜਿਤ ਕੀਤਾ ਜਾ ਸਕਦਾ ਸੀ। 'ਕੁੱਠਾ' ਯਾਨੀ ਇਸਲਾਮੀ ਢੰਗ ਨਾਲ ਬਣਿਆ ਹੋਇਆ ਮਾਸ। ਭਾਵ ਕਿ ਜਿਸ ਨੇ ਵੀ ਮਾਸ ਖਾਣਾ ਹੈ, ਉਹ ਇਸਲਾਮੀ ਢੰਗ ਨਾਲ ਬਣਿਆ ਹੋਇਆ ਮਾਸ, ਯਾਨੀ ਕਿ ਕੁੱਠਾ ਨਾ ਖਾਵੇ। ਕਹਿੰਦੇ ਹਨ ਕਿ ਇਸ ਢੰਗ ਨਾਲ ਝਟਕੇ ਦੀ ਕਿਰਿਆ ਸ਼ੁਰੂ ਹੋ ਗਈ। ਮੁਸਲਮਾਨ ਪਠਾਣ ਝਟਕੇ ਨੂੰ ਪਸੰਦ ਨਹੀਂ ਕਰਦੇ ਤੇ ਰਾਜਪੂਤ ਲੋਕ ਕੁੱਠੇ ਨੂੰ ਨਫ਼ਰਤ ਕਰਨ ਲੱਗ ਪਏ। ਏਸ ਨਾਲ ਇਹ ਹੋਇਆ ਕਿ ਇਕ ਦੂਸਰੇ ਨਾਲੋਂ ਸਬੰਧ ਟੁੱਟ ਗਏ। ਜਦੋਂ ਖਾਣ-ਪੀਣ, ਬੋਲਚਾਲ ਦੀ ਸਾਂਝ ਨਾ ਰਹੇ ਤਾਂ ਫਿਰ ਇਕੱਠੇ ਰਹਿਣਾ ਵੀ ਔਖਾ ਹੋ ਜਾਂਦਾ ਹੈ।

ਇਹ ਸਾਰੇ ਨਿਯਮ ਉਹਨਾਂ ਦੂਰ-ਅੰਦੇਸ਼ ਸੰਤਰੇਨ ਸਾਧੂਆਂ ਨੇ ਬਣਾਏ ਸਨ। ਜਿਨ੍ਹਾਂ ਨੇ ਮਹਿਸੂਸ ਕੀਤਾ ਕਿ ਦੇਸ਼ ਨੂੰ ਬਚਾਉਣ ਦਾ ਹੋਰ ਕੋਈ ਢੰਗ ਨਹੀਂ। ਇਹਨਾਂ ਮਹਾਂਪੁਰਸ਼ਾਂ ਵਿਚ ਬਹੁਤ ਸਾਰੇ ਸਾਧੂ ਉਹੀ ਸਨ, ਜਿਨ੍ਹਾਂ ਦੀਆਂ ਧੀਆਂ, ਭੈਣਾਂ, ਪਤਨੀਆਂ ਤੇ ਜਾਇਦਾਦਾਂ ਨੂੰ ਪਠਾਣਾਂ ਵਲੋਂ ਲੁੱਟਿਆ ਗਿਆ ਸੀ। ਮਜਬੂਰਨ ਇਹ ਲੋਕ ਧਾਰਮਿਕ ਬਾਣਾ ਪਾ ਕੇ, ਆਪਣੇ ਘਰ ਬਾਹਰ ਛੱਡ ਕੇ, ਸ਼ਹਿਰੋਂ ਸ਼ਹਿਰ ਤੇ ਪਿੰਡੋ ਪਿੰਡ ਫਿਰ ਕੇ ਲੋਕਾਂ ਨੂੰ ਉਜਾਗਰ ਕਰਨ ਲੱਗੇ। ਇਹਨਾਂ ਸਾਧੂਆਂ ਦਾ ਆਪਣਾ ਨਿੱਜੀ ਸੁਆਰਥ ਕੋਈ ਨਹੀਂ ਸੀ। ਇਕੋ ਇਕ ਨਿਸ਼ਾਨਾ ਸੀ ਕਿ ਲੋਕ ਸੇਵਾ ਤੇ ਦੇਸ਼ ਸੇਵਾ। ਜਦੋਂ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਅਜੇ ਬਹੁਤ ਛੋਟੀ ਉਮਰ ਵਿਚ ਅਕਸਰ ਆਪਣੇ ਖੇਤਾਂ ਵਿਚ ਗਊਆਂ ਮੱਝੀਆਂ ਚਰਾਇਆ ਕਰਦੇ ਸਨ ਤਾਂ ਉਸ ਵਕਤ ਵੀ ਕਈ ਏਸ ਤਰ੍ਹਾਂ ਦੇ ਸੰਤਰੇਨ ਸਾਧੂ ਫਿਰਦਿਆਂ ਫਿਰਾਂਦਿਆਂ ਉਹਨਾਂ ਨੂੰ ਮਿਲ ਜਾਇਆ ਕਰਦੇ ਸਨ। ਇਹਨਾਂ ਸਾਧੂਆਂ ਦੇ ਮਿਸ਼ਨ ਤੋਂ ਗੁਰੂ ਨਾਨਕ ਦੇਵ ਜੀ ਬਹੁਤ ਖੁਸ਼ ਸਨ। ਅਕਸਰ ਇਹਨਾਂ ਸਾਧੂਆਂ ਦੀ ਸੇਵਾ, ਗੁਰਦੇਵ ਆਪਣੇ ਮਾਤਾ-ਪਿਤਾ ਤੋਂ ਬਿਨਾਂ ਪੁੱਛਿਆਂ ਹੀ ਕਰ ਦਿਆ ਕਰਦੇ ਸਨ। ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਉਮਰ ੧੮ ਸਾਲ ਦੀ ਹੋਈ ਤਾਂ, ਪਿਤਾ ਮਹਿਤਾ ਕਾਲੂ ਜੀ ਨੇ ਇਸ ਵਿਚਾਰ ਨਾਲ ੨੦ ਰੁਪਇਆਂ ਦੀ ਰਕਮ ਗੁਰਦੇਵ ਨੂੰ ਦਿੱਤੀ ਕਿ ਕੋਈ ਨਫੇ ਵਾਲਾ ਸੱਚਾ ਸੁੱਚਾ ਸੌਦਾ ਕਰਨਗੇ। ਉਸ ਵਕਤ ਦੇ ੨੦ ਰੁਪਏ ਬਹੁਤ ਵੱਡੀ ਰਕਮ ਸੀ ਕਿਉਂਕਿ ਅੱਜ ਵਰਗਾ ਜ਼ਮਾਨਾ ਨਹੀਂ ਸੀ। ਉਸ ਵਕਤ ਚੂਹੜਕਾਣਾ ਇਲਾਕੇ ਦਾ ਪ੍ਰਸਿੱਧ ਵਪਾਰਕ

ਕੇਂਦਰ ਸੀ। ਗੁਰੂ ਨਾਨਕ ਦੇਵ ਜੀ ਵੀ ਵਪਾਰ ਦੇ ਸਬੰਧ ਵਿਚ ਚੂਹੜਕਾਣੇ ਗਏ। ਉਹਨਾਂ ਨੂੰ ਸੰਤਰੇਨ ਸਾਧੂਆਂ ਦੀ ਪ੍ਰਚਾਰਕ ਮੰਡਲੀ ਚੂਹੜਕਾਣੇ ਤੋਂ ਬਾਹਰਵਾਰ ਹੀ ਕੁਝ ਦਰੱਖਤਾਂ ਦੇ ਝੁੰਡ ਵਿੱਚ ਬੈਠੀ ਮਿਲ ਗਈ। ਉਸ ਮੰਡਲੀ ਵਿਚ ਕਈ ਸਾਧੂ ਤਾਂ ਗੁਰਦੇਵ ਦੇ ਪਹਿਲਾਂ ਹੀ ਜਾਣੂ ਸਨ। ਗੁਰਦੇਵ ਨੇ ਉਹਨਾਂ ਸਾਧੂਆਂ ਨਾਲ ਮਿਲ ਕੇ ਸੰਤਸੰਗ ਦਾ ਲਾਭ ਉਠਾਉਣਾ ਚਾਹਿਆ। ਗੁਰੂ ਨਾਨਕ ਦੇਵ ਜੀ ਜਦੋਂ ਇਸ ਪ੍ਰਚਾਰਕ ਮੰਡਲੀ ਵਿਚ ਪਹੁੰਚੇ ਤਾਂ ਗੁਰਦੇਵ ਨੇ ਸਾਧੂਆਂ ਦੇ ਕਮਜੋਰ ਹੋ ਰਹੇ ਸਰੀਰਾਂ ਵੱਲ ਤਕ ਕੇ ਅਨੁਭਵ ਕੀਤਾ ਕਿ ਜਿਵੇਂ ਇਹਨਾਂ ਸਾਧੂਆਂ ਨੇ ਕਦੇ ਅੰਨ-ਪਾਣੀ ਛਕਿਆ ਹੀ ਨਹੀਂ ਹੁੰਦਾ। ਵੈਸੇ ਵੀ ਆਸ਼ਰਮ ਦੀ ਰਸੋਈ ਦੇਖ ਕੇ ਲੱਗਦਾ ਸੀ ਕਿ ਕਈ ਦਿਨਾਂ ਤੋਂ ਲੰਗਰ ਨਹੀਂ ਪਕਿਆ। ਦਰਅਸਲ ਇਹ ਸਾਧੂ ਮੰਗ ਖਾਣੇ ਤਾਂ ਹੈ ਨਹੀਂ ਸਨ। ਇਹ ਤਾਂ ਉਹੀ ਗੈਰਤ ਅਣਖ ਵਾਲੇ ਲੋਕ ਸਨ, ਜਿਨ੍ਹਾਂ ਨੂੰ ਪਠਾਣਾਂ ਨੇ ਮਜਬੂਰਨ ਘਰ ਬਾਹਰ ਛਡਵਾ ਦਿੱਤੇ ਸਨ। ਇਹ ਕਿਸੇ ਅੱਗੇ ਹੱਥ ਕਰਨ ਨਾਲੋਂ ਭੁੱਖੇ ਮਰ ਜਾਣ ਨੂੰ ਪਹਿਲ ਦੇਣ ਵਾਲੇ ਮਹਾਂਪੁਰਖ ਸਨ।

ਦਰਅਸਲ ਹੋਇਆ ਇਸ ਤਰ੍ਹਾਂ ਕਿ ਜਿਸ ਵਕਤ ਦੀ ਇਹ ਘਟਨਾ ਹੈ। ਉਹਨਾਂ ਦਿਨਾਂ ਵਿਚ ਮੀਂਹ ਬਹੁਤ ਘੱਟ ਪਏ ਸਨ। ਖੇਤੀ ਦਾ ਕੰਮ ਸਾਰਾ ਵਰਖਾ ਉੱਪਰ ਨਿਰਭਰ ਕਰਦਾ ਸੀ। ਅੱਜ ਵਾਂਗ ਬਿਜਲੀ ਤੇ ਹੋਰ ਸਾਧਨ ਨਹੀਂ ਸਨ। ਸਿਰਫ ਵਰਖਾ ਉੱਪਰ ਹੀ ਖੇਤੀ ਨਿਰਭਰ ਹੁੰਦੀ ਸੀ। ਜਦੋਂ ਖੇਤੀ ਨਾ ਹੋਈ ਤਾਂ ਇਲਾਕੇ ਵਿਚ ਕਾਲ ਪੈ ਗਿਆ। ਲੋਕਾਂ ਦੇ ਆਪਣੇ ਘਰਾਂ ਵਿਚ ਖਾਣ ਵਾਸਤੇ ਦਾਣੇ ਨਹੀਂ ਸਨ ਆਏ ਤਾਂ ਇਹਨਾਂ ਸਾਧੂਆਂ ਨੂੰ ਕਿਸੇ ਨੇ ਕੀ ਦੇਣਾ ਸੀ? ਆ-ਜਾ ਕੇ ਇਨ੍ਹਾਂ ਸੰਤਰੇਨ ਸਾਧੂਆਂ ਦਾ ਕੰਮ ਹੁੰਦਾ ਸੀ ਕਿ ਲੋਕਾਂ ਨੂੰ ਦਵਾਈ ਬੂਟੀ ਦੇ ਕੇ ਰੋਗ ਠੀਕ ਕਰਨਾ ਤੇ ਲੋਕਾਂ ਦੇ ਆਤਮਕ ਜੀਵਨ ਨੂੰ ਉੱਚਾ ਚੁੱਕਣ ਲਈ ਕਥਾ ਕੀਰਤਨ ਰਾਹੀਂ ਉਪਦੇਸ਼ ਦੇਣਾ। ਪ੍ਰੇਮ ਭੇਟਾ ਵਜੋਂ ਜੋ ਕੁਝ ਵੀ ਲੋਕਾਂ ਵਲੋਂ ਇਹਨਾਂ ਨੂੰ ਮਿਲਦਾ, ਉਸ ਨਾਲ ਆਪਣਾ ਭੋਜਨ ਪਾਣੀ ਦਾ ਪ੍ਰਬੰਧ ਕਰਦੇ ਸਨ। ਹੁਣ ਅੱਜ ਕੱਲ੍ਹ ਕਾਲ ਪਿਆ ਹੋਣ ਦੀ ਹਾਲਤ ਵਿਚ ਇਹਨਾਂ ਸੰਤਰੇਨ ਸਾਧੂਆਂ ਨੂੰ ਕਈ ਦਿਨਾਂ ਤੋਂ ਕਿਸੇ ਨੇ ਕੁਝ ਨਹੀਂ ਸੀ ਦਿੱਤਾ। ਜੋ ਕੁਝ ਕੋਲ ਨਕਦੀ ਆਦਿ ਸੀ, ਉਹ ਵੀ ਖਤਮ ਹੋ ਗਿਆ ਸੀ। ਗੈਰਤ ਤੇ ਅਣਖ ਵਾਲੇ ਹੋਣ ਕਰਕੇ ਕਿਸੇ ਕੋਲੋਂ ਮੰਗਣ ਵੀ ਨਹੀਂ ਸਨ ਜਾ ਸਕਦੇ। ਪ੍ਰਭੂ ਤੇ ਭਰੋਸਾ ਰੱਖ ਕੇ ਆਸ਼ਰਮ ਵਿੱਚ ਹੀ ਬੈਠੇ ਰਹੇ। ਸਾਰੀ ਮੰਡਲੀ ਦੇ ਮੁਖੀ ਨੂੰ "ਸੁਆਮੀ ਸੰਤਰੇਨ ਜੀ" ਕਿਹਾ ਜਾਂਦਾ ਸੀ। ਵੈਸੇ ਵੀ ਸਭ ਤੋਂ ਪਹਿਲੀ ਏਸ ਮੰਡਲੀ ਦੇ ਮੁਖੀ ਦਾ ਨਾਮ "ਸੰਤਰੇਨ" ਸੀ। ਜਦੋਂ ਗੁਰਦੇਵ ਨੇ ਮੁਖੀ ਤੋਂ ਪੁੱਛਿਆ ਤੁਹਾਡਾ ਨਾਮ ਕੀ ਹੈ ਤਾਂ ਉਹਨਾਂ ਨੇ ਕਿਹਾ-

ਸੰਤਰੇਨ ਹੈ ਨਾਮ ਹਮਾਰਾ॥ ਸ੍ਰੀ ਗੁਰ ਬਚ ਸੋਂ ਧਰਯੋ ਸੁਧਾਰਾ॥
ਦੀਨ ਗਰੀਬੀ ਕੋ ਸਿਰ ਪਾਉ॥ ਸੁਜਸ ਜਾਸੁ ਬਹੁ ਵਧਤਿਤ ਪ੍ਰਭਾਉ॥

(ਪੰਨਾ ੨੩੭, ਸ੍ਰੀ ਗੁਰੂ ਨਾਨਕ ਪ੍ਰਕਾਸ਼)

ਜਦੋਂ ਗੁਰੂ ਨਾਨਕ ਦੇਵ ਜੀ, ਇਸ ਮੰਡਲੀ ਦੇ ਮੁਖੀ "ਸੁਆਮੀ ਸੰਤਰੇਨ ਜੀ" ਨੂੰ ਮਿਲੇ ਤਾਂ ਪੁੱਛਿਆ ਕਿ ਮਹਾਤਮਾ ਜੀ! ਭੋਜਨ ਪਾਣੀ ਛਕਿਆ ਹੈ ਕਿ ਨਹੀਂ? ਸੁਆਮੀ ਸੰਤਰੇਨ ਜੀ ਨੇ ਬੜੇ ਸਬਰ ਤੇ ਸੰਤੋਖ ਨਾਲ ਉੱਤਰ ਦਿੱਤਾ ਕਿ ਤਿੰਨ ਕੁ ਦਿਨ ਹੋਏ ਹਨ, ਛਕਿਆ ਸੀ। ਗੁਰਦੇਵ ਦਾ ਮਨ ਭਰ ਆਇਆ ਕਿ ਏਨੇ ਚੰਗੇ ਮਿਸ਼ਨ ਦੇ ਪ੍ਰਚਾਰਕ ਹਨ, ਇਹ ਲੋਕ। ਪਰ ਤਿੰਨ ਦਿਨਾਂ ਤੋਂ ਕੁਝ ਛਕਣ ਵਾਸਤੇ ਪ੍ਰਾਪਤ ਨਹੀਂ ਹੋਇਆ। ਜਿਵੇਂ ਇਹ ਕਥਾ ਪ੍ਰਚਲਤ ਹੈ ਕਿ ਗੁਰਦੇਵ ਨੇ ਭੁੱਖੇ ਸਾਧੂਆਂ ਨੂੰ ਤਰਸ ਕਰਕੇ ਭੋਜਨ ਛਕਾਇਆ। ਦਰਅਸਲ ਇਹ ਸਾਧੂ ਕੋਈ ਭਿਖ ਮੰਗੇ ਜਾਂ ਪਾਖੰਡੀ ਲੋਕ ਨਹੀਂ ਸਨ। ਇਹ ਇਕ ਉੱਚੇ ਕਿਰਦਾਰ ਦੇ ਬ੍ਰਹਮ ਗਿਆਨੀ ਸੰਤ ਸਨ। ਜੋ ਕਿ ਗੈਰਤ ਰੱਖਣ ਵਾਲੇ ਮਹਾਤਮਾ ਸਨ ਜਿਹੜੇ ਕਾਲ ਪੈ ਜਾਣ ਦੇ ਵਕਤ ਵੀ, ਕਿਸੇ ਅੱਗੇ ਹੱਥ ਕਰਕੇ ਮੰਗਣ ਨਾਲੋਂ ਭੁੱਖੇ ਮਰ ਜਾਣ ਨੂੰ ਚੰਗਾ ਸਮਝਦੇ ਸਨ। ਪਰ ਸੱਚ ਦੇ ਪੁਜਾਰੀ ਸਨ। ਗੁਰੂ ਨਾਨਕ ਦੇਵ ਜੀ ਨੇ ਦੂਰ-ਅੰਦੇਸ਼ੀ ਨਾਲ ਵਿਚਾਰ ਕੀਤੀ ਤੇ ਆਪਣੇ ਕੋਲ ਜੋ ਕਾਰੋਬਾਰ ਆਰੰਭ ਕਰਨ ਲਈ ਪਿਤਾ ਵਲੋਂ ੨੦ ਰੁਪਏ ਦੀ ਰਕਮ ਦਿੱਤੀ ਗਈ ਸੀ। ਉਹ ਸਾਰੀ ਰਕਮ, ਉਹਨਾਂ ਸਾਧੂਆਂ ਨੂੰ ਅਰਪਣ ਕਰ ਦਿੱਤੀ। ਦਰਅਸਲ ਉਹ ਰਕਮ ਗੁਰਦੇਵ ਨੇ ਦਾਨ ਨਹੀਂ ਸੀ ਦਿੱਤੀ। ਉਹ ਰਕਮ ਤਾਂ ਸੱਚ ਦਾ ਪ੍ਰਚਾਰ ਕਰਨ ਲਈ ਇਕ ਸਹਿਯੋਗ ਦਿੱਤਾ ਗਿਆ ਸੀ। ਉਹ ਸਾਧੂ ਵੀ ਬੜੇ ਦੂਰ-ਅੰਦੇਸ਼ ਮਹਾਤਮਾ ਸਨ। ਸੁਆਮੀ ਸੰਤਰੇਨ ਜੀ ਬੜੇ ਅੰਤਰਦਰਸ਼ੀ ਮਹਾਪੁਰਖ ਸਨ। ਜਦੋਂ ਸੁਆਮੀ ਜੀ ਨੇ ਅੰਤਰਦਰਸ਼ੀ ਬਿਰਤੀ ਨਾਲ ਗੁਰੂ ਨਾਨਕ ਦੇਵ ਜੀ ਦੇ ਅੰਦਰ ਤੱਕਿਆ ਤਾਂ, ਉਹਨਾਂ ਨੂੰ ਪ੍ਰਮਾਤਮਾ ਦਾ ਪ੍ਰਕਾਸ਼ ਦਿਖਾਈ ਦਿੱਤਾ। ਓਸੇ ਵੇਲੇ ਹੀ ਸੁਆਮੀ ਸੰਤਰੇਨ ਜੀ ਨੇ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਅੱਗੇ ਸਮਰਪਤ ਕਰ ਦਿੱਤਾ ਅਤੇਗੁਰੂ ਨਾਨਕ ਦੇਵ ਜੀ ਨੂੰ ਆਪਣਾ ਰੂਹਾਨੀ ਗੁਰੂ ਮੰਨ ਲਿਆ। ਉਸ ਦਿਨ ਤੋਂ ਉਪਰੰਤ ਰੂਹਾਨੀ ਤੌਰ ਤੇ ਉਹ ਮੰਡਲੀ "ਗੁਰੂ ਨਾਨਕ ਨਾਮ" ਦੀ ਪ੍ਰਚਾਰਕ ਮੰਡਲੀ ਬਣ ਗਈ। ਉਸ ਮੰਡਲੀ ਦੇ ਸਾਧੂ ਜਿਥੇ ਵੀ ਜਾਂਦੇ, ਉਹ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਮੰਨ ਕੇ ਹਰੇਕ ਪ੍ਰਾਣੀ ਨੂੰ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਵਿਚ ਚਲਣ ਦੀ ਪ੍ਰੇਰਨਾ ਦਿੰਦੇ ਸਨ। ਉਸ ਤੋਂ ਪਿਛੋਂ ਇਹਨਾਂ ਸਾਧੂਆਂ ਨੇ ਜੋ ਨਿਯਮ ਗੁਰੂ ਨਾਨਕ ਦੇਵ ਜੀ ਦੇ ਬਣਾਏ ਹੋਏ ਸਨ, ਉਨ੍ਹਾਂ ਨਿਯਮਾਂ ਨੂੰ ਆਮ ਦੁਨੀਆਂ ਵਿਚ ਲਾਗੂ ਕਰਨ ਲਈ ਵਿਸ਼ੇਸ਼ ਉਪਰਾਲਾ ਕੀਤਾ। ਜਿਵੇਂ ਕਿ ਉੱਪਰ ਦਰਸਾਇਆ ਜਾ ਚੁੱਕਾ ਹੈ ਕਿ ਕੁਝ ਨਿਯਮ ਇਹਨਾਂ ਸਾਧੂਆਂ ਨੇ ਪਹਿਲਾਂ ਹੀ ਪ੍ਰਚਲਤ ਕੀਤੇ ਹੋਏ ਸਨ। ਪਰ ਉਹ ਨਿਯਮ ਐਸੇ ਸਨ ਕਿ ਉਹਨਾਂ ਵਿਚੋਂ ਕੁਝ ਨਿਯਮ

ਮਨੁੱਖਤਾ ਲਈ ਘਾਤਕ ਸਿੱਧ ਹੋਏ। ਜਿਵੇਂ ਕਿ "ਕੁੜੀ ਮਾਰ" ਰਸਮ ਬਹੁਤ ਜ਼ਿਆਦਾ ਘਾਤਕ ਸਿੱਧ ਹੋਈ ਤਾਂ ਗੁਰੂ ਨਾਨਕ ਦੇਵ ਜੀ ਨੇ ਇਸ ਨਿਯਮ ਨੂੰ ਨਿਖੇਧ ਕਰ ਦਿੱਤਾ।

ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ ਆਦਿ ਗੁਰਦੇਵ ਦੇ ਮੁੱਢਲੇ ਨਿਯਮ ਸਨ। ਇਨ੍ਹਾਂ ਨਿਯਮਾਂ ਦਾ ਪ੍ਰਚਾਰ ਹੀ ਇਨ੍ਹਾਂ ਸਾਧੂਆਂ ਨੇ ਗੁਰੂ ਜੀ ਦੀ ਅਗਵਾਈ ਵਿਚ ਅਰੰਭ ਦਿੱਤਾ। ਸੋ ਇਹ ਸੰਤਰੇਨ ਸਾਧੂ ਪ੍ਰਚਾਰਕ ਟੋਲੀ ਦੇ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਵਿਚ ਪਹਿਲੇ ਪ੍ਰਚਾਰਕਾਂ ਵਿਚ ਆ ਗਏ। ਇਸ ਤਰ੍ਹਾਂ ਹੀ ਇਹ ਸੰਤਰੇਨ ਸੰਪ੍ਰਦਾ ਦੇ ਰੂਪ ਵਿਚ ਇਹ ਸਾਧੂ ਗੁਰਬਾਣੀ ਲਿਖਣ ਦੇ ਪ੍ਰਚਾਰ ਦੀ ਸੇਵਾ ਕਰਦੇ ਰਹੇ। ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਇਹ ਸਾਧੂ ਗੁਰੂ ਅੰਗਦ ਦੇਵ ਜੀ ਦੇ ਪ੍ਰਚਾਰਕ ਬਣ ਕੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਦਾ ਕੰਮ ਕਰਦੇ ਰਹੇ। ਹੁਣ ਇਹਨਾਂ ਸਾਧੂਆਂ ਦਾ ਨਿੱਜੀ ਆਪਣਾ ਵੱਖਰਾ ਕੋਈ ਮਿਸ਼ਨ ਨਹੀਂ ਸੀ ਰਹਿ ਗਿਆ। ਨਾ ਹੀ ਕੋਈ ਕੇਂਦਰੀ ਅਸਥਾਨ ਸੀ। ਸਿਰਫ ਰਮਤੇ ਸਾਧੂਆਂ ਦੇ ਰੂਪ ਵਿਚ ਵਿਚਰਦੇ ਤੇ ਪ੍ਰਚਾਰ ਕਰਦੇ ਸਨ। ਦਵਾਈ ਬੂਟੀ ਨਾਲ ਦੀਨ, ਦੁਖੀ ਤੇ ਰੋਗੀਆਂ ਦੀ ਸੇਵਾ ਕਰਦੇ ਸਨ। ਗੁਰਬਾਣੀ ਲਿਖ ਕੇ ਗਾ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਸਨ। ਆਪਣਾ ਕੇਂਦਰ ਗੁਰੂ ਘਰ ਨੂੰ ਮੰਨਦੇ ਸਨ। ਇਹਨਾਂ ਸਾਧੂਆਂ ਦੀ ਸੰਗਤ ਵਿਚ ਰਲਕੇ ਹੀ ਭਾਈ ਗੁਰਦਾਸ ਵਰਗੇ ਬ੍ਰਹਮ ਗਿਆਨੀ ਮਹਾਂਪੁਰਖ, ਗੁਰੂ ਅਰਜਨ ਦੇਵ ਜੀ ਦੇ ਵੇਲੇ ਬਨਾਰਸ ਵਿਚ ਜਾ ਕੇ ਸੰਸਕ੍ਰਿਤ ਪੜ੍ਹਦੇ ਰਹੇ ਸਨ। ਇਹਨਾਂ ਸਾਧੂਆਂ ਨੇ ਆਪਣਾ ਮੁਖ ਮਿਸ਼ਨ "ਗੁਰੂ ਨਾਨਕ ਮਿਸ਼ਨ" ਹੀ ਰੱਖਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਅਨੰਦਪੁਰ ਸਾਹਿਬ ਵਿਚ ਰਹਿੰਦੇ ਸਨ ਤਾਂ ਉਸ ਸਮੇਂ ਇਕ ਦਿਨ ਦੀ ਘਟਨਾ ਹੈ ਕਿ ਇਕ ਸਿੱਖ ਪੁਰਾਤਨ ਪੰਜ ਬਾਣੀਆਂ ਦਾ ਪਾਠ ਉੱਚੀ ਆਵਾਜ਼ ਵਿਚ ਬੋਲ ਕੇ ਕਰ ਰਿਹਾ ਸੀ। ਪੁਰਾਤਨ ਪੰਜ ਬਾਣੀਆਂ ਇਹ ਸਨ-ਬਾਵਨ ਅਖਰੀ, ਸੁਖਮਨੀ ਸਾਹਿਬ, ਪੂਰਾ ਆਨੰਦ ਸਾਹਿਬ, ਦੱਖਣੀ ਓਅੰਕਾਰ, ਸਿੱਧ ਗੋਸਟਿ ਆਦਿ। ਜਦੋਂ ਉਹ "ਦੱਖਣੀ ਓਅੰਕਾਰ" ਦੀ ਬਾਣੀ ਦਾ ਪਾਠ ਕਰ ਰਿਹਾ ਸੀ ਤਾਂ ਤੀਜੀ ਪਉੜੀ ਵਿਚ ਪਾਠ ਆਇਆ-

ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ॥
ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ॥
ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ॥
ਕਰਤੇ ਕੀ ਮਿਤਿ ਕਰਤਾ ਜਾਣੈ, "ਕੈ" ਜਾਣੈ ਗੁਰ ਸੂਰਾ॥੩॥

(ਪੰਨਾ ੯੩੦)

ਉਸ ਗੁਰਸਿੱਖ ਨੇ ਪਾਠ ਕਰਦੇ ਸਮੇਂ, ਇਸ ਤੀਜੀ ਪਉੜੀ ਦੀ ਆਖਰੀ ਪੰਕਤੀ ਦਾ ਜਦੋਂ ਪਾਠ ਕੀਤਾ ਤਾਂ ਜਿਥੇ "ਕੈ" ਪਾਠ ਆਉਂਦਾ ਹੈ ਉਸ "ਕੈ" ਦੀ ਥਾਂ "ਕੇ"

ਪਾਠ ਕੀਤਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੂੰ ਇਸ ਸਿੱਖ ਦੀ ਆਵਾਜ਼ ਬੜੀ ਸਾਫ ਸੁਣਾਈ ਦੇ ਰਹੀ ਸੀ। ਜਦੋਂ ਗੁਰਦੇਵ ਨੇ ਇਹ ਪਾਠ ਸੁਣਿਆ ਤਾਂ ਉੱਚੀ ਆਵਾਜ਼ ਦੇ ਕੇ ਕਿਹਾ ਗੁਰਸਿੱਖਾ! ਪਾਠ ਸ਼ੁੱਧ ਕਰ। ਪਰ ਉਸ ਗੁਰਸਿੱਖ ਨੂੰ ਸਮਝ ਨਾ ਲੱਗੀ ਤਾਂ ਉਸ ਨੇ ਫਿਰ ਉਸੇ ਤਰ੍ਹਾਂ ਹੀ ਪਾਠ ਕੀਤਾ। ਗੁਰਦੇਵ ਨੇ ਫਿਰ ਕਿਹਾ ਕਿ ਪਾਠ ਦੇਖ ਕੇ, ਸ਼ੁੱਧ ਕਰ। ਉਸ ਸਿੱਖ ਨੂੰ ਫਿਰ ਸਮਝ ਨਾ ਲੱਗੀ। ਅਖੀਰ ਗੁਰਦੇਵ ਨੇ ਆਪਣੇ ਕੋਲ ਬੁਲਵਾ ਲਿਆ ਤੇ ਕੁਝ ਡਾਂਟ ਕੇ ਕਿਹਾ ਤੂੰ ਸਮਝ ਕੇ ਪਾਠ ਕਿਉਂ ਨਹੀਂ ਕਰਦਾ? ਉਸ ਸਿੱਖ ਨੇ ਕਿਹਾ, "ਗੁਰਦੇਵ! ਮੇਰੀ ਅਲਪ ਬੁੱਧ ਹੈ। ਆਪ ਜੀ ਕ੍ਰਿਪਾ ਕਰੋ, ਮੇਰੀ ਸਮਝ ਵਿਚ ਆਵੇ।" ਗੁਰਦੇਵ ਨੇ ਸਾਰੀ ਸੰਗਤ ਵਿਚ ਸੰਬੋਧਨ ਕਰਕੇ ਆਖਿਆ ਕਿ "**ਕੈ**" ਪਾਠ ਦੀ ਜਗ੍ਹਾ ਏਸ ਸਿੱਖ ਨੇ "**ਕੇ**" ਪਾਠ ਕੀਤਾ ਹੈ। ਏਸ ਦਾ ਕਾਰਨ ਇਹ ਨਹੀਂ ਕਿ ਸਿੱਖ ਨੇ ਜਾਣ ਬੁੱਝ ਕੇ ਅਸ਼ੁੱਧ ਪਾਠ ਕੀਤਾ ਹੈ। ਏਸ ਸਿੱਖ ਨੂੰ ਸਮਝ ਹੀ ਨਹੀਂ ਸੀ ਕਿ ਉਹ ਪਾਠ ਕੀ ਕਰ ਰਿਹਾ ਹੈ। ਸਮਝ ਨਾ ਹੋਣ ਕਰਕੇ ਪਾਠ ਦੇ ਅਰਥ ਦਾ ਅਨਰਥ ਹੋ ਜਾਂਦਾ ਹੈ। ਏਨੇ ਨੁਕਤੇ ਨਾਲ ਹੀ ਅਰਥ ਬਦਲ ਜਾਂਦਾ ਹੈ। ਏਸ ਪਾਠ ਦਾ ਅਰਥ ਹੈ ਕਿ-

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥

ਭਾਵ ਕਿ ਪ੍ਰਮਾਤਮਾ ਬਾਰੇ ਪ੍ਰਮਾਤਮਾ ਹੀ ਜਾਣਦਾ ਹੈ ਜਾਂ ਫਿਰ ਕੋਈ ਪੂਰਾ ਗੁਰੂ ਸੂਰਮਾ ਜਾਣਦਾ ਹੈ। ਜੇਕਰ ਇਹ ਪਾਠ ਕੀਤਾ ਜਾਵੇ ਕਿ "**ਕੇ ਜਾਣੈ ਗੁਰੁ ਸੂਰਾ॥**" ਤਾਂ ਭਾਵ ਅਰਥ ਇਹ ਹੋਇਆ ਪ੍ਰਮਾਤਮਾ ਦੇ ਬਾਰੇ ਪ੍ਰਮਾਤਮਾ ਨੂੰ ਪਤਾ ਹੈ। ਗੁਰੂ ਨੂੰ ਕੀ ਪਤਾ ਹੈ? ਭਾਵ ਕਿ ਕੁਝ ਵੀ ਪਤਾ ਨਹੀਂ ਹੈ। ਹੁਣ ਇਹ ਤਾਂ ਬੜੀ ਭਾਰੀ ਭੁੱਲ ਹੈ।

ਗੁਰਦੇਵ ਕੋਲੋਂ ਇਹ ਪ੍ਰਵਚਨ ਸੁਣ ਕੇ ਬਹੁਤ ਸਾਰੇ ਸਿੱਖਾਂ ਨੇ ਬੇਨਤੀ ਕੀਤੀ ਕਿ ਗੁਰਦੇਵ! ਸਾਰੀ ਬਾਣੀ ਦੇ ਅਰਥ ਸੁਣੇ ਸਮਝੇ ਬਿਨਾਂ, ਬਾਣੀ ਦੀ ਸ਼ੁੱਧੀ ਨਹੀਂ ਹੋ ਸਕਦੀ। ਇਹ ਤਾਂ ਇਕ ਪੰਕਤੀ ਏਸ ਸਿੱਖ ਨੇ ਅਸ਼ੁੱਧ ਪੜ੍ਹੀ ਹੈ। ਪਰ ਬਹੁਤ ਸਿੱਖ ਹਨ ਜੋ ਏਸ ਤਰ੍ਹਾਂ ਪਤਾ ਨਹੀਂ ਕਿੰਨੀ ਬਾਣੀ ਅਸ਼ੁੱਧ ਪੜ੍ਹਦੇ ਹੋਣਗੇ। ਕ੍ਰਿਪਾ ਕਰਕੇ ਸਾਰੇ ਸਿੱਖਾਂ ਨੂੰ ਸ਼ੁੱਧ ਬਾਣੀ ਪੜ੍ਹਨ ਲਈ ਗੁਰਬਾਣੀ ਦੇ ਅਰਥ ਸੁਣਾਓ। ਏਸ ਵਕਤ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ, ਜੋ, ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਤਿਆਰ ਕਰਵਾਈ ਸੀ, ਉਸ ਦੀ ਲੋੜ ਪੈ ਗਈ। ਇਹ ਬੀੜ ਉਸ ਵੇਲੇ ਧੀਰ ਮਲ ਕੋਲ, ਕਰਤਾਰਪੁਰ ਜੋ ਜਲੰਧਰ ਦੇ ਨੇੜੇ ਹੈ, ਉਥੇ ਸੀ। ਗੁਰਦੇਵ ਨੇ ਆਪਣੇ ਕੁਝ ਸਿੰਘਾਂ ਨੂੰ ਭੇਜਿਆ ਕਿ ਧੀਰਮਲ ਦੇ ਕੋਲ ਜਾਉ ਤੇ ਬੀੜ ਲੈ ਕੇ ਆਉ? ਸਿੰਘ ਗਏ ਪਰ ਧੀਰਮਲ ਨੇ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ। ਅੱਗੋਂ ਧੀਰਮਲ ਨੇ ਕਿਹਾ ਕਿ ਜੇ ਆਪਣੇ ਆਪ ਨੂੰ "ਦਸਵਾਂ ਗੁਰੂ ਨਾਨਕ" ਸਦਵਾਉਂਦੇ ਹਨ ਤਾਂ ਆਪਣੇ ਆਪ ਬੀੜ ਰਚ ਲੈਣ। ਜਦੋਂ ਦਸਮੇਸ਼ ਨੇ ਇਹ ਸੁਣਿਆ ਤਾਂ ਕਿਹਾ

ਕੋਈ ਨਹੀਂ। ਅਸੀਂ ਆਪ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਵਾ ਲਵਾਂਗੇ। ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਹੋਰ ਭੀ ਲਿਖੀਆਂ ਹੋਈਆਂ ਸਨ। ਮਾਂਗਟ ਵਾਲੇ ਭਾਈ ਬੰਨੋ ਜੀ ਨੇ ਗੁਰੂ ਅਰਜਨ ਸਾਹਿਬ ਵਾਲੀ ਬੀੜ ਦਾ ਉਤਾਰਾ ਕਰਵਾ ਲਿਆ ਹੋਇਆ ਸੀ। ਇਕ ਬੀੜ ਸੰਤਰੇਨ ਸਾਧੂਆਂ ਨੇ ਵੀ ਲਿਖੀ ਹੋਈ ਸੀ।

ਜਿਵੇਂ ਕਿ ਮੈਂ ਆਪ ਨੂੰ ਪਹਿਲਾਂ ਵੀ ਦਰਸਾ ਚੁੱਕਾ ਹਾਂ ਕਿ ਸੰਤਰੇਨ ਸਾਧੂਆਂ ਦਾ ਮੁਖ ਮਿਸ਼ਨ "**ਗੁਰੂ ਨਾਨਕ ਮਿਸ਼ਨ ਸੀ**।" ਸੰਤਰੇਨ ਤਾਂ ਕੇਵਲ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰਕ ਸਨ। ਆਦਿ ਤੋਂ ਹੀ ਗੁਰਬਾਣੀ ਨੂੰ ਸੰਭਾਲਣਾ, ਪੋਥੀਆਂ ਬਣਾ ਕੇ ਸੰਗਤਾਂ ਵਿਚ ਭੇਟ ਕਰਨੀਆਂ, ਗੁਰਬਾਣੀ ਦੀ ਵਿਆਖਿਆ ਦੁਆਰਾ ਸੰਗਤਾਂ ਨੂੰ ਉਪਦੇਸ਼ ਕਰਨਾ। ਪਰ ਸੰਤਰੇਨ ਸਾਧੂ ਭਾਵੇਂ ਪ੍ਰਚਾਰ ਤਾਂ ਗੁਰੂ ਨਾਨਕ ਦੇ ਘਰ ਦਾ ਕਰਦੇ ਸਨ ਪਰ ਆਪਣੀ ਪਛਾਣ ਲਈ ਇਹ "**ਸੰਤਰੇਨ**" ਸ਼ਬਦ ਦੀ ਵਰਤੋਂ ਕਰਦੇ ਸਨ। ਸੰਤਰੇਨ ਸਾਧੂਆਂ ਨੂੰ ਗੁਰੂ ਘਰ ਵਲੋਂ ਪ੍ਰਚਾਰ ਦੇ ਵਿਸ਼ੇਸ਼ ਅਧਿਕਾਰ ਦਿੱਤੇ ਗਏ ਸਨ। ਏਸ ਤਰ੍ਹਾਂ ਇਹ ਸਾਧੂ ਆਪਣੀ ਜਥੇਬੰਦੀ ਦੁਆਰਾ ਗੁਰਮਤਿ ਦਾ ਵੱਧ ਤੋਂ ਵੱਧ ਪ੍ਰਸਾਰ ਤੇ ਪ੍ਰਚਾਰ ਕਰਦੇ ਸਨ। ਏਸ ਹੀ ਪ੍ਰਸਾਰ ਤੇ ਪ੍ਰਚਾਰ ਦੇ ਮਿਸ਼ਨ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਬੀੜ ਤਿਆਰ ਕਰਨੀ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਾਰੀਆਂ ਸੰਗਤਾਂ ਵਿੱਚ ਹੁਕਮਨਾਮੇ ਭੇਜੇ ਕਿ ਜਿਨ੍ਹਾਂ ਜਿਨ੍ਹਾਂ ਗੁਰਸਿੱਖਾਂ, ਸਾਧੂ ਮੰਡਲੀਆਂ ਅਤੇ ਪ੍ਰਚਾਰਕ ਸਜਣਾਂ ਕੋਲ ਗੁਰੂ ਅਰਜਨ ਦੇਵ ਜੀ ਤੋਂ ਅੱਜ ਦੇ ਵੇਲੇ ਦੀਆਂ ਗੁਰਬਾਣੀ ਪੋਥੀਆਂ ਜਾਂ ਹੋਰ ਬਾਣੀ ਹੈ, ਉਹ ਸਾਰੀਆਂ ਪੋਥੀਆਂ ਸਾਡੇ ਪਾਸ ਅਨੰਦਪੁਰ ਲੈ ਕੇ ਆਉ? ਜਿਥੇ ਹੋਰ ਗੁਰਸਿੱਖਾਂ ਨੇ ਬਾਣੀ ਦੀਆਂ ਪੋਥੀਆਂ ਲਿਆਂਦੀਆਂ, ਓਥੇ ਸੰਤਰੇਨ ਸਾਧੂ ਮੰਡਲੀ ਨੂੰ ਵੀ ਹੁਕਮ ਦਾ ਪਤਾ ਲੱਗਾ ਤਾਂ ਉਹ ਵੀ ਆਪਣੇ ਕੋਲ ਸੰਭਾਲੀ ਹੋਈ ਆਦਿ ਬਾਣੀ ਦੀਆਂ ਪੋਥੀਆਂ ਲੈ ਕੇ ਅਨੰਦਪੁਰ ਪਹੁੰਚ ਗਏ। ਇਹਨਾਂ ਸੰਤਰੇਨ ਸਾਧੂਆਂ ਦੀ ਮੰਡਲੀ ਅਨੰਦਪੁਰ ਤੋਂ ਬਾਹਰ ਪਹਾੜਾਂ ਵਾਲੇ ਪਾਸੇ ਆ ਕੇ ਟਿਕ ਗਈ। ਇਹਨਾਂ ਸਾਧੂਆਂ ਦਾ ਜੰਗਾਂ, ਯੁੱਧਾਂ ਨਾਲ ਕੋਈ ਵਾਸਤਾ ਨਹੀਂ ਸੀ। ਇਹ ਕੇਵਲ ਗੁਰਮਤਿ ਦਾ ਪ੍ਰਚਾਰ ਹੀ ਕਰਦੇ ਸਨ। ਇਹਨਾਂ ਨੇ ਅਨੰਦਪੁਰ ਤੋਂ ਬਾਹਰਲੇ ਪਾਸੇ ਪਹਾੜੀਆਂ ਦੀ ਓਟ ਵਿਚ ਆਪਣੇ ਆਸਣ ਲਾ ਲਏ ਤੇ ਗੁਰਬਾਣੀ ਲਿਖਣੀ ਆਰੰਭ ਕਰ ਦਿੱਤੀ। ਗੁਰੂ ਨਾਨਕ ਦੇਵ ਦੇ ਵੇਲੇ ਤੋਂ ਪ੍ਰਚਾਰ, ਪ੍ਰਸਾਰ ਤੇ ਲਿਖਣ ਦਾ ਕੰਮ ਕਰਦੇ ਆ ਰਹੇ ਸਨ। ਏਸ ਕਰਕੇ ਲਿਖਾਈ ਬੜੀ ਸੁੰਦਰ ਸੀ। ਇਹਨਾਂ ਸਾਧੂਆਂ ਨੇ ਆਪਣੇ ਪਾਸ ਪਹਿਲੇ ਮੂਲ ਸਰੋਤਾਂ ਤੋਂ ਇਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰ ਲਈ। ਇਹਨਾਂ ਸਾਧੂਆਂ ਨੂੰ ਇਹ ਤਾਂ ਮਾਣ ਸੀ ਕਿ ਏਸ ਬੀੜ ਵਿਚ ਜਿੰਨੀ ਬਾਣੀ ਦਰਜ ਕੀਤੀ ਗਈ ਹੈ ਉਹ ਸਾਰੀ ਗੁਰਮਤਿ ਦੇ ਅਨੁਕੂਲ ਹੀ ਹੈ। ਪਰ ਫਿਰ ਵੀ ਓਨੀ ਦੇਰ ਕਿਵੇਂ ਇਹ ਪ੍ਰਮਾਣਤ ਮੰਨੀ ਜਾਵੇ, ਜਿੰਨੀ ਦੇਰ ਏਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪ ਪੜ੍ਹ ਕੇ ਦੇਖ ਨਾ ਲੈਣ। ਉਨ੍ਹਾਂ

ਦਿਨਾਂ ਵਿਚ ਧੀਰਮਲ ਨੇ ਵੀ ਇਹ ਦਾਅਵਾ ਕੀਤਾ ਹੋਇਆ ਸੀ ਕਿ ਅਸਲੀ ਗੁਰੂ ਉਹੀ ਹੋ ਸਕਦਾ ਹੈ, ਜਿਸ ਕੋਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੋਵੇ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੀ ਵਿਸ਼ੇਸ਼ ਹੁਕਮ ਕੀਤਾ ਹੋਇਆ ਸੀ ਕਿ ਜਿਸ ਕੋਲ ਜਿੰਨੀ ਵੀ ਬਾਣੀ ਹੈ, ਉਹ ਗੁਰੂ ਘਰ ਲੈ ਕੇ ਆਵੇ। ਇਹਨਾਂ ਸੰਤਰੇਨ ਸਾਧੂਆਂ ਨੇ ਜੋ ਬੀੜ ਤਿਆਰ ਕੀਤੀ ਸੀ, ਉਸ ਬਾਰੇ ਆਪਸ ਵਿਚ ਵਿਚਾਰ ਕੀਤਾ ਕਿ ਇਹ ਬੀੜ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਪੇਸ਼ ਕੀਤੀ ਜਾਵੇ। ਗੁਰਦੇਵ ਨੂੰ ਮਨਜ਼ੂਰ ਹੋਇਆ ਤਾਂ ਪ੍ਰਵਾਨ ਕਰ ਲੈਣਗੇ ਨਹੀਂ ਤਾਂ ਇਸ ਦੀ ਸੁਧਾਈ ਕਰਵਾ ਲੈਣਗੇ। ਸਾਡਾ ਕੰਮ ਤਾਂ ਲਿਖਣਾ ਤੇ ਪ੍ਰਚਾਰ ਕਰਨਾ ਹੀ ਹੈ। ਇਹਨਾਂ ਸੰਤਰੇਨ ਸਾਧੂਆਂ ਦੇ ਮੁਖੀ ਨੇ ਪੰਜ ਚਾਰ ਸੰਤ ਹੋਰ ਭੇਜੇ ਤੇ ਨਾਲੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਗੁਰੂ ਦਰਬਾਰ ਵਿਚ ਆਏ। ਅੱਗੇ ਗੁਰੂ ਗੋਬਿੰਦ ਸਿੰਘ ਜੀ, ਕਿਸੇ ਹੋਰ ਕਾਰਜ ਵਾਸਤੇ ਤਿਆਰ ਸਨ। ਏਸ ਵਾਸਤੇ ਸਮਾਂ ਨਾ ਮਿਲਿਆ। ਏਸ ਤਰ੍ਹਾਂ ਉਹ ਸੰਤਰੇਨ ਸਾਧੂ ਬੀੜ ਨੂੰ ਪ੍ਰਮਾਣਿਤ ਕਰਾਉਣ ਲਈ, ਕਈ ਵਾਰ ਦਰਬਾਰ ਵਿਚ ਆਏ। ਪਰ ਖੁਦਾ-ਨੁਖਾਸਤਾ ਗੁਰਦੇਵ ਨਾਲ ਮੇਲ ਹੀ ਨਾ ਹੋ ਸਕਿਆ। ਅਕਸਰ ਗੁਰੂ ਗੋਬਿੰਦ ਸਿੰਘ ਜੀ ਦੀ ਗੈਰ ਹਾਜ਼ਰੀ ਅਤੇ ਦੂਸਰੀ ਥਾਂ ਤੇ ਉਹਨਾਂ ਦਾ ਮੁਸਾਹਿਬ ਭਾਈ ਨੰਦ ਚੰਦ ਕੰਮ ਕਰਦਾ ਸੀ। ਇਕ ਦਿਨ ਭਾਈ ਨੰਦ ਚੰਦ ਨੇ ਉਹਨਾਂ ਸੰਤਰੇਨ ਸਾਧੂਆਂ ਨੂੰ ਕਿਹਾ ਕਿ ਤੁਸੀਂ ਮੈਨੂੰ ਦੱਸੋ ਕੀ ਕੰਮ ਹੈ? ਮੈਂ ਕਰਵਾ ਦਿਆਂਗਾ। ਉਹਨਾਂ ਆਖਿਆ ਕਿ ਇਹ ਬੀੜ ਗੁਰਦੇਵ ਦੇ ਕੋਲੋਂ ਪ੍ਰਮਾਣਿਤ ਕਰਵਾਉਣੀ ਹੈ। ***ਸੁਨ ਸਾਧ ਗ੍ਰੰਥ ਤਿਸ ਦੀਨ॥ ਦਸਖਤ ਕਰਿਵੈ ਹੈ ਚਿਤ ਚੀਨ॥*** ਜੇ ਪ੍ਰਮਾਣਿਤ ਨਾ ਹੋਈ ਤਾਂ ਸੁਧਾਈ ਕਰਵਾਉਣੀ ਹੈ। ਭਾਈ ਨੰਦ ਚੰਦ ਨੇ ਕਿਹਾ ਕਿ ਇਹ ਕੰਮ ਤਾਂ ਲੰਮਾ ਹੈ। ਸਾਰੀ ਬੀੜ ਦਾ ਪਾਠ ਕਰਕੇ ਦੇਖਣਾ ਪਵੇਗਾ। ਏਸ ਵਾਸਤੇ ਇਹ ਬੀੜ ਤੁਸੀਂ ਦੇ ਜਾਉ ਤੇ ਤੁਸੀਂ ਮਹੀਨੇ ਕੁ ਬਾਅਦ ਆਇਓ। ਉਹ ਪਾਵਨ ਬੀੜ ਜਦੋਂ ਭਾਈ ਨੰਦ ਚੰਦ ਨੇ ਪ੍ਰਕਾਸ਼ ਕਰਕੇ ਦੇਖੀ ਤਾਂ ਮੋਤੀਆਂ ਵਰਗੇ ਅੱਖਰ ਦੇਖ ਕੇ ਦੰਗ ਰਹਿ ਗਿਆ। ਬੜੇ ਸਾਫ-ਸੁਥਰੇ ਅੱਖਰ ਲਿਖੇ ਹੋਏ ਸਨ। ਸ਼ਾਇਦ ਭਾਈ ਨੰਦ ਚੰਦ ਜੀ ਦੇ ਮਨ ਵਿਚ ਇਹ ਭਰਮ ਆਇਆ ਕਿ ਇਸ ਬੀੜ ਨੂੰ ਪ੍ਰਾਪਤ ਕਰਨ ਵਾਲਾ ਕੋਈ ਵੀ ਗੁਰੂ ਹੋ ਸਕਦਾ ਹੈ ਜਾਂ ਸਦਵਾ ਸਕਦਾ ਹੈ। ਇਹ ਬੀੜ ਆਪਣੇ ਪਾਸ ਰੱਖਣੀ ਚਾਹੀਦੀ ਹੈ। ਉਹਨਾਂ ਸੰਤਰੇਨ ਸਾਧੂਆਂ ਨੂੰ ਇਹ ਆਖ ਕੇ ਭਾਈ ਨੰਦ ਚੰਦ ਨੇ ਵਾਪਸ ਭੇਜ ਦਿੱਤਾ ਕਿ ਇਸ ਬੀੜ ਦਾ ਪਾਠ ਕਰਨ ਲਈ ਗੁਰਦੇਵ ਨੂੰ ਕਾਫੀ ਸਮਾਂ ਲੱਗੇਗਾ। ਤੁਸੀਂ ਇਕ ਮਹੀਨੇ ਬਾਅਦ ਆਇਓ। ਉਹ ਸੱਤ ਮਹੀਨੇ ਬਾਅਦ ਆਏ ਤਾਂ ਵੀ ਨੰਦ ਚੰਦ ਜੀ ਨੇ ਟਾਲ ਮਟੋਲ ਕਰ ਦਿੱਤਾ। ਉਹ ਸੰਤਰੇਨ ਸਾਧੂ ਫਿਰ ਤੀਜੀ ਵਾਰ ਆਏ ਤਾਂ ਨੰਦ ਚੰਦ ਜੀ ਕਹਿਣ ਲੱਗੇ, ਮਹਾਤਮਾ ਜੀ! ਮੈਂ ਇਸ ਬੀੜ ਦੇ ਏਨੇ ਪੈਸੇ ਤੇ ਦੌਲਤ ਦੇ ਦੇਂਦਾ ਹਾਂ ਕਿ ਏਨੀ ਦੌਲਤ ਤੁਹਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਨਹੀਂ

ਦੇਣੀ। ਮੈਂ ਗੁਰੂ ਦਾ ਖਜ਼ਾਨਚੀ ਵੀ ਹਾਂ ਤੇ ਦਰਬਾਰੀ ਵੀ ਹਾਂ। ਦੱਸੋ! ਬੀੜ ਦੀ ਕਿੰਨੀ ਮਾਇਆ ਦਿੱਤੀ ਜਾਵੇ? ਉਹ ਸੰਤਰੇਨ ਸਾਧੂ ਇਹ ਸੁਣ ਕੇ ਰੱਬ-ਰੱਬ ਕਰਨ ਲੱਗੇ। ਕਹਿਣ ਲੱਗੇ, "ਦੀਵਾਨ ਜੀ! ਅਸੀਂ ਇਹ ਬੀੜ ਵੇਚਣੀ ਨਹੀਂ। ਅਸੀਂ ਤਾਂ ਗੁਰੂ ਦਸਮੇਸ਼ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।" ਭਾਈ ਨੰਦ ਚੰਦ ਨੂੰ ਜਦੋਂ ਸੰਤਰੇਨ ਸਾਧੂਆਂ ਨੇ ਕੋਰਾ ਜੁਆਬ ਦੇ ਦਿੱਤਾ ਤਾਂ ਨੰਦ ਚੰਦ ਜੀ ਖਿੱਝ ਖਾ ਗਏ। ਕਹਿਣ ਲੱਗੇ, ਉਹਨਾਂ ਸਾਧੂਆਂ ਨੂੰ ਕਿ "ਜਾਓ। ਮੈਂ ਤੁਹਾਡੇ ਕੋਲੋਂ ਕੋਈ ਬੀੜ ਨਹੀਂ ਲਈ। ਜੇ ਤੁਸੀਂ ਬੀੜ ਬਾਰੇ ਕਿਸੇ ਕੋਲ ਗੱਲ ਕੀਤੀ ਤਾਂ ਤੁਹਾਡੀ ਗਰਦਨ ਉਡਾ ਦਿਆਂਗਾ।" ਉਹ ਸੰਤਰੇਨ ਸਾਧੂ ਤਾਂ ਕੰਬਣ ਲੱਗ ਗਏ ਕਿ ਜਿਸ ਗੁਰੂ ਘਰ ਲਈ ਅਸੀਂ ਆਪਣਾ ਜੀਵਨ ਨਿਛਾਵਰ ਕਰ ਸਕਦੇ ਹਾਂ। ਉਸ ਗੁਰੂ ਘਰ ਦੇ ਸੇਵਕ ਅੱਜ ਕਿਸ ਤਰ੍ਹਾਂ ਦੀ ਬੋਲੀ ਬੋਲ ਰਹੇ ਹਨ? ***ਸਾਧ ਗਰੀਬ ਸੁਨਤਿ ਦੁਖ ਪਾਯੋ ॥ ਰਿਸੇ ਬਹੁਤ ਪਰ ਬਸ ਨ ਬਸਾਯੋ ॥"*** ਆਖਰ ਉਹ ਸੰਤਰੇਨ ਸਾਧੂ ਮਜਬੂਰ ਹੋ ਕੇ ਵਾਪਸ ਚਲੇ ਗਏ। ਭਾਈ ਨੰਦ ਚੰਦ ਜੀ ਨੇ ਸਾਰੇ ਦਰਬਾਨਚੀਆਂ ਨੂੰ ਕਹਿ ਦਿੱਤਾ ਕਿ, "ਇਹ ਸਾਧੂ ਜਦੋਂ ਵੀ ਆਉਣ। ਇਨ੍ਹਾਂ ਨੂੰ ਅੰਦਰ ਨਹੀਂ ਆਉਣ ਦੇਣਾ।" ਏਸੇ ਤਰ੍ਹਾਂ ਹੀ ਹੋਇਆ। ਉਹ ਸਾਧੂ ਆਪਣੇ ਆਸ਼ਰਮ ਵਿਚ ਜਾ ਕੇ ਟਿਕ ਗਏ। ਸਮੇਂ ਦੀ ਉਡੀਕ ਕਰਨ ਲੱਗੇ। ਅਖੀਰ ਅੰਤਰਜਾਮੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕ ਦਿਨ ਸ਼ਿਕਾਰ ਖੇਡਣ ਦੇ ਸ਼ੌਕ ਨਾਲ ਉਸੇ ਪਾਸੇ ਨਿਕਲ ਆਏ। ਜਿਸ ਥਾਂ ਤੇ ਉਹਨਾਂ ਸੰਤਰੇਨ ਸਾਧੂਆਂ ਦਾ ਆਸ਼ਰਮ ਸੀ। ***"ਇਕ ਦਿਨ ਸਾਹਿਬ ਚਢੇ ਅਖੇਰ ॥ ਕਰੀ ਪੁਕਾਰ ਹੋਇ ਤਬ ਨੇਰਿ ॥"*** ਉਹਨਾਂ ਸੰਤਰੇਨ ਸਾਧੂਆਂ ਨੇ ਗੁਰਦੇਵ ਦੇ ਘੋੜੇ ਅੱਗੇ ਖਲੋ ਕੇ ਘੋੜਾ ਰੋਕ ਲਿਆ। ਗੁਰਦੇਵ ਪੁਛਣ ਲੱਗੇ, "ਸੰਤ ਜੀ! ਕੀ ਗੱਲ ਹੈ? ਘੋੜਾ ਰੋਕ ਲਿਆ।" ਸਾਰੇ ਸੰਤਰੇਨ ਸਾਧੂ ਗਿੜਗਿੜਾ ਕੇ ਕਹਿਣ ਲੱਗੇ, "ਗੁਰਦੇਵ! ਅਸੀਂ ਆਪ ਦੇ ਹੁਕਮ ਅਨੁਸਾਰ ਗ੍ਰੰਥ ਸਾਹਿਬ ਦੀ ਪਾਵਨ ਬੀੜ ਲਿਖ ਕੇ ਤਿਆਰ ਕੀਤੀ ਸੀ। ਆਪ ਦੀ ਪ੍ਰਵਾਨਗੀ ਲੈਣ ਲਈ ਆਪ ਦੇ ਦਰਬਾਰ ਵਿਚ ਪਹੁੰਚੇ ਸਾਂ। ਭਾਈ ਨੰਦ ਚੰਦ ਜੀ ਨੇ ਉਹ ਬੀੜ ਇਹ ਕਹਿ ਕੇ ਸਾਥੋਂ ਲੈ ਲਈ ਕਿ ਮੈਂ ਗੁਰਦੇਵ ਕੋਲੋਂ ਆਪੇ ਪ੍ਰਵਾਨਗੀ ਲੈ ਦਿਆਂਗਾ। ਪਰ ਸਤਿਗੁਰੂ ਜੀ! ਹੁਣ ਉਹ ਬਿਲਕੁਲ ਹੀ ਮੁੱਕਰ ਗਿਆ ਹੈ। ਹੁਣ ਉਹ ਕਹਿੰਦਾ ਹੈ ਕਿ ਤੁਸੀਂ ਜੋ ਧਨ ਲੈਣਾ ਹੈ ਤਾਂ ਲੈ ਲਉ, ਪਰ ਬੀੜ ਨਹੀਂ ਮਿਲਣੀ। ਅਸੀਂ ਧਨ ਲੈਣ ਤੋਂ ਇਨਕਾਰੀ ਹੋਏ ਤਾਂ ਉਸ ਨੇ ਧਮਕੀ ਦਿੱਤੀ ਹੈ ਕਿ ਜੇਕਰ ਤੁਸੀਂ ਕਿਸੇ ਕੋਲ ਗੱਲ ਕੀਤੀ ਤਾਂ ਮੈਂ ਤੁਹਾਡੀ ਗਰਦਨ ਉਡਾ ਦਿਆਂਗਾ। ਹੇ ਗਰੀਬ ਨਿਵਾਜ਼ ਸਤਿਗੁਰੂ! ਜੇ ਆਪ ਦੇ ਦਰਬਾਰ ਵਿਚ ਵੀ ਗਰੀਬਾਂ ਨਾਲ ਧੱਕਾ ਹੁੰਦਾ ਹੈ ਤਾਂ ਫਿਰ ਗਰੀਬਾਂ ਵਾਸਤੇ ਕਿਹੜੀ ਥਾਂ ਬਚੇਗੀ?" ਗੁਰਦੇਵ ਨੇ ਉਹਨਾਂ ਸੰਤਰੇਨ ਸਾਧੂਆਂ ਦੀ ਅਰਦਾਸ ਸੁਣ ਕੇ ਇਕ ਸਿੰਘ ਨੂੰ ਸਾਧੂਆਂ ਦੇ ਨਾਲ ਭੇਜਿਆ ਤੇ ਆਖਿਆ "ਕਿ ਨੰਦ ਚੰਦ ਨੂੰ ਕਹੋ ਕਿ ਮਸੰਦਾਂ ਵਾਲੇ ਕੰਮ ਨਾ ਕਰੇ। ਮੈਂ

ਜੋ ਹਾਲ ਮਸੰਦਾਂ ਦਾ ਕੀਤਾ ਹੈ ਉਹੀ ਹਾਲ ਤੇਰਾ ਕਰ ਦਿਆਂਗਾ। ਤੂੰ ਭਾਵੇਂ ਮੇਰਾ ਸੈਨਾਪਤੀ ਹੈਂ। ਖਜ਼ਾਨਚੀ ਵੀ ਹੈਂ। ਪਰ ਗੁਰਮਰਿਆਦਾ ਤੋਂ ਉਲਟ ਜਾਣ ਵਾਲਾ, ਮੇਰਾ ਕੁਝ ਵੀ ਨਹੀਂ ਹੈ। ਬੰਦਾ ਬਣ ਕੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਾਪਸ ਇਨ੍ਹਾਂ ਸਾਧੂਆਂ ਨੂੰ ਦੇ ਦੇ।" ਗੁਰਦੇਵ ਦਾ ਸੁਨੇਹਾ ਸਿੰਘ ਨੇ ਭਾਈ ਨੰਦ ਚੰਦ ਨੂੰ ਦੇ ਦਿੱਤਾ।

ਤਬਿ ਗੁਰ ਇਕ ਨਰ ਸੰਗ ਪਠਾਯੋ॥ ਦੇਹੁ ਦਿਵਾਇ ਪ੍ਰਭੁ ਫੁਰਮਾਯੋ॥
ਨੰਦ ਚੰਦ ਕੇ ਨਿਕਟ ਗਏ ਹੈਂ॥ ਦੇਹੁ ਗ੍ਰੰਥ ਗੁਰ ਕਹਤ ਭਏ ਹੈਂ॥

(ਸ੍ਰੀ ਗੁਰੂ ਨਾਨਕ ਪ੍ਰਕਾਸ਼)

ਜਦੋਂ ਉਸ ਸਿੰਘ ਨੇ ਗੁਰਦੇਵ ਵਲੋਂ ਸੁਨੇਹਾ ਦਿੱਤਾ ਤਾਂ ਭਾਈ ਨੰਦ ਚੰਦ ਕਹਿਣ ਲੱਗਾ ਕਿ "ਮੈਂ ਕੋਈ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਬਾ ਕੇ ਥੋੜ੍ਹੀ ਰੱਖੀ ਹੈ। ਮੇਰੀ ਇੱਛਾ ਤਾਂ ਪਹਿਲਾਂ ਹੀ ਸੀ ਕਿ ਗੁਰਦੇਵ ਨੂੰ ਸਮਾਂ ਮਿਲਦਾ ਤਾਂ ਮੈਂ ਏਸ ਬੀੜ ਤੇ ਗੁਰਦੇਵ ਦੇ ਦਸਤਖਤ ਕਰਵਾ ਕੇ ਵਾਪਸ ਦੇ ਦਿੰਦਾ। ਪਰ ਹੁਣ ਤੁਸੀਂ ਆਏ ਹੋ ਤਾਂ ਮੈਂ ਨਾਂਹ ਨਹੀਂ ਕਰਦਾ। ਨਾਲ ਗਏ ਹੋਏ ਸਿੰਘ ਨੂੰ ਨੰਦ ਚੰਦ ਨੇ ਕਿਹਾ ਕਿ ਤੁਸੀਂ ਜਾਵੋ। ਮੈਂ ਬੀੜ ਇਨ੍ਹਾਂ ਸੰਤਰੇਨ ਸਾਧੂਆਂ ਨੂੰ ਦੇ ਦਿੰਦਾ ਹਾਂ।" ਉਹ ਸਿੰਘ ਤਾਂ ਵਾਪਸ ਆ ਗਿਆ, ਪਰ ਸੰਤਰੇਨ ਸਾਧੂਆਂ ਨੂੰ ਨੰਦ ਚੰਦ ਨੇ ਬੀੜ ਦੇਣ ਦੇ ਬਹਾਨੇ ਅੰਦਰ ਵਾੜ ਕੇ ਡੱਕ ਲਿਆ। ਅੰਦਰ ਕਰਕੇ ਭਾਈ ਨੰਦ ਚੰਦ ਨੇ ਐਸੀ ਧਮਕੀ ਦਿੱਤੀ ਕਿ ਸਾਧੂ ਡਰ ਗਏ।

ਭਲਾ ਚਹਹੁ ਪੁਰਿ ਤਿਆਗ ਸਿਧਾਰਹੁ॥ ਜੇ ਅਬਿ ਕੇ ਗੁਰ ਪਾਸ ਪੁਕਾਰਹੁ॥
ਕੈਦ ਪਰਹੁਗੇ ਛੂਟਹੁ ਨਾਹੀ॥ ਕਸ਼ਟ ਸਹਹੁ ਕਾਰਾਗ੍ਰਹਿ ਮਾਹੀ॥
ਇਤਆਦਿਕ ਕਹਿ ਤਾੜਨ ਕਰੇ॥ ਦੇਤਿ ਧਕੇਲਾ ਬਹਿਰ ਨਿਕਰੈ॥
ਗਾਰ ਨਿਕਾਰਿਤ ਬਹੁ ਤ੍ਰਿਸਕਾਰੈ॥ ਕਰਹੁ ਪੁਕਾਰ ਤਾਂ ਹੋਵਹਿ ਮਾਰੈ॥
ਦੁਖੀ ਭਏ ਬਹੁ ਛਪਿ ਛਪਿ ਰਹੇ॥ ਜਿਨ ਦੁਖ ਕਿਸਹੂੰ ਪਾਸ ਨ ਕਹੇ॥
ਬੀਤਯੋ ਮਾਸ ਗੁਰ ਭੇ ਅਸਵਾਰਾ॥ ਪਹੁੰਚੇ ਉਚੇ ਕਰਤਿ ਪੁਕਾਰਾ॥
ਨੰਦ ਚੰਦ ਕੁਛ ਤ੍ਰਾਸ ਨ ਮਾਨਯੋ॥ ਫੇਰਯੋ ਹੁਕਮ ਜੋ ਆਪ ਬਖਾਨਯੋ॥
ਕਰਤਿ ਟਾਰ-ਸੋ ਗ੍ਰੰਥ ਨ ਦੇਤ॥ ਤ੍ਰਾਸਿਤ ਹਮੇ ਸੁ ਰਾਖਨ ਹੇਤ॥

(ਪੰਨਾ ੪੧੦੨੦)

ਨੰਦ ਚੰਦ ਨੇ ਸੰਤਰੇਨ ਸਾਧੂਆਂ ਨੂੰ ਕਿਹਾ ਕਿ ਜੇ ਭਲਾ ਚਾਹੁੰਦੇ ਹੋ ਤਾਂ ਅਨੰਦਪੁਰ ਛੱਡ ਕੇ ਹੁਣੇ ਹੀ ਚਲੇ ਜਾਉ, ਨਹੀਂ ਤਾਂ ਕੈਦ ਵਿਚ ਪਾ ਦਿਆਂਗਾ। ਉਹਨਾਂ ਸਾਧੂਆਂ ਨੂੰ ਏਨਾ ਧਮਕਾਇਆ ਕਿ ਸਾਧੂਆਂ ਨੇ ਦੁਬਾਰਾ ਬੀੜ ਦਾ ਨਾਮ ਲੈਣਾ ਹੀ ਛੱਡ ਦਿੱਤਾ। ਲੁਕ ਛਿਪ ਕੇ ਦਿਨ ਕੱਟਣ ਲੱਗੇ। ਇਕ ਮਹੀਨਾ ਬੀਤਿਆ ਤਾਂ ਇਕ ਦਿਨ ਫਿਰ ਗੁਰਦੇਵ ਸ਼ਿਕਾਰ ਲਈ ਚੜ੍ਹੇ ਹੋਏ ਸੰਤਰੇਨ ਸਾਧੂਆਂ ਦੇ ਆਸ਼ਰਮ ਵੱਲ ਆ ਗਏ। ਉਨ੍ਹਾਂ ਸਾਧੂਆਂ ਨੇ ਫਿਰ ਹਾਲ ਦੁਹਾਈ ਦਿੱਤੀ ਤੇ ਕਿਹਾ, "ਸਤਿਗੁਰੂ! ਨੰਦ

ਚੰਦ ਨੇ ਤੁਹਾਡਾ ਹੁਕਮ ਨਹੀਂ ਮੰਨਿਆ। ਉਸਨੇ ਸਾਨੂੰ ਮਾਰਿਆ ਤੇ ਧਮਕਾਇਆ ਹੈ। ਹੁਣ ਤਾਂ ਸਾਡਾ ਆਨੰਦਪੁਰ ਵਿਚ ਰਹਿਣਾ ਹੀ ਮੁਸ਼ਕਿਲ ਹੈ। ਅਸੀਂ ਤਾਂ ਲੁਕ ਛਿਪ ਕੇ ਦਿਨ ਕੱਟ ਰਹੇ ਹਾਂ।" ਗੁਰਦੇਵ ਨੇ ਉਹਨਾਂ ਸਾਧੂਆਂ ਨੂੰ ਹੌਸਲਾ ਦਿੱਤਾ ਤੇ ਕਿਹਾ ਕਿ "ਤੁਸੀਂ ਫਿਕਰ ਨਾ ਕਰੋ। ਨੰਦ ਚੰਦ ਦੇ ਵੈਸੇ ਵੀ ਦਿਨ ਬੁਰੇ ਆ ਗਏ ਹਨ।" ਗੁਰਦੇਵ ਨੇ ਦੋ ਸਿੰਘਾਂ ਨੂੰ ਭੇਜਿਆ ਤੇ ਕਿਹਾ ਕਿ "ਨੰਦ ਚੰਦ ਨੂੰ ਕਹੋ ਕਿ ਗੁਰਦੇਵ ਕਹਿੰਦੇ ਹਨ ਕਿ ਹੁਣੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਕੇ ਹਾਜ਼ਰ ਹੋ, ਨਹੀਂ ਤਾਂ ਮਸੰਦਾਂ ਵਾਲਾ ਹਾਲ ਚੇਤੇ ਕਰ।" ਦੋ ਸਿੰਘ ਤੇ ਸੰਤਰੇਨ ਸਾਧੂ ਨੰਦ ਚੰਦ ਕੋਲ ਗਏ ਤੇ ਗੁਰਦੇਵ ਦਾ ਹੁਕਮ ਸੁਣਾ ਦਿੱਤਾ। ਨੰਦ ਚੰਦ ਤਾਂ ਬੜਾ ਹੰਕਾਰੀ ਹੋ ਗਿਆ ਹੋਇਆ ਸੀ। ਕਰੀਬਨ ਉਸ ਨੂੰ ਏਹ ਵੀ ਭਰਮ ਹੋ ਗਿਆ ਕਿ ਗੁਰਦੇਵ ਦਾ ਕੰਮ ਮੇਰੇ ਕਰਕੇ ਹੀ ਚਲਦਾ ਹੈ। ਜੇ ਮੈਂ ਨਾ ਹੋਵਾਂ ਤਾਂ ਕੰਮ ਹੀ ਰੁਕ ਜਾਵੇਗਾ। ਭਾਈ ਨੰਦ ਚੰਦ ਨੇ ਹੰਕਾਰ ਨਾਲ ਕਿਹਾ ਕਿ, "ਜਾਉ ਗੁਰੂ ਗੋਬਿੰਦ ਸਿੰਘ ਨੂੰ ਕਹਿ ਦਿਉ, ਕਿ ਮੈਂ ਨਹੀਂ ਉਹਨਾਂ ਨੂੰ ਗੁਰੂ ਮੰਨਦਾ। ਨਾ ਹੀ ਮੈਂ ਗ੍ਰੰਥ ਸਾਹਿਬ ਦੇਣਾ ਹੈ।"

ਗਰਬਤਿ ਬੋਲਯੋ ਗ੍ਰੰਥ ਨ ਦੈਹੋਂ।। ਗੁਰ ਬਨਾਇ ਬੇ ਸਮਰਥ ਮੈਂ ਹੋਂ।।

(ਗੁ. ਪ੍ਰ. ਸੂ. ਗ੍ਰੰਥ, ਪੰਨਾ ੫੧੦੮)

ਭਾਈ ਨੰਦ ਚੰਦ ਦਾ ਇਹ ਜੁਆਬ ਸੁਣ ਕੇ ਸਿੰਘ ਤਾਂ ਵਾਪਸ ਗੁਰਦੇਵ ਕੋਲ ਆ ਗਏ। ਪਿਛੋਂ ਨੰਦ ਚੰਦ ਘਬਰਾ ਗਿਆ ਕਿ ਹੁਣ ਗੁਰੂ ਗੋਬਿੰਦ ਸਿੰਘ ਜੀ ਨੇ ਮੈਨੂੰ ਮੁਆਫ ਨਹੀਂ ਕਰਨਾ।

ਇਹ ਕਹਿ ਸਿਖ ਗਮਨੇ ਨਿਜ ਡੇਰੇ।। ਪਾਛੇ ਉਪਜਯੋ ਤ੍ਰਾਸ ਘਨੇਰੇ।।

ਭਾਈ ਨੰਦ ਚੰਦ ਨੇ ਡਰਦਿਆਂ ਹੋਇਆਂ ਅਨੰਦਪੁਰ ਛੱਡ ਦੇਣ ਦਾ ਫੈਸਲਾ ਕਰ ਲਿਆ। ਆਪਣੇ ਘੋੜੇ ਤੇ ਕਾਠੀ ਪਾਈ ਤੇ ਆਪਣੇ ਇਕ ਦੋ ਵਿਸ਼ਵਾਸ਼ ਵਾਲੇ ਸੇਵਕਾਂ ਨੂੰ ਨਾਲ ਲੈ ਕੇ ਉਹਨਾਂ ਦੇ ਸਿਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰਖਵਾਈ, ਖਜ਼ਾਨੇ ਵਿਚੋਂ ਸੋਨਾ ਵੀ ਘੋੜਿਆਂ ਤੇ ਲੱਦ ਲਿਆ। ਗ੍ਰੰਥ ਸਾਹਿਬ ਦੀ ਬੀੜ ਘੋੜੇ ਉਪਰ ਰੱਖ ਲਈ ਤੇ ਸਤਲੁਜ ਦਰਿਆ ਤੋਂ ਬੇੜੀ ਰਾਹੀਂ ਪਾਰ ਹੋ ਗਏ। ਅਗੋਂ ਕਰਤਾਰਪੁਰ ਵੱਲ ਭੱਜ ਗਏ।

ਗਯੋ ਭਾਜ ਕਰਿ ਪੁਰਿ ਕਰਤਾਰਾ।। ਬਨ ਤੇ ਆਇ ਪ੍ਰਭੁ ਉਦਾਰਾ।।

(ਗੁ. ਪ੍ਰ. ਸੂ. ਪੰਨਾ ੫੧੦੭)

ਨੰਦ ਚੰਦ ਦੌੜ ਕੇ ਕਰਤਾਰਪੁਰ ਚਲਾ ਗਿਆ। ਕਰਤਾਰਪੁਰ ਵਿਚ ਧੀਰਮਲ ਰਹਿੰਦਾ ਸੀ। ਧੀਰਮਲ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਦੁਸ਼ਮਣ ਸਮਝਦਾ ਸੀ। ਨੰਦ ਚੰਦ ਨੇ ਆਪਣਾ ਆਦਮੀ ਧੀਰਮਲ ਕੋਲ ਭੇਜਿਆ ਤੇ ਧੀਰਮਲ ਨੂੰ ਕਹਵਾਇਆ ਕਿ ਧੀਰਮਲ ਨੂੰ ਕਹੋ, "ਕਿ ਲੱਖਾਂ ਦੀ ਗਿਣਤੀ ਵਿਚ ਸੰਗਤ ਮੇਰੇ ਨਾਲ ਜੁੜੀ ਹੈ ਤੇ

ਮੈਂ ਗੁਰੂ ਗੋਬਿੰਦ ਸਿੰਘ ਨੂੰ ਛੱਡ ਕੇ ਆ ਗਿਆ ਹਾਂ। ਜੇ ਤੁਸੀਂ ਮੈਨੂੰ ਆਪਣਾ ਮੁਸਾਹਿਬ ਬਣਾ ਲਓ, ਤਾਂ ਮੈਂ ਗ੍ਰੰਥ ਸਾਹਿਬ ਦੀ ਬੀੜ ਵੀ ਅਤੇ ਬਹੁਤ ਸੰਗਤਾਂ ਨੂੰ ਆਪ ਦੇ ਨਾਲ ਜੋੜ ਸਕਦਾ ਹਾਂ।" ਜਦੋਂ ਇਹ ਸੁਨੇਹਾ ਧੀਰਮਲ ਨੂੰ ਮਿਲਿਆ ਤਾਂ ਬਹੁਤ ਸਾਰੇ ਧੀਰਮਲ ਦੇ ਆਪਣੇ ਮਸੰਦ ਵੀ ਕੋਲ ਸੁਣਦੇ ਸਨ। ਉਨ੍ਹਾਂ ਨੇ ਇਹ ਸੁਣਕੇ ਆਪਸ ਵਿਚ ਮਸ਼ਵਰਾ ਕਰ ਲਿਆ ਕਿ ਜੇ ਨੰਦ ਚੰਦ ਏਥੇ ਆ ਗਿਆ ਤਾਂ ਉਹ ਬੜਾ ਬਲੀ ਤੇ ਯੋਧਾ ਹੈ। ਉਸ ਦੇ ਆਉਣ ਨਾਲ ਆਪਣੀ ਕੋਈ ਵੁਕਤ ਨਹੀਂ ਰਹਿ ਜਾਣੀ। ਇਸ ਕਰਕੇ ਹੁਣੇ ਕੋਈ ਉਪਰਾਲਾ ਕਰੋ ਕਿ ਨੰਦ ਚੰਦ ਧੀਰਮਲ ਕੋਲ ਨਾ ਰਹਿ ਸਕੇ। ਇਸ ਤਰ੍ਹਾਂ ਸਲਾਹ ਕਰਕੇ ਸਾਰੇ ਮਸੰਦ ਧੀਰਮਲ ਕੋਲ ਗਏ ਤੇ ਕਹਿਣ ਲੱਗੇ-

ਧੀਰਮਲ ਕੇ ਨਿਕਟ ਸਿਧਾਰੇ॥ ਅਨਿਕ ਸਿਆਨਪ ਸਹਿਤ ਉਚਾਰੇ॥
ਤੁਮ ਰਿਪੁ ਸ੍ਰੀ ਗੋਬਿੰਦ ਸਿੰਘ ਸਾਹਿਬ॥ ਤਿਨ ਕੇ ਨਿਕਟ ਇਹ ਬਡੋ ਮੁਸਾਹਿਬ॥
ਰਚਯੋ ਕਪਟ ਆਯੋ ਚਲ ਡੇਰੇ॥ ਕਰਹਿ ਬਿਨਾਸ਼ਨ ਰਹਿ ਤੁਮ ਨੇਰੇ॥
ਕੈ ਕਰਤਾਰਪੁਰਾ ਲੈ ਛੀਨ॥ ਬੈਠਹਿ ਨਿਕਟ ਭੇਟ ਲੈ ਚੀਨ॥

(ਗੁ. ਪ੍ਰ. ਸੂ. ਗ੍ਰੰਥ, ਪੰਨਾ ੫੧੦੮)

ਮਸੰਦਾਂ ਨੇ ਧੀਰਮਲ ਨੂੰ ਕਿਹਾ ਕਿ ਤੁਸੀਂ ਤਾਂ ਗੁਰੂ ਗੋਬਿੰਦ ਸਿੰਘ ਦੇ ਦੁਸ਼ਮਣ ਹੋ ਇਹ ਨੰਦ ਚੰਦ ਜਿਸ ਨੇ ਆਪਣਾ ਆਦਮੀ ਤੁਹਾਡੇ ਨਾਲ ਮਿਲਣ ਲਈ ਭੇਜਿਆ ਹੈ ਇਹ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਨਿਕਟਵਰਤੀ ਮੁਸਾਹਿਬ ਹੈ। ਹੋਏ ਨਾ ਹੋਏ ਇਹ ਤਾਂ ਤੁਹਾਨੂੰ ਮਾਰ ਦੇਣ ਜਾਂ ਤੁਹਾਡੇ ਕੋਲੋਂ ਕਰਤਾਰਪੁਰ ਖੋਹ ਲੈਣ ਦਾ ਕੋਈ ਛੜਯੰਤਰ ਗੁਰੂ ਗੋਬਿੰਦ ਸਿੰਘ ਵਲੋਂ ਰਚਿਆ ਗਿਆ ਹੈ। ਜੇ ਤੁਸੀਂ ਆਪਣਾ ਭਲਾ ਚਾਹੁੰਦੇ ਹੋ ਤਾਂ ਨੰਦ ਚੰਦ ਨੂੰ ਆਪਣੇ ਵਿਚ ਸ਼ਾਮਲ ਨਾ ਹੋਣ ਦੇਣਾ।

ਸੁਨ ਕੇ ਧੀਰਮਲ ਤਬਿ ਕਹਯੋ॥ ਕਿਮ ਇਸ ਹਤਹਿ ਬੀਰ ਬਡ ਲਹਯੋ॥

(ਗੁ. ਪ੍ਰ. ਸੂ. ਪੰਨਾ ੫੧੦੮)

ਇਹ ਗੱਲ ਹਕੀਕਤ ਹੈ ਕਿ ਭਾਈ ਨੰਦ ਚੰਦ ਬੜਾ ਹਠੀ ਯੋਧਾ ਸੀ। ਭਾਈ ਨੰਦ ਚੰਦ ਡਰੌਲੀ ਨਿਵਾਸੀ ਉਮਰ ਸ਼ਾਹ ਦਾ ਪੋਤਰਾ ਸੀ। ਉਮਰ ਸ਼ਾਹ ਡਰੌਲੀ ਦੇ ਇਲਾਕੇ ਦਾ ਮਸੰਦ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਈ ਨੰਦ ਚੰਦ ਨੂੰ ਆਪਣਾ ਦੀਵਾਨ ਅਤੇ ਸੈਨਾਪਤੀ ਥਾਪਿਆ ਹੋਇਆ ਸੀ। ਨੰਦ ਚੰਦ ਨੇ ਭੰਗਾਣੀ ਦੇ ਯੁੱਧ ਵਿਚ ਬੜੀ ਸੂਰਬੀਰਤਾ ਦਿਖਾਈ ਸੀ। ਇਸ ਸੂਰਬੀਰਤਾ ਦਾ ਜ਼ਿਕਰ ਆਪ ਗੁਰੂ ਗੋਬਿੰਦ ਸਿੰਘ ਨੇ ਬਚਿੱਤਰ ਨਾਟਕ ਵਿਚ ਕੀਤਾ ਹੈ-

ਤਹਾਂ ਨੰਦ ਚੰਦੰ ਕੀਯੋ ਕੋਪੁ ਭਾਰੋ॥ ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ॥
ਤੁਟੀ ਤੇਗ ਤ੍ਰਿਖੀ ਕਢੇ ਜੱਮਕੱਢੰ॥ ਹਠੀ ਰਾਖੀਯੰ ਲੱਜ ਬੰਸੰ ਸਨੱਢੰ॥

(ਬਚਿਤ੍ਰ ਨਾਟਕ)

ਏਨਾ ਸੂਰਬੀਰ ਯੋਧਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਿਕਟਵਰਤੀ ਹੈ। ਧੀਰਮਲ ਆਪਣੇ ਮਸੰਦਾਂ ਨੂੰ ਕਹਿਣ ਲੱਗਾ ਕਿ ਏਸ ਨੂੰ ਆਪਣੇ ਵਿਚ ਸ਼ਾਮਲ ਵੀ ਨਾ ਕਰੀਏ ਪਰ ਇਸ ਨੂੰ ਜਿਉਂਦਾ ਛਡਣਾ ਵੀ ਆਪਣੇ ਲਈ ਖਤਰਨਾਕ ਹੈ। ਧੀਰਮਲ ਦੀ ਇਸ ਵਿਚਾਰ ਨਾਲ ਸਾਰੇ ਮਸੰਦਾਂ ਨੇ ਸਲਾਹ ਕੀਤੀ ਕਿ ਭਾਈ ਨੰਦ ਚੰਦ ਨੂੰ ਸੁਨੇਹਾ ਭੇਜੋ ਤੇ ਦਰਬਾਰ ਦੇ ਅੰਦਰ ਹੀ ਗੋਲੀ ਮਾਰ ਕੇ ਮਾਰ ਦਿਉ। ਏਸ ਤਰ੍ਹਾਂ ਕੀਤਾ ਕਿ ਅਗਲੇ ਦਿਨ ਭਾਈ ਨੰਦ ਚੰਦ ਨੂੰ ਬੁਲਾਇਆ ਗਿਆ ਤੇ ਇਕ ਮਸੰਦ ਨੇ ਬੰਦੂਕ ਦੀ ਗੋਲੀ ਚਲਾ ਦਿੱਤੀ ਭਾਈ ਨੰਦ ਚੰਦ ਨੂੰ ਮੰਦਰ ਦੇ ਅੰਦਰ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ। ਬਾਅਦ ਵਿਚ ਲਾਸ਼ ਖਿੱਚ ਕੇ ਬਾਹਰ ਸੁੱਟ ਦਿੱਤੀ। ਨੰਦ ਚੰਦ ਦੇ ਜਿਹੜੇ ਸੰਗੀ ਨਾਲ ਸਨ। ਉਹਨਾਂ ਨੇ ਲਾਸ਼ ਦਾ ਸਸਕਾਰ ਕਾਲੇ ਸੰਘਿਆਂ ਲਾਗੇ ਜਾ ਕੇ ਕਰ ਦਿੱਤਾ।

ਖੈਂਚ ਪੌਰ ਤੇ ਵਹਿਰਤ ਗਿਰਾਯੋ॥ ਭਟ ਸੰਗੀ ਤਤਕਾਲ ਉਠਾਯੋ॥
ਕਾਲੈ ਸੰਘਿਆਂ ਫੂਕਯੋ ਜਾਇ॥ ਮ੍ਰਿਤਕ ਭਯੋ ਇਸ ਧਰਮ ਗਵਾਇ॥

ਜਿਹੜੀ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਬਦਲੇ, ਭਾਈ ਨੰਦ ਚੰਦ ਨੇ ਆਪਣੀ ਜਾਨ ਗਵਾਈ। ਉਹ ਬੀੜ ੧੯੮੪ ਤਕ ਤਾਂ ਭਾਈ ਕੀ ਡਰੋਲੀ ਸੀ। ਭਾਈ ਸੰਤੋਖ ਸਿੰਘ ਜੀ ਨੇ ਇਹ ਜ਼ਿਕਰ ਤਾਂ ਕੀਤਾ ਹੈ ਕਿ ਬੀੜ ਭਾਈ ਕੀ ਡਰੌਲੀ ਹੈ। ਪਰ ਇਹ ਉਥੇ ਕਿਵੇਂ ਪਹੁੰਚੀ। ਇਹ ਜ਼ਿਕਰ ਨਹੀਂ ਕੀਤਾ।

ਤਿਸੀ ਗ੍ਰੰਥ ਕਹੋ ਪਢਹਿ ਨਾ ਕੋਈ॥ ਗ੍ਰਾਮ ਡਰੋਲੀ ਥਿਰ ਹੈ ਸੋਈ॥

(ਗੁ. ਪ੍ਰ. ਸੂ. ਗ੍ਰੰਥ, ਪੰਨਾ ੫੧੦੮)

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਇਨਸਾਫ ਕਿੰਨਾ ਕਮਾਲ ਦਾ ਹੈ ਕਿ ਆਪਣੇ ਦੀਵਾਨ ਤੇ ਸੈਨਾਪਤੀ ਦਾ ਅਨਿਆਇ ਵਾਲਾ ਸਲੂਕ ਦੇਖ ਕੇ ਬਰਦਾਸ਼ਤ ਨਹੀਂ ਕੀਤਾ। ਉਸ ਦੇ ਅਪਰਾਧ ਕਰਨ ਕਰਕੇ ਉਸ ਨਾਲ ਵੀ ਉਹੀ ਸਲੂਕ ਕੀਤਾ ਜੋ ਕਿ ਦੋਸ਼ੀ ਨਾਲ ਕਰਨਾ ਚਾਹੀਦਾ ਹੈ।

ਇਹ ਸਾਰੀ ਕਥਾ ਲਿਖਣ ਦਾ ਭਾਵ ਹੈ ਕਿ ਇਹ ਸਪੱਸ਼ਟ ਹੋ ਸਕੇ ਸੰਤਰੇਨ ਸੰਸਥਾ ਦਾ ਮੁੱਢ ਕਦੀਮ ਤੋਂ ਕੀ ਕੰਮ ਕਰ ਰਿਹਾ ਹੈ? ਜਿਵੇਂ ਪੀੜ੍ਹੀ ਬਦਲੀ ਜਾਂਦੀ ਹੈ। ਇਵੇਂ ਹੀ ਸੰਸਥਾਵਾਂ ਦੇ ਪੈਰੋਕਾਰਾਂ ਵਿਚ ਅਦਲਾ ਬਦਲੀ ਤੇ ਸਮੇਂ ਅਨੁਸਾਰ ਉਤਾਰ-ਚੜ੍ਹਾ ਆਉਂਦੇ ਰਹਿੰਦੇ ਹਨ। ਸੰਤਰੇਨ ਸੰਪ੍ਰਦਾ ਦੇ ਜਿਹੜੇ ਮੁੱਢਲੇ ਨਿਯਮ ਸਨ, ਉਹ ਗੁਰਮਤਿ ਮਿਸ਼ਨ ਵਿਚ ਬਦਲੀ ਹੋ ਗਏ। ਫਿਰ ਇਹ ਸਾਰੀ ਸੰਪ੍ਰਦਾ ਦੇ ਬਾਨੀਆਂ ਨੇ ਅੰਮ੍ਰਿਤ ਛੱਕ ਕੇ ਆਪਣੇ ਨਾਮ ਸਿੰਘ ਰਖਵਾਏ। ਦੇਸ਼ ਪ੍ਰਦੇਸ਼ ਵਿਚ ਗੁਰਮਤਿ ਦੇ ਪ੍ਰਚਾਰ ਦਾ ਕੰਮ ਜਾਰੀ ਰਖਿਆ, ਜਦੋਂ ਮਿਸਲਾਂ ਦਾ ਬੋਲ ਬਾਲਾ ਸੀ। ਉਸ ਵਕਤ ਵੀ ਇਸ ਸੰਪ੍ਰਦਾ ਦੇ ਬਾਨੀ ਕਿਤੇ ਨਾ ਕਿਤੇ ਕੋਈ ਗੁਰਦੁਆਰਾ, ਧਰਮਸ਼ਾਲਾ ਆਦਿ ਦਾ ਨਿਰਮਾਣ ਕਰਦੇ ਹੀ ਰਹਿੰਦੇ ਸਨ। ਮੁਖ ਕਾਰਜ ਸੰਪ੍ਰਦਾ ਦਾ

ਇਹੀ ਸੀ ਕਿ ਗਰੀਬ ਤੇ ਯਤੀਮ ਬੱਚਿਆਂ ਨੂੰ ਪੜ੍ਹਾਉਣਾ। ਉਨ੍ਹਾਂ ਨੂੰ ਏਸ ਯੋਗ ਬਨਾਉਣਾ ਕਿ ਉਹ ਜ਼ਮਾਨੇ ਦੇ ਹਾਣੀ ਹੋ ਸਕਣ। ਅੱਜ ਵੀ ਸੰਤਰੇਨ ਸੰਸਥਾ ਵਲੋਂ ਇਹ ਕਾਰਜ ਜਾਰੀ ਹੈ। ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਰਹਿ ਕੇ ਗੁਰਮਤਿ ਪ੍ਰਚਾਰ ਕਰਨਾ। ਯਤੀਮ, ਗਰੀਬ ਤੇ ਬੇ-ਸਹਾਰਾ ਬੱਚੇ-ਬੱਚੀਆਂ ਨੂੰ ਪੜ੍ਹਾਉਣਾ, ਪਾਲਣਾ ਤੇ ਉਨ੍ਹਾਂ ਨੂੰ ਚੰਗਾ ਜੀਵਨ ਪ੍ਰਦਾਨ ਕਰਨਾ ਇਸ ਸੰਸਥਾ ਦਾ ਮੁਖ ਕਾਰਜ ਹੈ।

□□□□

ਸੰਤਰੇਨ ਗਿਆਨੀਆਂ ਦੀ ਪ੍ਰਣਾਲੀ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਸੰਤਰੇਨ ਮੰਡਲੀ ਦੇ ਮੁਖੀ ਜਿਨ੍ਹਾਂ ਦਾ ਨਾਮ ਹੀ "ਸੰਤਰੇਨ ਜੀ" ਸੀ। ਉਨ੍ਹਾਂ ਦੀ ਅਪਾਰ ਕਿਰਪਾ ਕਰਕੇ ਸਮੁੱਚੀ ਸੰਤਰੇਨ ਮੰਡਲੀ ਅਤੇ "ਸੰਤਰੇਨ ਜੀ" ਨੂੰ ਸਿੱਖ ਮੱਤ ਦੇ ਪਹਿਲੇ ਪ੍ਰਚਾਰਕਾਂ ਵਿਚ ਸਥਾਪਤ ਕੀਤਾ ਅਤੇ ਮੁੱਢਲੇ ਸਿਧਾਂਤਾਂ ਤੋਂ ਜਾਣੂ ਕਰਵਾਇਆ।

ਸਭ ਤੋਂ ਪਹਿਲੇ ਸਿੱਖ ਮੱਤ ਦੇ ਪ੍ਰਚਾਰਕਾਂ ਵਿਚੋਂ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰ ਅਤੇ ਭੋਜਨ ਵਾਸਤੇ ੨੦ ਰੁਪਿਆਂ ਦੀ ਰਕਮ ਸਹਿਯੋਗ ਵਜੋਂ ਅਰਪਣ ਕੀਤੀ-ਸੁਆਮੀ "ਸੰਤਰੇਨ ਜੀ" ਸਨ। ਜਿਨ੍ਹਾਂ ਤੋਂ ਸੰਤਰੇਨ ਸੰਪ੍ਰਦਾ ਦਾ ਮੁੱਢ ਬੱਝਾ।

1. ਸੁਆਮੀ ਸੰਤਰੇਨ ਜੀ
2. ਸੰਤਰੇਨ ਸੁਆਮੀ ਓਅੰਕਾਰ ਨਾਥ ਜੀ
3. ਸੰਤਰੇਨ ਸੁਆਮੀ ਅਕਾਲ ਨਾਥ ਜੀ
4. ਸੰਤਰੇਨ ਸੁਆਮੀ ਈਸ਼ਰ ਨਾਥ ਜੀ
5. ਸੰਤਰੇਨ ਸੁਆਮੀ ਸਿਮਰਨਰਾਇਣ ਜੀ
6. ਸੰਤਰੇਨ ਸੁਆਮੀ ਹਰੀ ਦੇਵ ਜੀ
7. ਸੰਤਰੇਨ ਸੁਆਮੀ ਕਰਤਾਰ ਨਾਥ ਜੀ
8. ਸੰਤਰੇਨ ਸੁਆਮੀ ਖੜਗ ਰਾਇ ਜੀ
9. ਸੰਤਰੇਨ ਸੁਆਮੀ ਗੋਪਾਲ ਦਾਸ ਜੀ
10. ਸੰਤਰੇਨ ਸੁਆਮੀ ਚਤਰੰਜਨ ਦਾਸ ਜੀ
11. ਸੰਤਰੇਨ ਸੁਆਮੀ ਛਤਰਮਾਣਕ ਜੀ
12. ਸੰਤਰੇਨ ਗਿਆਨੀ ਜਗਤਪਾਲ ਸਿੰਘ ਜੀ (ਉਹਨਾਂ ਸਿੰਘਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਛਕਿਆ)
13. ਸੰਤਰੇਨ ਗਿਆਨੀ ਟਹਿਲ ਸਿੰਘ
14. ਸੰਤਰੇਨ ਸੁਆਮੀ ਡੰਡਵਤ ਸਿੰਘ ਜੀ
15. ਸੰਤਰੇਨ ਗਿਆਨੀ ਢੂੰਢਾ ਸਿੰਘ ਜੀ
16. ਸੰਤਰੇਨ ਸੁਆਮੀ ਤੇਰਾ ਸਿੰਘ ਜੀ
17. ਸੰਤਰੇਨ ਗਿਆਨੀ ਥੰਮਣ ਸਿੰਘ ਜੀ
18. ਸੰਤਰੇਨ ਸੁਆਮੀ ਦੁਆਰਾ ਸਿੰਘ ਜੀ
19. ਸੰਤਰੇਨ ਗਿਆਨੀ ਧਰਤਾ ਸਿੰਘ ਜੀ
20. ਸੰਤਰੇਨ ਸੁਆਮੀ ਨਾਰਾਇਣ ਸਿੰਘ ਜੀ
21. ਸੰਤਰੇਨ ਗਿਆਨੀ ਪ੍ਰੀਤਮ ਸਿੰਘ ਜੀ
22. ਸੰਤਰੇਨ ਸੁਆਮੀ ਫਰਿਆਦ ਸਿੰਘ ਜੀ
23. ਸੰਤਰੇਨ ਗਿਆਨੀ ਹਰਿਨਾਮ ਸਿੰਘ ਜੀ
24. ਸੰਤਰੇਨ ਗਿਆਨੀ ਸੁਖਬੀਰ ਸਿੰਘ (ਵਰਤਮਾਨ ਸੰਸਥਾ ਦੇ ਮੁਖੀ)

ਮਿੱਠਾਪੁਰ ਤੋਂ ਖੁਰਲਾ ਕਿੰਗਰਾ ਲਿੰਕ ਰੋਡ, ਜਲੰਧਰ। ਫੋਨ ਨੰ: 273174

□□□□